INTERNATIONAL MAGAZINE
RNI No. 61816/95

ਅਕਤੂਬਰ 2018

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ



ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ॥

ਸੰਤ ਬਾਬਾ ਲਖਬੀਰ ਸਿੰਘ ਜੀ ਵੱਖ-ਵੱਖ ਇਲਾਕਿਆਂ ਵਿੱਚ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।




ਚਮਕੌਰ ਸਾਹਿਬ





ਰੋਪੜ





ਬਟਾਲਾ

# ਆਤਮ ਮਾਰਗ

ਸਾਲ-ਚੌਵੀਵਾਂ, ਮਹੀਨਾ - ਅਕਤੂਬਰ, 2018

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379,

Email :atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- (For outstation cheques) | |

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org } (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪਨੂੰ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ ਅਤੇ ਹਿੰਦੀ) 9417214391, 84378-12900, 9417214379,
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (CBSE) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (P.B.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ਼੍ਰੀ ਮਾਨ ਜੀ | - | 98551-32009 |
| ਸ਼੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517 |
| ਕੇਬਲ ਟੀ.ਵੀ ਨੈਟਵਰਕ | - | 94172-14385 |

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਡਾ. ਜਗਜੀਤ ਸਿੰਘ* | |
| 3. | ਬਿਨੁ ਹਰਿ ਭਜਨ ਨਾਹੀ ਛੁਟਕਾਰਾ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਬਾਬਾਣੀਆਂ ਕਹਾਣੀਆਂ | 23 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਪਿਆਰੇ ਦੀ ਤਾਂਘ<br>ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਆਤਮ ਗਿਆਨ | 32 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ | 36 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | ਗੁਰ ਨਾਨਕ ਆਗਮਨ | 41 |
| | *ਡਾ. ਭਾਈ ਵੀਰ ਸਿੰਘ* | |
| 9. | ਗਜ਼ਲਾਂ - ਭਾਈ ਨੰਦ ਲਾਲ ਜੀ | 43 |
| 10. | ਨੂਰਾਨੀ ਮਿਲਾਪ | 45 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 11. | ਗੁਰਬਾਣੀ ਅਰਥ-ਭੰਡਾਰ | 46 |
| | *ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'* | |
| 12. | ਵਾਰਾਂ - ਭਾਈ ਗੁਰਦਾਸ ਜੀ | 47 |
| 13. | ਗੁਰ ਰਾਮਦਾਸੁ ਰਾਖਹੁ ਸਰਣਾਈ | 48 |
| | *ਡਾ. ਜਗਜੀਤ ਸਿੰਘ* | |
| 14. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 53 |
| | *ਡਾ. ਸਵਾਮੀ ਰਾਮ ਜੀ* | |
| 15. | ਵਿਸ਼ੇਸ਼ ਜਾਣਕਾਰੀ :- ਅਸਥਾਨ 'ਤੇ ਪ੍ਰੋਗਰਾਮ,<br>ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,<br>ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ,<br>ਹਸਪਤਾਲ ਅਤੇ ਪੁਸਤਕ ਸੂਚੀ | 55 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

## ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥

ਆਪਣੇ ਆਪੇ ਦੀ, ਕਿਸੇ ਅਥਾਹ ਬੇਅੰਤ ਸ਼ਕਤੀ ਅੱਗੇ ਅਧੀਨਤਾ ਕਬੂਲ ਕਰਨ ਬਾਰੇ ਗੁਰਬਾਣੀ ਅੰਦਰ ਅਨੇਕਾਂ ਨਿਮਰਤਾ ਦਰਸਾਉਣ ਵਾਲੇ ਸ਼ਬਦ ਆਏ ਹਨ। ਇਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਦਾਸ, ਸੇਵਕ, ਭਗਤ, ਚੇਰੀ, ਗੋਲੇ, ਜਨ, ਹਰਿ ਜਨ, ਬਾਰਿਕ, ਪੂਤ ਇਤਿਆਦਿਕ ਸ਼ਬਦ ਵਰਤੇ ਗਏ ਹਨ – ਇਨ੍ਹਾਂ ਸਾਰਿਆਂ ਵਿਚ ਇਕੋ ਹੀ ਭਾਵਨਾ ਪ੍ਰਗਟ ਹੁੰਦੀ ਹੈ ਕਿ ਅਸੀਂ ਉਸ ਅਕਾਲ ਪੁਰਖ ਰੂਪ ਸਮਰੱਥ ਸਤਿਗੁਰੂ ਦੇ ਪਿਆਰੇ ਹਾਂ। ਉਹ ਸਾਨੂੰ ਪਿਆਰ ਕਰਦੇ ਹਨ। ਗੁਰਸਿੱਖ ਦੇ ਅੰਦਰ ਪਿਆਰ ਦੀ ਇਕ ਲਹਿਰ ਉਠਦੀ ਹੈ ਤਾਂ ਸਮਰੱਥ ਸਤਿਗੁਰੂ ਦੇ ਅੰਦਰ ਪਿਆਰ ਦੀਆਂ ਕ੍ਰੋੜਾਂ ਲਹਿਰਾਂ ਆਪ-ਮੁਹਾਰੇ ਉਤਪੰਨ ਹੋ ਜਾਂਦੀਆਂ ਹਨ–

*ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,*
*ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।*

*ਕਬਿੱਤ ਭਾਈ ਗੁਰਦਾਸ ਜੀ*

ਰੂਹਾਨੀਅਤ ਜਾਂ ਆਤਮ ਮਾਰਗ ਦੀ ਸਾਰੀ ਖੇਡ ਹੀ ਪਿਆਰ ਦੀ ਹੈ–

*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ। ਪਾ: ੧੦*

ਕਿਉਂਕਿ ਉਹ ਆਪ ਵਾਹਿਗੁਰੂ ਪਿਆਰ ਸਰੂਪ ਹੋ ਕੇ ਸ੍ਰਿਸ਼ਟੀ 'ਚ ਸੁਭਾਇਮਾਨ ਹੈ।

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

*ਜਾਪੁ ਸਾਹਿਬ*

ਹੁਣ ਜੇਕਰ ਪ੍ਰਮੇਸ਼ਰ ਅਕਾਲ ਪੁਰਖ ਪਿਆਰ ਸਰੂਪ ਹੋ ਕੇ ਸਾਰੇ ਪਸਰਿਆ ਹੋਇਆ ਹੈ ਤਾਂ ਉਸ ਨੂੰ ਪਿਆਰ ਕਰਨ ਵਾਲੇ ਵੀ ਪਿਆਰ ਦੇ ਸਾਗਰ ਹੀ ਹੁੰਦੇ ਹਨ। ਇਨ੍ਹਾਂ ਪਿਆਰ ਵਾਲੀਆਂ ਰੱਬੀ ਆਤਮਾਵਾਂ ਨੂੰ 'ਹਰਿ ਜਨ' ਸ਼ਬਦ ਨਾਲ ਬਾਣੀ ਵਿਚ ਸਤਿਕਾਰਿਆ ਤੇ ਪਿਆਰਿਆ ਗਿਆ ਹੈ। 'ਹਰਿ ਜਨ' ਪਦ ਤਕ ਪਹੁੰਚਣ ਵਾਸਤੇ ਕਈ ਪੜਾਵਾਂ ਵਿਚੋਂ ਦੀ ਲੰਘਣਾ ਪੈਂਦਾ ਹੈ। ਇਹ ਰਸਤਾ, ਇਹ ਪੜਾਵ ਬਹੁਤ ਸੁਖੈਨ ਹਨ, ਪੱਧਰੇ ਤੇ ਨਰਮ ਵੀ ਬਹੁਤ ਹਨ ਪਰ ਨਾਲੋਂ ਨਾਲ ਔਖੇ, ਉਚੇ ਨੀਵੇਂ ਤੇ ਕਰੜੇ ਵੀ ਹਨ। ਜੇਕਰ ਸਮਰੱਥ ਸਤਿਗੁਰੂ ਦੀ ਕ੍ਰਿਪਾ ਹੋ ਜੇ 'ਕਰਮ ਖੰਡ' ਵਿਚ ਪ੍ਰਵੇਸ਼ ਕਰਕੇ ਉਸ ਦੀ ਬਖਸ਼ਿਸ਼ ਦੇ ਪਾਤਰ ਬਣ ਜਾਈਏ, ਫਿਰ ਇਹ ਮਾਰਗ ਆਸਾਨ ਤੇ ਸੁਖੈਨ ਹੈ। ਪਰ ਬਿਨਾਂ ਸਮਰੱਥ ਸਤਿਗੁਰੂ ਦੀ ਬਖਸ਼ਿਸ਼ ਤੋਂ ਇਹ ਮਾਰਗ ਕਠਨ 'ਤੇ ਔਖਾ ਵੀ ਬਣ ਜਾਂਦਾ ਹੈ। ਇਸ ਆਤਮ ਮਾਰਗ ਦੀ ਪਉੜੀ ਦੇ ਵੀ ਡੰਡੇ ਹਨ, ਪੜਾਅ ਹਨ।

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥*

*ਅੰਗ- ੬੨੨*

ਪਉੜੀ ਦਰ ਪਉੜੀ ਚੜ੍ਹਨਾ ਹੈ। ਸ਼ਰਧਾ ਭਾਵਨਾ, ਪਿਆਰ ਵੈਰਾਗ ਰੂਪੀ ਕਦਮ ਪੁਟਣੇ ਹਨ। ਜਗਿਆਸੂ ਜਨ ਇਨ੍ਹਾਂ ਆਤਮ ਮਾਰਗ ਦੇ ਡੰਡਿਆਂ ਤੇ ਚੜ੍ਹਦਾ ਹੋਇਆ ਅਨੇਕਾਂ ਪੜਾਵਾਂ ਵਿਚ ਦੀ ਲੰਘਦਾ ਹੈ। ਪਵਿੱਤਰ ਗੁਰਬਾਣੀ ਅਨੁਸਾਰ ਸਭ ਤੋਂ ਪਹਿਲਾਂ ਜਗਿਆਸੂ ਆਪਣੇ ਆਪ ਵਿਚ ਨਿਮਰਤਾ ਧਾਰਨ ਕਰਦਾ ਹੋਇਆ ਕੁਝ – ਕੁਝ ਆਤਮ ਸਮਰਪਣ ਕਰਦਾ ਹੈ। ਭਾਵ ਆਪਾ ਗੁਰੂ ਦੇ ਹਵਾਲੇ ਕਰਦਾ ਹੈ। ਪਰ ਅਜੇ 'ਦਿੱਲੀ ਦੂਰ ਅਸਤ' ਦਿੱਲੀ ਦੂਰ ਹੈ। ਮੰਜ਼ਿਲ-ਏ-ਮਕਸੂਦ ਤਕ ਪਹੁੰਚਣ ਲਈ 100ਫੀ ਸਦੀ ਆਤਮ ਸਮਰਪਣ ਦੀ ਜ਼ਰੂਰਤ ਹੈ। ਇਸ ਆਤਮਿਕ ਅਵਸਥਾ ਅਤੇ ਆਤਮ ਮਾਰਗ ਨੂੰ ਇਸ ਤਰ੍ਹਾਂ ਭਗਤ ਕਬੀਰ ਜੀ ਦੇ ਫੁਰਮਾਨ ਅਨੁਸਾਰ ਗੁਰਬਾਣੀ ਵਿਚ ਰੂਪਮਾਨ ਕੀਤਾ ਹੈ –

*ਕਬੀਰ ਰੋੜਾ ਹੋਇ ਰਹੁ ਬਾਟ ਕਾ*
*ਤਜਿ ਮਨ ਕਾ ਅਭਿਮਾਨੁ॥*
*ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥*

*ਅੰਗ- ੧੩੭੨*

ਅੱਖਰੀ ਅਰਥ ਹਨ ਕਿ ਪ੍ਰਮੇਸ਼ਰ ਨੂੰ ਜੇ ਮਿਲਣਾ ਹੈ ਤਾਂ ਰੋੜੇ ਵਰਗਾ ਹੋ ਜਾ। ਹਰੇਕ ਰਾਹੀ ਦੇ ਠੇਡੇ ਸਹਾਰ ਭਾਵ ਆਪਣਾ ਅਹੰਕਾਰ ਛੱਡ ਦੇ। ਫਿਰ ਪ੍ਰਮੇਸ਼ਰ ਦਾ ਮਿਲਾਪ ਸੰਭਵ ਹੋਵੇਗਾ ਪਰ ਭਗਤ ਕਬੀਰ ਜੀ ਇਸ ਪਉੜੀ ਦੇ ਅਗਲੇ ਉਚਤਾਈ ਵਾਲੇ ਡੰਡੇ ਤੇ ਚੜ੍ਹਨ ਲਈ ਅਗਲਾ ਕਦਮ ਦਸਦੇ ਹਨ ਕਿ –

*ਕਬੀਰ ਰੋੜਾ ਹੂਆ ਤ ਕਿਆ ਭਇਆ*
*ਪੰਥੀ ਕਉ ਦੁਖੁ ਦੇਇ ॥*
*ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥*

*ਅੰਗ- ੧੩੭੨*

ਰੋੜਾ ਬਣਨ ਨਾਲ ਅਜੇ ਮੰਜ਼ਿਲ ਪ੍ਰਾਪਤ ਨਹੀਂ ਹੋਈ। ਜੇਕਰ ਰੋੜਾ ਠੇਡੇ ਸਹਾਰਦਾ ਹੈ ਤਾਂ ਦੂਜਾ ਪੱਖ ਹੈ ਕਿ ਉਹ ਰਾਹੀਆਂ ਨੂੰ ਚੁੱਭਦਾ ਵੀ ਤਾਂ ਹੈ। ਭਾਵ ਕਿਸੇ ਨੂੰ ਦੁਖ ਨਹੀਂ ਦੇਣਾ। ਭਗਤ, ਜਗਿਆਸੂ ਤਾਂ ਨਰਮ ਦਿਲ ਇੰਨਾਂ ਹੋਵੇ ਜਿਵੇਂ ਖੇਹ ਹੈ।

ਅਜੇ ਵੀ ਆਤਮਿਕ ਉਚਤਾਈ ਦਾ ਰਸਤਾ ਲਮੇਰਾ ਹੈ। ਏਥੇ ਮੰਜ਼ਿਲ-ਏ-ਮਕਸੂਦ ਨਹੀਂ ਮਿਲੀ। ਫਿਰ ਸਮਝਾਇਆ ਕਿ -

*ਕਬੀਰ ਖੇਹ ਹੂਈ ਤਉ ਕਿਆ ਭਇਆ*
*ਜਉ ਉਡਿ ਲਾਗੈ ਅੰਗ ॥*
*ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥*

*ਅੰਗ- ੧੩੭੨*

ਖੇਹ ਰੂਪ ਹੋ ਜਾਣਾ ਵੀ ਪ੍ਰਾਪਤੀ ਨਹੀਂ ਕਿਉਂਕਿ ਇਹ ਤਾਂ ਰਾਹੀਆਂ ਦੇ ਅੰਗਾਂ ਤੇ ਉਡ-ਉਡ ਕੇ ਚੰਬੜਦੀ ਹੈ। ਭਾਵ ਅਜੇ ਵੀ ਪ੍ਰਵਾਨ ਨਹੀਂ।

ਹੁਣ ਖੇਹ ਰੂਪੀ ਅਵਸਥਾ ਨੂੰ ਰੱਦ ਕਰਦੇ ਹੋਏ ਜਗਿਆਸੂ ਨੂੰ ਹੋਰ ਨਿਮਰਤਾ ਧਾਰਨ ਕਰਨ ਦੀ ਤਾਗੀਦ ਤੇ ਪ੍ਰੇਰਨਾ ਹੈ ਕਿ ਖੇਹ ਬਣਿਆਂ ਵੀ ਕਸਰ ਬਾਕੀ ਹੈ। ਇਸ ਤੋਂ ਅੱਗੇ ਵਧਿਆ ਜਾਵੇ ਭਾਵ ਪਾਣੀ ਵਰਗਾ ਹੋਣਾ ਚਾਹੀਦਾ ਹੈ ਕਿਉਂਕਿ ਪਾਣੀ ਦਾ ਗੁਣ ਹੈ ਕਿ ਉਹ ਜਿਹੋ ਜਿਹੇ ਭਾਂਡੇ ਵਿਚ ਪਾਓ ਉਹ ਹੀ ਸ਼ਕਲ ਧਾਰਨ ਕਰ ਲੈਂਦਾ ਹੈ। ਸਰਬੰਗ ਹੈ। ਜਗਿਆਸੂ ਜਨ ਵੀ ਐਸਾ ਹੀ ਹੋਵੇ। ਇਥੇ ਵੀ ਪੂਰਨਤਾ ਨਹੀਂ ਹੈ। ਭਗਤ ਦਾ ਅਧੂਰਾਪਣ ਬਾਣੀ ਦਰਸਾ ਰਹੀ ਹੈ-

*ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥*
*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥*

*ਅੰਗ- ੧੩੭੨*

ਪਾਣੀ ਵਾਂਗ ਸਭ ਨਾਲ ਮੇਲ ਰੱਖਿਆਂ ਭੀ ਅਜੇ ਪੂਰਨਤਾ ਨਸੀਬ ਨਹੀਂ ਹੁੰਦੀ, ਪਾਣੀ ਵੀ ਕਦੇ ਤੱਤਾ, ਕਦੇ ਠੰਢਾ ਹੁੰਦਾ ਹੈ। ਜਗਿਆਸੂ ਜਨ, ਭਗਤ ਜਨ ਐਸਾ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿਚ ਵਿਚਰਦਾ ਉਹ ਰੱਬ ਵਰਗਾ ਹੀ ਹੋ ਨਿਬੜੇ। ਰੱਬ ਵਰਗੀ ਪੂਰਨਤਾ ਹੋ ਜਾਵੇ। ਰੋੜਾ, ਖੇਹ, ਪਾਣੀ ਇਤਿਆਦਿ ਪ੍ਰਮਾਣ ਦੇ ਕੇ ਸਾਨੂੰ ਸਮਝਾਉਣਾ ਕੀਤਾ ਹੈ ਕਿ ਠੀਕ ਹੈ, ਸਦਗੁਣ ਚਾਹੀਦੇ ਹਨ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ - ੪*

ਭਾਵੇਂ ਇਹ ਨਿਮਰ ਗੁਣ ਉਸ ਦੇ ਮਿਲਾਪ ਵਿਚ ਸਹਾਈ ਤਾਂ ਹਨ ਪਰ ਇਹ ਮੰਜ਼ਲ ਨਹੀਂ। ਇਹ ਪੜਾਅ ਤਾਂ ਹੋ ਸਕਦੇ ਹਨ, ਪ੍ਰਾਪਤੀ ਨਹੀਂ। ਸੋ ਅਖੀਰ ਵਿਚ ਦੁਨਿਆਵੀ ਚੀਜ਼ਾਂ ਦੀ ਤੁਲਨਾ ਵਿਚ ਪ੍ਰਾਪਤੀ ਸਮਝ ਲੈਣੀ ਪੂਰਨਤਾ ਨਹੀਂ। ਪੂਰਨਤਾ ਲਈ ਤਾਂ ਉਸ ਪ੍ਰਮੇਸ਼ਰ ਵਰਗਾ ਹੀ ਹੋਣਾ ਲੋੜੀਂਦਾ ਹੈ -

*ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥*

*ਅੰਗ- ੧੩੭੨*

ਜੋ ਕਰਤੱਬ/ਕਾਰਜ ਪ੍ਰਮੇਸ਼ਰ ਦੇ ਹਨ ਉਹੀ ਉਸ ਹਰਿ ਜਨ ਦੇ ਹੋਣਗੇ। ਦਿਆਲੂ, ਕ੍ਰਿਪਾਲੂ, ਪਰਉਪਕਾਰੀ, ਬਖਸ਼ਿੰਦ ਇਤਿਆਦਿਕ ਸੁਭਾਅ ਦੇ ਗੁਣ ਪ੍ਰਮੇਸ਼ਰ ਵਿਚ ਹਨ। ਉਹੀ ਉਸ ਹਰਿ ਜਨ ਵਿਚ ਸਹਿਜ ਸੁਭਾਅ ਪ੍ਰਗਟ ਹੋ ਜਾਂਦੇ ਹਨ। ਅਸਲ ਵਿਚ ਉਹ ਜਨ ਮੂਲਮੰਤ੍ਰ ਵਿਚ ਪ੍ਰਗਟੇ ਅਕਾਲ ਪੁਰਖ ਦੇ ਸਰੂਪ ਦੇ ਗੁਣਾਂ ਦੇ ਧਾਰਨੀ ਹੋ ਜਾਂਦੇ ਹਨ। ਮੂਲਮੰਤ੍ਰ ਨੂੰ ਜਪ ਕੇ, ਉਸ ਨਾਲ ਜੁੜ ਕੇ ਉਹ ਆਪ ਵੀ ਨਿਰਭਉ, ਨਿਰਵੈਰੀ ਗੁਣਾਂ ਦੇ ਮਾਲਕ ਹੋ ਜਾਂਦੇ ਹਨ। ਸਮੁੱਚਾ ਸਿੱਖ ਇਤਿਹਾਸ ਇਸ ਅਵਸਥਾ ਦੀ ਤਰਜਮਾਨੀ ਕਰਦਾ ਹੈ। ਵਿਹਾਰਿਕ ਰੂਪ ਵਿਚ ਪੁਸ਼ਟੀ ਕਰਦਾ ਹੈ। ਸਿੱਖ ਇਤਿਹਾਸ ਅੰਦਰ, ਗੁਰਸਿੱਖਾਂ ਨੇ ਐਸੀ ਹੀ ਰੂਹਾਨੀ ਆਤਮਿਕ ਅਵਸਥਾ ਨੂੰ ਭੁੰਚਿਆ ਹੈ। ਆਪਣੇ ਪਿੰਡੇ ਤੇ ਹੰਢਾਇਆ ਹੈ। ਸਿਧਾਂਤ ਨੂੰ ਵਿਹਾਰਿਕ ਰੂਪ ਵਿਚ ਪ੍ਰਗਟਾਇਆ ਹੈ। ਗੁਰਮਤਿ ਮਾਰਗ ਹੀ ਇਹੀ ਆਤਮ ਮਾਰਗ ਹੈ। ਇਸ ਆਤਮ ਮਾਰਗ ਤੇ ਚੱਲਣ ਵਾਲਿਆਂ ਨੂੰ ਆਤਮ ਦਰਸ਼ੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਸਮੁੱਚੇ ਜੀਵਨ ਵਿਚੋਂ ਵੀ 'ਹਰਿ ਜਨ' ਅਵਸਥਾ ਦੀਆਂ ਸੁਗੰਧੀਆਂ ਚੌਗਿਰਦੇ ਨੂੰ ਸੁਗੰਧਿਤ ਕਰਦੀਆਂ ਰਹਿੰਦੀਆਂ ਹਨ। ਸੁਗੰਧੀਆਂ ਭਰਿਆ ਜੀਵਨ ਆਉਣ ਵਾਲੀਆਂ ਪੀੜੀਆਂ ਲਈ ਚਾਨਣ ਮੁਨਾਰਾ ਰਹਿੰਦਾ ਹੈ। ਇਸ ਤਰ੍ਹਾਂ ਦਾ ਜੀਵਨ ਸੀ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ ਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਜੀਆਂ ਦਾ। ਉਨ੍ਹਾਂ ਦਾ ਸਮੁੱਚਾ ਜੀਵਨ ਬਚਪਨ ਤੋਂ ਲੈ ਕੇ ਸਰੀਰ ਦੇ ਆਖਰੀ ਸਵਾਸ ਤੱਕ ਪ੍ਰੇਰਨਾਦਾਇਕ ਰਿਹਾ ਹੈ। ਅੱਜ ਵੀ ਉਨ੍ਹਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਜੀਵਨ ਵਿਚੋਂ ਉਤਸ਼ਾਹ, ਪਿਆਰ, ਵੈਰਾਗ ਆਪਣੇ ਆਪ ਸਾਨੂੰ ਵੀ ਉਸੇ ਮੰਜ਼ਿਲ ਵੱਲ ਵੱਧਣ ਲਈ ਖਿਚਦਾ ਹੈ। ਇਹੀ ਖਿੱਚ ਰੱਬੀ ਪਿਆਰ ਵਾਲੀਆਂ ਆਤਮਾਵਾਂ ਦੀ ਸਾਡੀ ਆਤਮਿਕ ਉੱਨਤੀ ਦਾ ਸਹਾਰਾ ਹੈ। ਉਨ੍ਹਾਂ ਦੀ ਯਾਦ ਤੇ ਪਿਆਰ ਭਰੀ ਖਿੱਚ ਵਿਚ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੇ 4 ਰੋਜ਼ਾ ਗੁਰਮਤਿ ਰੂਹਾਨੀ ਸਮਾਗਮ ਹੋ ਰਹੇ ਹਨ। ਇਕ ਮੀਟਿੰਗ ਪ੍ਰਬੰਧਾਂ ਦੀ ਹੋ ਚੁੱਕੀ ਹੈ। ਪਿਆਰ ਵਾਲੇ ਜਗਿਆਸੂ ਜਨ ਸੇਵਾ ਸਿਮਰਨ ਦੇ ਇਸ 4 ਰੋਜ਼ਾ ਕੁੰਭ ਵਿਚ ਟੁੱਭੀਆਂ ਲਾਉਣ ਲਈ ਉਤਾਵਲੇ ਹੋ ਕੇ ਦੇਸ਼ ਵਿਦੇਸ਼ ਤੋਂ ਸ਼ਿਰਕਤ ਕਰ ਰਹੇ ਹਨ। ਗੁਰੂ ਪਿਆਰ ਵਾਲੀਆਂ ਸੰਗਤਾਂ ਦੇ ਆਉਣ ਦੀ ਅਗਾਂਹ ਸੂਚਨਾ ਸਾਡੇ ਲਈ ਮਦਦਗਾਰ ਹੋਵੇਗੀ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਟਰੱਸਟ ਰਤਵਾੜਾ ਸਾਹਿਬ ਵਲੋਂ ਆਪ ਜੀ ਸਭ ਨੂੰ ਪਹੁੰਚਣ ਲਈ ਹਾਰਦਿਕ ਬੇਨਤੀ ਹੈ। ਇਸ ਮਹਾਨ ਗੁਰਮਤਿ ਸਮਾਗਮ ਸਬੰਧੀ ਸਾਰੇ ਪ੍ਰਬੰਧਾਂ ਦੀਆਂ ਤਿਆਰੀਆਂ ਦਿਨ ਰਾਤ ਚਲ ਰਹੀਆਂ ਹਨ। ਹਰ ਪ੍ਰਬੰਧ ਦਾ ਜਾਇਜ਼ਾ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸਹਿਯੋਗੀ ਮੈਂਬਰਾਂ ਨਾਲ ਖੁਦ ਜਾ ਕੇ ਕਰ ਰਹੇ ਹਨ ਤਾਂਕਿ ਗੁਰੂ ਪਿਆਰ ਵਿਚ ਆਉਣ ਵਾਲੀਆਂ ਸੰਗਤਾਂ ਨੂੰ ਕੋਈ ਮੁਸ਼ਕਿਲ ਨਾ ਆਵੇ। ਸਨਿੰਮਰ ਬੇਨਤੀ ਹੈ -

ਆਇ ਦੀਦਾਰੇ ਬਖਸ਼ੋ ਜੀ।

# ਕਤਿਕ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥

(ਕੱਤਕ ਮਹੀਨੇ ਦੀ ਸੰਗਰਾਂਦ 17 ਅਕਤੂਬਰ, 2018) ਦਿਨ ਬੁੱਧਵਾਰ

*ਡਾ. ਜਗਜੀਤ ਸਿੰਘ*

*ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪*

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*

*ਅੰਗ - ੧੩੫*

ਪਦ ਅਰਥ - ਕਤਿਕਿ=ਕੱਤਕ ਮਹੀਨੇ ਦੀ (ਠੰਢੀ ਬਹਾਰ ਰੁੱਤ) ਰੁੱਤ; ਕਾਹੂ ਜੋਗੁ=ਕਿਸੇ ਦੂਜੇ ਦੇ ਜ਼ਿਮੇ, ਕਿਸੇ ਦੂਜੇ ਦੇ ਮੱਥੇ; ਵਿਆਪਨਿ=ਜ਼ੋਰ ਪਾ ਲੈਂਦੇ ਹਨ; ਰਾਮ ਤੇ=ਰੱਬ ਤੋਂ; ਲਗਨਿ ਜਨਮ ਵਿਜੋਗ=ਜਨਮਾਂ ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ; ਮਾਇਆ ਭੋਗ=ਮਾਇਆ ਦੀਆਂ ਮੌਜਾਂ, ਇੰਦ੍ਰੀਆਂ ਦੇ ਭੋਗ, ਐਸ਼ੋਇਸ਼ਰਤ; ਵਿਚੁ ਨ ਕੋਈ ਕਰਿ ਸਕੈ=ਕੋਈ ਵਿਚੋਲਾ ਨਹੀਂ ਬਣ ਸਕਦਾ, ਕੋਈ ਵਿਚ ਨਹੀਂ ਪੈ ਸਕਦਾ, ਸਹਾਇਤਾ ਨਹੀਂ ਕਰ ਸਕਦਾ; ਕਿਸ ਥੈ=ਕਿਸ ਕੋਲ; ਰੋਵਹਿ ਰੋਜ=ਰੋਜ਼ ਰੋਜ਼ ਕਿਸ ਕੋਲ ਜਾ ਕੇ ਰੋਈਏ, ਫਰਿਆਦ ਕਰੀਏ; ਕੀਤਾ=ਆਪਣਾ ਕੀਤਾ; ਧੁਰਿ=ਧੁਰ ਤੋਂ, ਪ੍ਰਮਾਤਮਾ ਦੀ ਹਜ਼ੂਰੀ ਤੋਂ; ਬਿਓਗ=ਵਿਯੋਗ, ਵਿਛੋੜੇ ਦੇ ਦੁੱਖ; ਬੰਦੀ ਮੋਚ=ਹੇ ਬੰਧਨ ਕੱਟਣ ਵਾਲੇ, ਬੰਧਨਾਂ ਤੋਂ ਮੁਕਤ ਕਰਨ ਵਾਲੇ; ਬਿਨਸਹਿ=ਬਿਨਸ ਜਾਂਦੇ ਹਨ, ਨਾਸ ਹੋ ਜਾਂਦੇ ਹਨ; ਸੋਚ=ਚਿੰਤਾ, ਫਿਕਰ।

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*

ਸਰਲ ਅਰਥ : ਕੱਤਕ ਮਹੀਨੇ (ਦੀ ਸੁਹਾਵਣੀ ਰੁੱਤ) ਵਿਚ ਭੀ ਜੇ ਪ੍ਰਭੂ ਪਤੀ ਤੋਂ ਵਿਛੋੜਾ ਬਣਿਆ ਅਤੇ ਨਤੀਜੇ ਵਜੋਂ ਜੀਵਨ ਵਿਚ ਦੁਖ ਜਾਂ ਸੰਕਟ ਆਉਂਦੇ ਰਹੇ, ਤਾਂ ਐਸਾ ਆਪਣੇ ਪੂਰਬਲੇ ਕਰਮਾਂ ਦੇ ਫਲ ਵਜੋਂ ਹੁੰਦਾ ਹੈ, ਇਸ ਦਾ ਦੋਸ਼ ਕਿਸੇ ਦੂਸਰੇ ਨੂੰ ਨਹੀਂ ਦਿਤਾ ਜਾ ਸਕਦਾ। ਇਹ ਅਟੱਲ ਸਚਾਈ ਹੈ ਕਿ ਪਰਮੇਸ਼ਰ ਨੂੰ ਵਿਸਰ ਜਾਣ, ਭੁੱਲ ਜਾਣ ਨਾਲ ਮਨੁੱਖ ਨੂੰ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਰੋਗ ਆ ਘੇਰਦੇ ਹਨ।

ਵਿਆਖਿਆ - ਸੰਸਾਰ ਦੀ ਖੇਡ ਕਰਮਾਂ ਅਤੇ ਪ੍ਰਤੀਕਰਮਾਂ ਦੀ ਖੇਡ ਹੈ। ਮਨੁੱਖ ਜੋ ਬੀਜਦਾ ਹੈ, ਓਹੀ ਵੱਢਦਾ ਹੈ। ਅਸੀਂ ਆਪਣੇ ਕੀਤੇ ਕਰਮਾਂ ਦਾ ਫਲ ਭੋਗਦੇ ਹਾਂ। ਇਹ ਦੈਵੀ ਕਾਨੂੰਨ ਹੈ, ਰੱਬੀ ਹੁਕਮ ਹੈ। ਜੇ ਕਿਸਾਨ ਕਿੱਕਰ ਬੀਜ ਕੇ ਅੰਗੂਰਾਂ ਦੀ ਆਸ ਰੱਖੇ ਜਾਂ ਕੱਤਣ ਲਈ ਹੱਥ ਵਿਚ ਉੱਨ ਚੁੱਕੀ ਫਿਰੇ ਤੇ ਆਸ ਰੇਸ਼ਮ ਪਹਿਨਣ ਦੀ ਰੱਖੇ ਤਾਂ ਇਹ ਉਸ ਦੀ ਮੂਰਖਤਾ ਹੀ ਹੋਵੇਗੀ -

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ - ੧੩੭੯*

ਕਰਮ ਸਾਡੇ ਪੈਰਾਂ ਦੀਆਂ ਜੰਜੀਰਾਂ ਹਨ। ਕਰਮਾਂ ਦਾ ਫਲ ਭੋਗਣ ਲਈ ਮਨੁੱਖ ਨੂੰ ਬਾਰ-ਬਾਰ ਜਨਮ ਲੈਣਾ ਪੈਂਦਾ ਹੈ, ਬਾਰ-ਬਾਰ ਮਰਨਾ ਪੈਂਦਾ ਹੈ, ਚੌਰਾਸੀ ਲੱਖ ਜੂਨਾਂ ਦਾ ਚੱਕਰ ਮੁੱਕਣ ਵਿਚ ਨਹੀਂ ਆਉਂਦਾ। ਕਈ ਵਾਰੀ ਬਾਪ, ਕਈ ਵਾਰ ਬੇਟਾ, ਕਈ ਜਨਮ ਗੁਰੂ, ਕਈ ਜਨਮ ਚੇਲੇ ਅਨੇਕ ਜਨਮਾਂ ਦੀ ਗਿਣਤੀ ਦੱਸੀ ਨਹੀਂ ਜਾ ਸਕਦੀ।

*੧. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥*
*ਜੀਵਿ ਜੀਵਿ ਮੁਏ ਮੁਏ ਜੀਵੇ ॥*
*ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥*
*ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ॥*

*ਅੰਗ - ੧੨੩੮*

*੨. ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥*
*ਬਹੁਤੁ ਸਜਾਇ ਪਇਆ ਦੇਸਿ ਲੰਮੈ ॥*
*ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ॥*

*ਅੰਗ - ੧੦੨੦*

ਇਸ ਲਈ ਇਸ ਜਨਮ ਵਿਚ ਮਿਲੇ ਸੁੱਖਾਂ ਦੁਖਾਂ ਲਈ ਦੂਜਿਆਂ ਨੂੰ ਜ਼ਿੰਮੇਵਾਰ ਜਾਂ ਦੋਸ਼ੀ ਠਹਿਰਾਉਣਾ ਉਚਿਤ ਨਹੀਂ ਹੈ। ਦੋਸ਼ ਦੇਣਾ ਹੈ ਤਾਂ ਆਪਣੇ ਕਰਮਾਂ ਨੂੰ ਦਿਉ, ਆਪਣੇ ਆਪ ਨੂੰ ਦਿਉ ਕਿਉਂਕਿ ਜੋ ਅਸੀਂ ਕਰਮ ਕਰਦੇ ਹਾਂ, ਉਸ ਦਾ ਹੀ ਫਲ ਭੋਗਦੇ ਹਾਂ -

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*

*ਅੰਗ - ੪੩੩*

ਬਾਣੀ ਜਪੁ ਜੀ ਵਿਚ ਗੁਰੂ ਨਾਨਕ ਦੇਵ ਜੀ ਸਪਸ਼ਟ

ਸ਼ਬਦਾਂ ਵਿਚ ਦਸਦੇ ਹਨ ਕਿ ਚੰਗੇ ਤੇ ਮਾੜੇ ਕਰਮ, ਪੁੰਨ ਤੇ ਪਾਪ, ਇਹ ਕੇਵਲ ਕਹਿਣ ਮਾਤਰ ਹੀ ਨਹੀਂ, ਇਹ ਨਿਰੀਆਂ ਗੱਲਾਂ ਨਾ ਸਮਝੋ, ਮਨੁੱਖ ਜੋ-ਜੋ ਕਰਮ ਕਰਦਾ ਹੈ, ਅੰਤਸ਼ਕਰਣ ਵਿਚ ਉਨ੍ਹਾਂ ਦੀ ਛਾਪ ਲਗਦੀ ਜਾਂਦੀ ਹੈ, ਸਭ ਕੁਝ ਅੰਦਰ ਉਕਰਿਆ ਜਾ ਰਿਹਾ ਹੈ ਅਤੇ ਜ਼ਿੰਦਗੀ ਦਾ ਅਜਿਹਾ ਪੂਰਾ ਰੀਕਾਰਡ ਮਰਨ ਉਪਰੰਤ ਮਨੁੱਖ ਦੀ ਜੀਵ ਆਤਮਾ ਦੇ ਨਾਲ ਜਾਂਦਾ ਹੈ। ਇਸ ਲੇਖੇ ਜੋਖੇ ਅਨੁਸਾਰ ਹੀ ਨਵਾਂ ਜੀਵਨ ਪ੍ਰਾਪਤ ਹੁੰਦਾ ਹੈ ਅਤੇ ਕਰਮਾਂ ਦੀ ਪਿਛਲੀ ਮੂਹੜੀ ਸਮੇਤ ਕੀਤੇ ਨਵੇਂ ਕਰਮ ਮਨੁੱਖ ਦੀ ਤਕਦੀਰ ਬਣਦੇ ਹਨ -

*ਪੁੰਨੀ ਪਾਪੀ ਆਖਣੁ ਨਾਹਿ ॥*
*ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥*
*ਆਪੇ ਬੀਜਿ ਆਪੇ ਹੀ ਖਾਹੁ ॥*
*ਨਾਨਕ ਹੁਕਮੀ ਆਵਹੁ ਜਾਹੁ ॥* *ਅੰਗ - ੪*

ਗੁਰੂ ਅਰਜਨ ਦੇਵ ਜੀ ਇਸ ਦੈਵੀ ਹੁਕਮ ਦੀ ਪ੍ਰੋੜਤਾ ਵਿਚ ਫੁਰਮਾਨ ਕਰਦੇ ਹਨ ਕਿ ਸਾਰਾ ਸੰਸਾਰ ਮਾੜੇ ਤੇ ਚੰਗੇ (ਦੁਕ੍ਰਿਤ ਸੁਕ੍ਰਿਤ) ਕਰਮਾਂ ਦੀ ਖੇਡ ਵਿਚ ਲਭਾਇਮਾਨ ਹੈ। ਰੱਬ ਨਾਲ ਜੁੜਿਆ ਕੋਈ ਵਿਰਲਾ ਭਗਤ ਜਨ ਹੀ ਇਸ ਖੇਡ ਤੋਂ ਨਿਰਲੇਪ ਹੋ ਕੇ ਵਿਚਰਦਾ ਹੈ -

*ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥*
*ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥*
*ਅੰਗ - ੫੧*

ਜਪੁਜੀ ਸਾਹਿਬ ਦੀ ਪਉੜੀ 24 ਵਿਚ 'ਧਰਮ ਖੰਡ' ਦਾ ਬਖਾਨ ਕਰਦਿਆਂ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਕੁੱਲ ਬ੍ਰਹਿਮੰਡੀ ਰਚਨਾ ਵਿਚ ਇਹ ਧਰਤੀ ਪੁੰਨ ਕਮਾਉਣ ਲਈ 'ਧਰਮਸਾਲ' ਵਜੋਂ ਸਥਾਪਤ ਕੀਤੀ ਗਈ ਹੈ ਜਿਸ ਵਿਚ ਅਨੇਕ ਪ੍ਰਕਾਰ ਦੇ ਜੀਵ ਚੰਗੇ-ਮਾੜੇ ਕਰਮਾਂ ਰਾਹੀਂ ਕਿਰਿਆਸ਼ੀਲ ਹੋ ਰਹੇ ਹਨ। ਪ੍ਰਭੂ ਦੇ ਸੱਚੇ ਦਰਬਾਰ ਵਿਚ ਉਨ੍ਹਾਂ ਦੇ ਸੱਚੇ ਤੇ ਕੱਚੇ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ -

*ਰਾਤੀ ਰੁਤੀ ਥਿਤੀ ਵਾਰ ॥*
*ਪਵਣ ਪਾਣੀ ਅਗਨੀ ਪਾਤਾਲ ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥*
*ਤਿਨ ਕੇ ਨਾਮ ਅਨੇਕ ਅਨੰਤ ॥*
*ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥*
*ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥*
*ਨਾਨਕ ਗਇਆ ਜਾਪੈ ਜਾਇ ॥* *ਅੰਗ - ੭*

ਮਨੁੱਖ ਕਰਮਾਂ ਦੇ ਚੱਕਰ ਵਿਚ ਕਿਵੇਂ ਪੈਂਦਾ ਹੈ ਅਤੇ ਇਸ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ? ਇਹ ਬੜਾ ਗੰਭੀਰ ਪ੍ਰਸਨ ਹੈ ਜਿਸ ਦਾ ਸਮਾਧਾਨ ਗੁਰਬਾਣੀ ਵਿਚ ਪ੍ਰਾਪਤ ਹੈ। ਇਸ ਦਾ ਜ਼ਿਕਰ 'ਕੱਤਕ' ਮਹੀਨੇ ਦੇ ਪਹਿਲੇ ਵਾਕ ਵਿਚ ਪ੍ਰਾਪਤ ਹੈ - 'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥' ਸਾਰੇ ਰੋਗਾਂ, ਦੁੱਖਾਂ ਦਾ ਕਾਰਨ ਪ੍ਰਮੇਸ਼ਵਰ ਨੂੰ ਭੁੱਲ ਜਾਣਾ ਹੈ ਅਤੇ ਸਾਰੇ ਦੁੱਖਾਂ, ਰੋਗਾਂ ਦਾ ਇਲਾਜ ਉਸ ਦੀ ਯਾਦ ਨੂੰ ਹਿਰਦੇ ਵਿਚ ਵਸਾ ਲੈਣਾ ਹੈ। ਪ੍ਰਭੂ ਨੂੰ ਵਿਸਾਰ ਕੇ ਮਨੁੱਖ 'ਹਉਮੈ' ਮੈਂ, ਮੇਰੀ ਦਾ ਸੰਸਾਰ ਉਸਾਰ ਲੈਂਦਾ ਹੈ। ਹਉਮੈ=ਹਉਂ+ਮੈਂ, ਮੇਰਾ ਘਰ ਬਾਰ, ਮੇਰੀ ਪਦਵੀ, ਮੇਰੀ ਜਾਇਦਾਦ, ਮੇਰੇ ਸਾਕ ਸੰਬੰਧੀ, ਮੇਰੇ ਸੱਜਣ ਦੁਸ਼ਮਣ, ਸਾਰਾ ਲੈਣ ਦੇਣ, ਲੜਾਈ ਝਗੜੇ, ਸਾਰਾ ਜੀਵਨ ਚੰਗੇ ਮਾੜੇ ਕਰਮਾਂ ਵਿਚ, ਦੁਖਾਂ ਸੁਖਾਂ ਵਿਚ ਬੀਤ ਜਾਂਦਾ ਹੈ ਤੇ ਇਕ ਲੰਮਾ ਜਨਮ ਮਰਣ ਦਾ ਗੇੜ ਸ਼ੁਰੂ ਹੋ ਜਾਂਦਾ ਹੈ। ਗੁਰਵਾਕ ਹੈ-

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥* *ਅੰਗ - ੨੬੭*

ਹਉਮੈ ਵਿਚ ਕਿਰਿਆਸ਼ੀਲ ਮਨੁੱਖ ਅਨੇਕ ਜੂਨਾਂ ਵਿਚ ਭਟਕਦਾ ਰਹਿੰਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਮਹਾਂਪੁਰਸ਼ ਇਨ੍ਹਾਂ ਕਰਮਾਂ ਦੀਆਂ ਤਿੰਨ ਕਿਸਮਾਂ ਦਸਦੇ ਹਨ - ਸੰਚਿਤ ਕਰਮ, ਪਰਾਲਬਧ ਕਰਮ ਅਤੇ ਕ੍ਰਿਆਮਾਨ ਕਰਮ। 'ਪਰਮੇਸਰ ਤੇ ਭੁਲਿਆ' ਹੋਇਆਂ ਅਤੇ ਅਗਿਆਨਤਾ ਵਿਚ ਭਟਕਦੇ ਜੀਵਾਂ ਦੇ ਸਾਰੇ ਕਰਮਾਂ ਦੇ ਬੀਜ ਅੰਤਸ਼ਕਰਣ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ ਜੋ ਜਨਮ ਸਮੇਂ ਪਰਾਲਬਧ ਬਣ ਕੇ ਜੀਵ ਦੀ ਪੂੰਜੀ ਵਜੋਂ ਨਾਲ ਹੀ ਪ੍ਰਾਪਤ ਹੁੰਦੇ ਹਨ। ਇਹ ਕਰਮ ਅਵੱਸ਼ ਭੋਗਣੇ ਪੈਂਦੇ ਹਨ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*
*ਅੰਗ - ੯੩੭*

'ਸੰਚਿਤ ਕਰਮ' ਅਣਭੋਗੇ ਕਰਮਾਂ ਦਾ ਖਜ਼ਾਨਾ ਹੈ ਜੋ ਸਮੇਂ ਦੀ, ਵਾਰੀ ਦੀ ਉਡੀਕ ਵਿਚ ਰਹਿੰਦੇ ਹਨ। ਇਨ੍ਹਾਂ ਦਾ ਭੁਗਤਾਨ ਕਈ-ਕਈ ਜਨਮਾਂ ਵਿਚ ਹੁੰਦਾ ਰਹਿੰਦਾ ਹੈ। ਕ੍ਰਿਆਮਾਨ ਕਰਮ ਸਾਡੇ ਨਿਤ ਦੇ ਕਰਮ ਹਨ ਜੋ ਅਣਭੋਗੇ, ਸੰਚਿਤ ਰੂਪ ਵਿਚ ਕਿਰਿਆਸ਼ੀਲ ਹੋਣ ਲਈ ਸਮੇਂ ਦੀ ਉਡੀਕ ਕਰਦੇ ਹਨ ਅਤੇ ਨਵਾਂ ਜਨਮ ਧਾਰਨ ਤੇ ਪਰਾਲਬਧ ਰੂਪ ਵਿਚ ਕ੍ਰਿਆਸ਼ੀਲ ਹੁੰਦੇ ਹਨ।

ਏਥੋਂ ਤਕ ਕਿ ਮਨੁੱਖ ਦਾ ਹਉਮੈ ਤੋਂ ਛੁਟਕਾਰਾ, ਗੁਰੂ ਨਾਲ ਮਿਲਾਪ, ਅਗਿਆਨ ਦਾ ਵਿਨਾਸ਼ ਅਤੇ ਜੀਵਨਪਦ ਦੀ ਪ੍ਰਾਪਤੀ ਵੀ ਕਰਮਾਂ ਅਨੁਸਾਰ, ਪਰਾਲਬਧ ਮੁਤਾਬਿਕ ਹੁੰਦੀ ਹੈ-

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* ਅੰਗ - ੨੦੪

ਗੁਰਬਾਣੀ ਅਨੁਸਾਰ ਗੁਰੂ ਨਾਲ ਮਿਲਾਪ ਵੀ ਧੁਰ ਤੋਂ ਲਿਖੇ ਭਾਗਾਂ ਅਨੁਸਾਰ ਹੀ ਹੁੰਦਾ ਹੈ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥*
ਅੰਗ - ੪੫੦

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*

ਜਿਨ੍ਹਾਂ ਪ੍ਰਾਣੀਆਂ ਨੇ ਇਸ ਜਨਮ ਵਿਚ ਪ੍ਰਮਾਤਮਾ ਦੀ ਯਾਦ ਵਲੋਂ ਮੂੰਹ ਮੋੜੀ ਰੱਖਿਆ ਹੈ, ਉਨ੍ਹਾਂ ਨੂੰ ਲੰਮੇ ਵਿਛੋੜੇ ਪੈ ਜਾਂਦੇ ਹਨ। ਪ੍ਰਭੂ ਨੂੰ ਭੁੱਲ ਕੇ ਪਦਾਰਥਾਂ ਦੇ ਭੋਗਾਂ ਵਿਚੋਂ ਮਨੁੱਖ ਖੁਸ਼ੀ ਭਾਲਦਾ ਹੈ ਪਰ ਅੰਤ ਸਮੇਂ ਇਹ ਖੁਸ਼ੀ ਇਕ ਪਲ ਵਿਚ ਦੁਖਦਾਈ ਹੋ ਜਾਂਦੀ ਹੈ, ਬਿਖਿਆ ਦਾ ਰੂਪ ਧਾਰ ਲੈਂਦੀ ਹੈ।

ਵਿਆਖਿਆ - ਮਾਇਆ ਦੇ ਭੋਗਾਂ ਤੋਂ ਮਨੁੱਖ ਛਿਨ-ਪਲ ਦੀ ਖੁਸ਼ੀ ਤਾਂ ਲੈ ਸਕਦਾ ਹੈ ਪਰ ਇਸਨੂੰ ਅਸਲ ਖੁਸ਼ੀ ਨਹੀਂ ਕਹਿ ਸਕਦੇ। ਜਿਸ ਸੁਖ ਨੇ ਪਲਾਂ ਵਿਚ ਦੁਖ ਵਿਚ ਬਦਲ ਜਾਣਾ ਹੈ, ਉਹ ਸੁਖ ਕਾਹਦਾ? ਮਨੁੱਖ ਵਿਸ਼ੇ ਨਹੀਂ ਭੋਗਦਾ, ਸਗੋਂ ਵਿਸ਼ੇ ਮਨੁੱਖ ਨੂੰ ਭੋਗਦੇ ਹਨ। ਅਫੀਮੀ ਸੋਚਦਾ ਹੈ ਕਿ ਉਹ ਅਫੀਮ ਖਾਂਦਾ ਹੈ ਪਰ ਅਸਲ ਵਿਚ ਅਫੀਮ ਉਸ ਨੂੰ ਖਾ ਰਹੀ ਹੁੰਦੀ ਹੈ। ਸ਼ਰਾਬੀ ਸ਼ਰਾਬ ਨਹੀਂ ਪੀਂਦਾ, ਸ਼ਰਾਬ ਉਸ ਨੂੰ ਪੀ ਰਹੀ ਹੁੰਦੀ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* ਅੰਗ - ੯੩੨

ਗੁਰਬਾਣੀ ਅਨੁਸਾਰ ਅਨੇਕਾਂ ਮਾਇਕ ਪਦਾਰਥਾਂ ਦੇ ਭੋਗ ਅਤੇ ਸੁਖ-ਮਹਿਲ ਮਾੜੀਆਂ, ਮੋਤੀ ਹੀਰੇ, ਮਨ ਭਾਉਂਦੀਆਂ ਵਸਤੂਆਂ-ਪ੍ਰਭੂ ਨੂੰ ਭੁਲਾਉਣ ਦੇ ਸਾਧਨ ਹਨ। ਇਨ੍ਹਾਂ ਦੇ ਭੋਗਾਂ ਵਿਚ ਮਨ ਕਦੇ ਧੀਰਜ ਵਿਚ ਨਹੀਂ ਰਹਿੰਦਾ, ਨਾ ਹੀ ਸੁੱਖ ਸ਼ਾਂਤੀ ਮਿਲਦੀ ਹੈ ਸਗੋਂ ਪਾਪਾਂ ਦੀ ਪੰਡ ਹੋਰ ਭਾਰੀ ਹੁੰਦੀ ਜਾਂਦੀ ਹੈ। ਸੁੱਖ ਸ਼ਾਂਤੀ, ਸਹਿਜ, ਅਨੰਦ, ਪ੍ਰਭੂ ਦੀ ਯਾਦ ਅਤੇ ਨਾਮ-ਸਿਮਰਨ ਵਿਚੋਂ ਹੀ ਪ੍ਰਾਪਤ ਹੋਣਾ ਹੈ ਜੋ ਸੁੱਖਾਂ ਦਾ ਸੋਮਾ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
ਅੰਗ - ੭੦੭

*ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*

ਮਨੁੱਖ ਦੀ ਆਪਣੇ ਕੀਤੇ ਕਰਮਾਂ ਅਨੁਸਾਰ ਪ੍ਰਾਪਤ ਦੁਖਦਾਈ ਹਾਲਤ ਵਿਚ ਕਿਸੇ ਪਾਸ ਨਿਤ ਰੋਣੇ ਰੋਣ ਦਾ ਕੀ ਲਾਭ? ਕੋਈ ਵੀ ਉਸ ਨੂੰ ਕੀਤੇ ਕਰਮਾਂ ਦੇ ਫਲ ਤੋਂ ਬਚਾ ਨਹੀਂ ਸਕਦਾ। ਧਰਮਰਾਜ ਦੇ ਦਰਬਾਰ ਵਿਚ ਕੋਈ ਵਿਚ ਪੈ ਕੇ ਉਸਨੂੰ ਕਰਮ-ਗਤੀ ਤੋਂ ਛੁਟਕਾਰਾ ਨਹੀਂ ਦਵਾ ਸਕਦਾ। ਕੀਤੇ ਕਰਮਾਂ ਅਨੁਸਾਰ ਬਣੀ ਪ੍ਰਾਲਬਧ ਨੂੰ ਕੋਈ ਵਿਚੋਲਾ ਟਾਲ ਨਹੀਂ ਸਕਦਾ। ਧਰਮਰਾਜ ਦੇ ਦਰਬਾਰ ਵਿਚ ਨਾ ਸਿਫਾਰਸ਼ ਚਲਦੀ ਹੈ ਨਾ ਰਿਸ਼ਵਤ -

*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥*
ਅੰਗ - ੪੬੩

ਕੀਤੇ ਕਰਮਾਂ ਅਨੁਸਾਰ ਜੋ ਧੁਰ-ਦਰਗਾਹ ਤੋਂ, ਪ੍ਰਭੂ ਦੀ ਹਜ਼ੂਰੀ ਤੋਂ ਸੰਜੋਗ ਲਿਖੇ ਜਾਂਦੇ ਹਨ, ਉਸਨੂੰ ਕੋਈ ਨਹੀਂ ਟਾਲ ਸਕਦਾ। ਪਰ ਨਿਰਾਸ਼ ਹੋਣ ਵਾਲੀ ਕੋਈ ਗੱਲ ਨਹੀਂ। ਪ੍ਰਭੂ ਹੁਕਮ ਅਨੁਸਾਰ ਹੋਈ ਰਚਨਾ ਵਿਚ ਹਰ ਦੁਖ ਦਾ ਦਾਰੂ ਵੀ ਪ੍ਰਾਪਤ ਹੈ। ਗੁਰਬਾਣੀ ਸਾਨੂੰ ਸੇਧ ਬਖਸ਼ਦੀ ਹੈ। ਦੁਖ ਵੀ ਦਾਰੂ ਬਣ ਜਾਂਦਾ ਹੈ। ਜਦੋਂ ਮਨ ਦੁਨਿਆਵੀ ਪ੍ਰਾਪਤੀਆਂ ਵਿਚੋਂ ਸੁੱਖ ਦੀ ਭਾਲ ਕਰਦਾ ਥੱਕ ਜਾਂਦਾ ਹੈ ਤਾਂ ਸੁੱਖਾਂ ਦੇ ਸੱਚੇ-ਸੋਮੇ, ਪ੍ਰਮਾਤਮਾ ਵਲ ਰੁਖ ਕਰਦਾ ਹੈ, ਸਾਧ ਸੰਗ ਲੋੜਦਾ ਹੈ, ਨਾਮ-ਬਾਣੀ ਨਾਲ ਜੁੜਦਾ ਹੈ ਜੋ ਸੁਖ, ਸਹਜ, ਅਨੰਦ ਦਾ ਸੋਮਾ ਹੈ-

*ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥*
*ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥*
*ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥*
*ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥*
*ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥*
*ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥*
ਅੰਗ - ੧੨੪੦

*ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*

ਜੇ ਚੰਗੇ ਭਾਗਾਂ ਨਾਲ ਪ੍ਰਭੂ ਦਇਆਲ ਹੋ ਕੇ

ਆਪਣਾ ਮਿਲਾਪ ਆਪ ਬਖਸ਼ਿਸ਼ ਕਰੇ ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਸੋਗ-ਸੰਤਾਪ, ਦੁਖ-ਕਲੇਸ਼ ਮਿਟ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਅਰਜ਼ੋਈ ਕਰਦੇ ਹਨ - ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ। ਸਾਨੂੰ ਮਾਇਆ ਦੇ ਮੋਹ ਤੋਂ ਬਚਾ ਲੈ। ਆਪਣੀ ਦਇਆ-ਮਿਹਰ ਕਰਕੇ ਸਾਨੂੰ ਆਪਣੀ ਸ਼ਰਨ ਵਿਚ ਲੈ-ਲੈ। ਸਾਡਾ ਸਹਾਰਾ ਬਣ ਕੇ ਸਾਡੀ ਬੰਦ-ਖਲਾਸੀ ਕਰਦੇ।

ਨਿਰਣੇ ਵਜੋਂ ਗੁਰੂ ਸਾਹਿਬ ਸੇਧ ਬਖਸ਼ਦੇ ਫੁਰਮਾਨ ਕਰਦੇ ਹਨ ਕਿ ਕੱਤਕ ਦੀ ਸੁਹਾਵਣੀ ਰੁੱਤ ਵਿਚ ਜੇ ਚੰਗੇ ਭਾਗਾਂ ਨੂੰ ਸਾਧ-ਸੰਗ, ਸਾਧ-ਜਨਾਂ ਦੀ ਸੰਗਤ, ਨਾਮ-ਅਭਿਆਸੀ ਗੁਰੂ ਪਿਆਰਿਆਂ ਦੀ ਸੰਗਤ ਪ੍ਰਾਪਤ ਹੋ ਜਾਵੇ, ਤਾਂ ਪ੍ਰਭੂ-ਵਿਛੋੜੇ ਵਾਲੇ ਸਾਰੇ ਦੁਖ-ਸੰਤਾਪ, ਚਿੰਤਾ-ਝੋਰੇ ਦੂਰ ਹੋ ਜਾਂਦੇ ਹਨ ਅਤੇ ਮਿਲਾਪ ਦਾ ਅਨੰਦ ਸੁੱਖ-ਸਹਿਜ ਪ੍ਰਾਪਤ ਹੋ ਜਾਂਦਾ ਹੈ।

ਜਿਥੇ ਸਾਧਸੰਗਤ ਜੁੜਦੀ ਹੈ, ਉਹ ਅਸਥਾਨ ਨਾਮ-ਸਿਮਰਨ ਦੀ ਆਭਾ ਨਾਲ ਪਵਿੱਤਰ ਹੋ ਜਾਂਦਾ ਹੈ, ਜਿੱਥੇ ਸੱਚੇ ਸਾਹਿਬ ਦੀ ਵਡਿਆਈ ਹੁੰਦੀ ਹੈ, ਓਥੇ ਲੋਕ-ਮਨਾਂ ਵਿਚੋਂ ਮੰਦ ਭਾਵਨਾਵਾਂ ਮੁੱਕ ਜਾਂਦੀਆਂ ਹਨ। ਪਾਰਬ੍ਰਹਮ ਪ੍ਰਮੇਸ਼ਵਰ ਪਤਿਤਾਂ ਨੂੰ ਪੁਨੀਤ ਕਰਨ ਵਾਲਾ, ਮਾੜੇ ਸੰਚਿਤ ਕਰਮਾਂ ਦਾ ਲੇਖਾ ਮਿਟਾ ਦੇਣ ਵਾਲਾ, ਕ੍ਰਿਪਾਲੂ ਪਿਤਾ ਹੈ। ਐਸਾ ਉਸ ਦਾ 'ਬਿਰਦੁ' ਹੈ, ਸੁਭਾਅ ਹੈ। ਸੰਚਿਤ ਕਰਮਾਂ ਨੂੰ ਖਤਮ ਕਰਨ ਦਾ ਇਕੋਇਕ ਸਾਧਨ 'ਸਤਿਸੰਗਤ' ਹੈ, ਧੁਰ ਕੀ ਸੱਚੀ ਬਾਣੀ ਦਾ ਕੀਰਤਨ ਅਤੇ ਨਾਮ-ਅਭਿਆਸ ਹੈ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥*
*ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥*
*ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥*
*ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥*

*ਅੰਗ - ੩੧੯*

ਗੁਰੂ ਪਿਆਰਿਆਂ ਭਗਤ ਜਨਾਂ ਦੀ ਸੰਗਤ ਵਿਚ ਸਾਹਿਬ ਚੇਤੇ ਆਉਂਦਾ ਹੈ, ਮਨ ਨਾਮ-ਬਾਣੀ ਵਿਚ ਟਿਕਦਾ ਹੈ, ਮਨ ਦੀ ਮੈਲ ਧੁਲਦੀ ਹੈ ਅਤੇ ਨਿਰਮਲ ਮਨ ਨਾਮ-ਰਸ ਵਿਚ ਮੁਗਧ ਹੋ ਕੇ ਅਨੰਦ ਮਾਣਦਾ ਹੈ, ਐਸਾ ਗੁਰਬਾਣੀ ਦਾ ਨਿਰਣਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥*

*ਅੰਗ - ੫੨੦*

ਤਾਂ ਤੇ 'ਕਤਿਕ ਮਹੀਨੇ' ਵਿਚ ਸਾਧ-ਸੰਗਤ ਵਿਚ ਆ ਕੇ ਗੁਰਬਾਣੀ-ਨਾਮ-ਸਿਮਰਨ ਅਭਿਆਸ ਵਿਚ ਜੁੜ ਕੇ ਸਾਰੇ ਦੁਖਾਂ ਅਤੇ ਚਿੰਤਾਵਾਂ ਤੋਂ ਮੁਕਤ ਹੋਣਾ ਲੋੜੀਏ -

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥

## ਰਾਗ ਤੁਖਾਰੀ ਵਿਚ ਰਚੇ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹਾ ਵਿਚੋਂ ਕੱਤਕ ਦੇ ਮਹੀਨੇ ਦਾ ਪਾਠ ਅਤੇ ਸਰਲ ਵਿਆਖਿਆ।

*ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥*
*ਦੀਪਕੁ ਸਹਜਿ ਬਲੈ ਤਤਿ ਜਲਾਇਆ ॥*
*ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥*
*ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥*
*ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥*
*ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥*

*ਅੰਗ - ੧੧੦੯*

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥
ਦੀਪਕੁ ਸਹਜਿ ਬਲੈ ਤਤਿ ਜਲਾਇਆ ॥

ਕੱਤਕ ਦੇ ਮਹੀਨੇ ਵਿਚ ਜਿਵੇਂ ਕਿਰਸਾਨ ਮੁੰਜੀ (ਝੋਨਾ), ਮਕਈ ਆਦਿਕ ਸਾਵਣੀ ਦੀ ਫਸਲ ਕੱਟ ਕੇ ਘਰ ਲਿਆਉਂਦਾ ਹੈ, ਤਿਵੇਂ ਹੀ ਸਾਰੇ ਮਨੁੱਖ ਕੀਤੇ ਕਰਮਾਂ ਦੇ ਫਲ, ਇਕੱਠੇ ਕੀਤੇ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਕਰਦੇ ਹਨ (ਕਿਰਤੁ ਪਇਆ)। ਅਸੀਂ ਸਭ ਜੀਵ ਮਨ ਰਾਹੀਂ, ਬਚਨਾਂ ਰਾਹੀਂ ਅਤੇ ਕਰਮਾਂ ਰਾਹੀਂ ਕਈ ਜਨਮਾਂ ਤੋਂ ਕਿਰਿਆਸ਼ੀਲ ਹਾਂ, ਪ੍ਰਮਾਤਮਾ ਦੇ ਹੁਕਮ ਅਨੁਸਾਰ, ਉਸ ਦੇ ਨਿਯਮਾਂ (ਖੁਸ਼ੀ) ਅਨੁਸਾਰ (ਪ੍ਰਭ ਭਾਇਆ) ਹਰੇਕ ਕਰਮ ਦਾ ਪ੍ਰਤੀਕਰਮ ਹੋ ਰਿਹਾ ਹੈ ਅਤੇ ਉਨ੍ਹਾਂ ਦੇ ਪ੍ਰਤੀਕਰਮ, ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਕਰ ਰਹੇ ਹਾਂ, ਸੰਸਕਾਰ ਸਾਨੂੰ ਅਗਲੇ ਕਰਮਾਂ ਲਈ ਪ੍ਰੇਰਤ ਕਰਦੇ ਹਨ। ਇਹ ਚੱਕਰ ਚਲਦਾ ਰਹਿੰਦਾ ਹੈ। ਗੁਰੂ ਕ੍ਰਿਪਾ ਨਾਲ ਹੀ ਇਹ ਦੋਸ਼-ਚੱਕਰ ਟੁੱਟ ਸਕਦਾ ਹੈ। ਗੁਰਬਾਣੀ ਦਾ ਫੁਰਮਾਨ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*

*ਅੰਗ - ੨੬੮*

ਜਿਹੜਾ ਮਨੁੱਖ ਗੁਰੂ ਕ੍ਰਿਪਾ ਦਾ ਪਾਤਰ ਬਣ ਜਾਂਦਾ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਆ ਜਾਂਦੀ ਹੈ, ਉਸ ਦੇ ਹਿਰਦੇ ਵਿਚ ਆਤਮਕ ਚਾਨਣ ਬਖਸ਼ਣ ਵਾਲਾ ਦੀਵਾ ਜਗ ਪੈਂਦਾ ਹੈ। ਗੁਰੂ ਨੇ ਆਤਮਕ ਤੱਤ ਦੀ ਸੋਝੀ ਬਖਸ਼ੀ, ਪ੍ਰਭੂ ਪਛਾਣ ਬਖਸ਼ਿਸ਼ ਕੀਤੀ ਅਤੇ ਅੰਦਰ ਚਾਨਣ ਹੋ ਗਿਆ, ਬੁਝਿਆ ਦੀਵਾ ਜਗ ਪਿਆ (ਦੀਪਕੁ ਸਹਿਜ ਬਲੈ ਤਤਿ ਜਲਾਇਆ) ਅਜਿਹੀ

*(ਬਾਕੀ ਪੰਨਾ 35 ਤੇ)*

# ਬਿਨੁ ਹਰਿ ਭਜਨ ਨਾਹੀ ਛੁਟਕਾਰਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*
*ਅੰਗ- ੬੨੪*
*ਧਾਰਨਾ - ਬਿਨਾਂ ਹਰਿ ਭਗਤ ਨਹੀਂ ਛੁਟਕਾਰਾ,*
*ਕਾਹਤੋਂ ਮਨਾਂ ਭੁੱਲਿਆ ਫਿਰੇਂ।*

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥ ੧ ॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥ ੧ ॥ ਰਹਾਉ ॥*
*ਭੂਮੀਆ ਭੂਮਿ ਊਪਰਿ ਨਿਤ ਲੁਝੈ ॥*
*ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ ੨ ॥*
*ਕਹੁ ਨਾਨਕ ਇਹੁ ਤਤੁ ਬੀਚਾਰਾ ॥*
*ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥ ਅੰਗ - ੧੮੮*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਫੁਰਮਾਨ ਹੈ ਕਿ ***'ਕਹੁ ਨਾਨਕ ਇਹੁ ਤਤੁ ਬੀਚਾਰਾ॥'*** ਤੱਕ ਵਿਚਾਰ ਉਸ ਨੂੰ ਆਖਦੇ ਨੇ ਜੋ ਬਹੁਤ ਸਮਝ ਕੇ ਸੋਚ ਕੇ, ਆਖਰੀ ਗੱਲ ਲੱਭੀ ਹੁੰਦੀ ਹੈ ਤੇ ਉਹ ਵਿਚਾਰ ਇਹ ਹੈ ਕਿ ***'ਬਿਨੁ ਹਰਿ ਭਜਨ ਨਾਹੀ ਛੁਟਕਾਰਾ।'*** ਭਜਨ ਕਰੇ ਤੋਂ ਬਗੈਰ ਛੁਟਕਾਰਾ ਨਹੀਂ ਹੋਇਆ ਕਰਦਾ। ਹੁੰਦਾ ਕੀ ਹੈ, ਜੇ ਭਜਨ ਨਹੀਂ ਕਰਦੇ, ਤਾਂ ਇਹ ਹੁੰਦੈ ਕਿ ਜ਼ਿੰਦਗੀ ਤਾਂ ਆਦਮੀ ਬਤੀਤ ਕਰ ਦਿੰਦੈ, ਬਹੁਤ ਸਾਰੇ ਕਰਮ ਕਰ ਜਾਂਦੈ, ਉਨ੍ਹਾਂ ਕਰਮਾਂ ਦਾ ਬੰਨ੍ਹਿਆ ਹੋਇਆ, ਮੁੜ ਕੇ ਫੇਰ ਸੰਸਾਰ ਦੇ ਵਿਚ ਗੇੜੇ ਖਾਂਦਾ ਫਿਰਦਾ ਹੈ। ਦੁਖ ਪਾਉਂਦੈ, ਜੂਨਾਂ ਦੇ ਵਿਚ ਘੁੰਮਦੈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥ ਅੰਗ- ੧੭੬*

ਸੋ ਇਸ ਤਰ੍ਹਾਂ ਦੇ ਨਾਲ ਕੋਈ ਟਿਕਾਣਾ ਨਹੀਂ ਮਿਲਦਾ ਪੱਕਾ। ਬੜਾ ਮੁਸ਼ਕਲ ਹੈ, ਇਕ ਮਨੁੱਖ ਪਸ਼ੂ ਬਣ ਜਾਵੇ। ਤਾਂਗੇ ਦਾ ਘੋੜਾ ਬਣ ਜਾਵੇ, ਡੰਡੇ ਖਾਈ ਜਾਵੇ। ਹੋਰ ਨਵੀਆਂ, ਨਖਿੱਧ ਜੂਨਾਂ ਦੇ ਵਿਚ ਚਲਿਆ ਜਾਵੇ।

ਜੂਨਾਂ ਮਿਲਦੀਆਂ ਨੇ, ਐਸਾ ਨਹੀਂ ਹੁੰਦਾ, ਫਲ ਵੀ ਭੋਗਣੇ ਪੈਂਦੇ ਨੇ।

ਬਾਬਾ ਸਾਹਿਬ ਸਿੰਘ ਜੀ ਮਹਾਰਾਜ ਬੇਦੀ, ਊਨੇ ਵਾਲੇ, ਗੁਰੂ ਨਾਨਕ ਪਾਤਸ਼ਾਹ ਤੋਂ ਗਿਆਰ੍ਹਵੇਂ ਥਾਂ, ਆਪ ਜੀ ਸਾਹਨੇਵਾਲ ਆਏ ਹੋਏ ਸੀ। ਮਹਾਰਾਜਾ ਰਣਜੀਤ ਸਿੰਘ ਦਾ ਵਕਤ ਸੀ ਉਹ। ਉਸ ਵੇਲੇ ਉਥੇ ਦਾ ਜੋ ਰਾਜਾ ਸੀ ਸਾਹਨੇਵਾਲ ਦਾ, ਉਸ ਦਾ ਨਾਮ ਸੁੱਧ ਸਿੰਘ ਸੀਗਾ। ਮਹਾਂਪੁਰਸ਼ਾਂ ਦਾ ਜਦ ਪਤਾ ਲੱਗਿਆ ਤਾਂ ਸਤਿਕਾਰ ਕਰਕੇ ਉਥੇ ਦਰਸ਼ਨ ਕਰਨ ਵਾਸਤੇ ਆਉਂਦੈ। ਦਰਸ਼ਨ ਕੀਤੇ ਲੇਕਿਨ ਮਹਾਂਪੁਰਸ਼ਾਂ ਦੇ ਪਾਸ ਹਾਥੀ 'ਤੇ ਚੜ੍ਹ ਕੇ ਆਇਆ। ਜਿਸ ਵਕਤ ਜਾ ਕੇ ਨਮਸ਼ਕਾਰ ਕੀਤੀ। ਕਹਿਣ ਲੱਗੇ, ਸੁੱਧ ਸਿੰਘਾ! ਇਸ ਹਾਥੀ 'ਤੇ ਨਾ ਬਈ ਚੜ੍ਹਿਆ ਕਰ। ਕਿਉਂਕਿ ਸਾਧੂ ਦੇ ਮਨ ਵਿਚ ਭਲਾ ਹੋਇਆ ਕਰਦੈ। ਉਹ ਜੋ ਬਚਨ ਕਰਦੇ ਨੇ ਉਹ ਸੁਤੇ ਹੋਇਆ ਕਰਦੇ ਨੇ, ਸਹਿਜ ਦੇ ਬਚਨ, ਕੋਈ ਬਣਾਏ ਹੋਏ ਨਹੀਂ ਹੋਇਆ ਕਰਦੇ। ਜਿਧਰਲੇ ਪਾਸੇ ਦੇ ਹੋ ਗਏ, ਹੋ ਗਏ। ਚਾਹੇ ਚੰਗੇ ਹੋ ਗਏ, ਚਾਹੇ ਮਾੜੇ ਹੋ ਗਏ। ਪਰ ਉਹ ਬਿਰਥਾ ਨਹੀਂ ਜਾਇਆ ਕਰਦੇ। ਭੋਗਣੇ ਪੈਂਦੇ ਨੇ। ਉਸ ਵੇਲੇ ਉਸ ਨੇ ਬੇਨਤੀ ਕਰੀ ਕਿ ਮਹਾਰਾਜ! ਇਸ ਹਾਥੀ ਦੇ ਵਿਚ ਕੋਈ ਦੋਸ਼ ਹੈ? ਮੈਨੂੰ ਇਹ ਤਾਂ ਗਿਆਨ ਹੋ ਗਿਆ ਕਿ ਮੈਨੂੰ ਚਾਹੀਦਾ ਸੀ ਕਿ ਸਾਧੂ ਆਏ ਨੇ, ਮੈਂ ਬਹੁਤ ਸ਼ਰਧਾ ਦੇ ਨਾਲ ਚੱਲ ਕੇ ਆਉਂਦਾ। ਮੇਰੇ ਆਉਣ ਨਾਲ ਮੇਰੇ ਮਾੜੇ ਕਰਮਾਂ ਦਾ ਬੋਝ ਘਟਦਾ ਤੇ ਚੰਗੇ ਕਰਮ ਉਤਪੰਨ ਹੁੰਦੇ ਤੇ ਮੈਨੂੰ ਕੋਈ ਫਲ ਮਿਲਦੇ। ਜੈਸਾ ਕਿ ਮੈਂ ਪਹਿਲਾਂ ਵੀ ਮਹਾਂਪੁਰਸ਼ਾਂ ਤੋਂ ਸੁਣਦਾ ਹਾਂ ਕਿ ਇਕ ਕਦਮ ਚੱਲਣ ਦੇ ਨਾਲ ਇਕ ਯੱਗ ਦਾ ਫਲ ਮਿਲਿਆ ਕਰਦੈ। ਠੀਕ ਹੈ, ਮੈਂ ਹਾਥੀ 'ਤੇ

ਆ ਗਿਆ ਮਹਾਰਾਜ, ਮੇਰੇ ਮਨ 'ਚ ਸੰਸਾ ਪੈਦਾ ਹੋ ਗਿਆ, ਆਪ ਦੇ ਕਹਿਣ ਨਾਲ। ਆਪ ਕ੍ਰਿਪਾ ਕਰਕੇ ਮੇਰਾ ਇਹ ਸੰਸਾ ਨਵਿਰਤ ਕਰੋ ਤਾਂ ਕਿ ਮੇਰਾ ਮਨ ਮੰਨ ਜਾਵੇ ਕਿ ਮੈਂ ਇਸ ਹਾਥੀ 'ਤੇ ਨਾ ਚੜ੍ਹਾਂ। ਵੈਸੇ ਮੈਂ ਆਪ ਦਾ ਦਾਸ ਹਾਂ ਮੈਂ ਕੋਸ਼ਿਸ਼ ਕਰਾਂਗਾ ਕਿ ਇਹਦੇ ਉਤੇ ਨਾ ਚੜ੍ਹਾਂ। ਮਹਾਰਾਜ ਮੈਂ ਬਾਰਾਂਬੰਕੀ 'ਚੋਂ, ਨੇਪਾਲ ਦੇ ਜੰਗਲਾਂ 'ਚੋਂ ਇਹ ਹਾਥੀ ਲਿਆਂਦਾ ਸੀ। ਬੜੀ ਟਰੇਨਿੰਗ ਦਿਤੀ ਹੈ ਇਸ ਨੂੰ। ਮੇਰੇ ਨਾਲ ਇਹ ਯੁੱਧਾਂ ਦੇ ਵਿਚ ਵੀ ਗਿਐ ਤੇ ਮੈਨੂੰ ਬਚਾ ਕੇ ਵੀ ਕੱਢ ਲਿਆਉਂਦੈ ਤੇ ਜੇ ਕੋਈ ਹੋਰ ਭੇਤ ਦੀ ਗੱਲ ਹੈ, ਕ੍ਰਿਪਾ ਕਰਕੇ ਮੈਨੂੰ ਉਹ ਦੱਸੋ ਆਪ ਕਿਉਂਕਿ ਮੇਰੇ ਮਨ ਵਿਚ ਸੰਸਾ ਪੈਦਾ ਹੋ ਗਿਆ। ਮਹਾਤਮਾ ਕਹਿਣ ਲੱਗੇ, ਸੁੱਧ ਸਿੰਘਾ! ਇਹ ਤੇਰੀ ਜਾਨ ਦਾ ਵੈਰੀ ਹੈ। ਲੈ ਆਇਆ ਤੈਨੂੰ ਜੰਗਾਂ 'ਚੋਂ ਕੱਢ ਕੇ, ਉਹ ਗੱਲ ਵੱਖਰੀ ਹੈ ਪਰ ਇਹਨੇ ਤੇਰੇ ਤੋਂ ਆਪ ਬਦਲਾ ਲੈਣਾ ਹੈ।

ਕਹਿਣ ਲੱਗਿਆ, ਮਹਾਰਾਜ! ਐਸਾ ਕੋਈ ਮੇਰੇ ਤੋਂ ਗੁਨਾਹ ਹੋਇਆ ਹੋਇਐ ਕੀ, ਕੋਈ ਭੁੱਲ ਹੋਈ-ਹੋਈ ਹੈ?

ਕਹਿੰਦੇ, ਹਾਂ।

ਕਹਿਣ ਲੱਗੇ, ਸੁਣ ਫੇਰ, ਗੁਰੂ ਦਸਵੇਂ ਪਾਤਸ਼ਾਹ ਦਾ ਜੋ ਆਖਰੀ ਯੁੱਧ ਸੀ ਸ੍ਰੀ ਅਨੰਦਪੁਰ ਸਾਹਿਬ ਦਾ ਉਸ ਵੇਲੇ ਤਕਲੀਫਾਂ ਤੋਂ ਘਬਰਾ ਕੇ ਕੁਝ ਖਿਆਲ ਗੁਰਸਿੱਖਾਂ ਦੇ ਆਪਣੀ ਮਨ ਦੀ ਮੱਤ ਦੇ ਪਿੱਛੇ ਲੱਗਣ ਕਰਕੇ ਮਨਮੱਤ ਧਾਰਨ ਕਰੀ। ਉਹ ਗੁਰੂ ਮਹਾਰਾਜ ਨੂੰ ਉਪਦੇਸ਼ ਦੇਣ ਲੱਗ ਗਏ। ਸਲਾਹ ਦੇਣ ਲੱਗ ਗਏ ਕਿ ਜਿਸ ਤਰ੍ਹਾਂ ਗੁਰੂ ਜਾਣਦੇ ਨਹੀਂ ਹੁੰਦੇ। ਗੁਰੂ ਨੂੰ ਇਕ ਅਲਪੱਗ ਮਨੁੱਖ ਵਾਂਗੂੰ ਸਮਝਣ ਲੱਗ ਗਏ ਤੇ ਉਹ ਜੋ ਪਹਿਲੀ ਭਾਵਨਾ ਸੀ -

*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ- ੪੪੨*

ਗੁਰੂ ਤੇ ਪ੍ਰਮੇਸ਼ਰ ਇੱਕੋ ਹੀ ਹੁੰਦੈ। ਉਸ ਨਿਸ਼ਚੇ ਤੋਂ ਹੇਠਾਂ ਆ ਕੇ ਮਨੁੱਖ ਦੇਖਣ ਲੱਗ ਗਏ, ਸਿਆਣਾ ਮਨੁੱਖ ਕਿ ਸੋਹਣਾ ਮਨੁੱਖ ਹੈ, ਸੁਚੱਜਾ ਮਨੁੱਖ ਹੈ, ਉੱਤਮ ਮਨੁੱਖ ਹੈ। ਉਹਦੇ ਨਾਲ ਸਲਾਹ ਦੇਣ ਲੱਗ ਗਏ ਤੇ ਸਲਾਹ ਦਿਤੀ ਕਿ ਕਿਲ੍ਹਾ ਛੱਡ ਜਾਓ। ਕਿਸੇ ਪਾਸੇ ਨਿਕਲ ਚੱਲੀਏ। ਲੇਕਿਨ ਗੁਰੂ ਕਹਿੰਦੇ ਸੀ, ਨਹੀਂ, ਛੱਡਣਾ ਨਹੀਂ ਹੈ ਕਿਲ੍ਹਾ। ਬਾਹਰ ਜਾ ਕੇ ਬਚਣਾ ਨਹੀਂ ਹੈ, ਬੇਅੰਤ ਫੌਜ ਹੈ, ਥਾਂ-ਥਾਂ 'ਤੇ ਨਾਕਾਬੰਦੀ ਹੋਈ-ਹੋਈ ਹੈ। ਕਿੱਥੇ ਜਾਓਂਗੇ ਤੁਸੀਂ ਇਹ ਕਿਲ੍ਹਾ ਛੱਡ ਕੇ। ਦੁਸ਼ਮਣ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਗੱਲ ਉਡਾ ਦਿਤੀ ਕਿ ਜੋ ਕਿਲ੍ਹਾ ਛੱਡ ਕੇ ਆ ਜਾਣਗੇ, ਉਨ੍ਹਾਂ ਨੂੰ ਅਸੀਂ ਕੁਛ ਨਹੀਂ ਕਹਾਂਗੇ। ਉਸ ਵੇਲੇ ਜਦੋਂ ਐਸੇ ਹਾਲਾਤ ਪੇਸ਼ ਹੋਏ, ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਦੇਖੋ, ਸਿੱਖ ਤੇ ਗੁਰੂ ਦਾ ਜਿਹੜਾ ਰਿਸ਼ਤਾ ਹੁੰਦੈ, ਉਹ ਆਗਿਆ ਦੇ ਨਾਲ ਬੰਨ੍ਹਿਆ ਹੁੰਦੈ, ਭਰੋਸੇ ਦੇ ਨਾਲ ਬੰਨ੍ਹਿਆ ਹੁੰਦੈ, ਜੇ ਭਰੋਸਾ ਤੇ ਹੁਕਮ ਵਿਚੋਂ ਕੱਢ ਲਓ ਤਾਂ ਗੁਰੂ ਸਿੱਖ ਕੁਛ ਨਹੀਂ ਰਹਿੰਦੇ, ਮਨੁੱਖ ਹੁੰਦੇ ਨੇ। ਜਿਹੋ ਜਿਹੇ ਆਮ ਮਨੁੱਖ, ਉਹੋ ਜਿਹੇ ਗੁਰੂ ਤੇ ਸਿੱਖ। ਉਹ ਕੇਵਲ ਸ਼ਰਧਾ ਭਾਵਨਾ ਦਾ ਜੋ ਰਿਸ਼ਤਾ ਹੈ, ਉਹ ਉਨ੍ਹਾਂ ਨੂੰ ਬੰਨ੍ਹ ਕੇ ਰੱਖਦੈ ਕਿ ਜੇ ਤੁਹਾਡੇ ਮਨ ਦੇ ਅੰਦਰ ਸ਼ਰਧਾ ਨਹੀਂ ਰਹੀ, ਭਾਵਨਾ ਨਹੀਂ ਰਹੀ, ਆਪਣੀ ਮੱਤ ਜੋ ਗੁਰੂ ਨੂੰ ਦਿੰਦੈ, ਜੇ ਸਿੱਖ ਉਹਨੂੰ ਵਾਪਸ ਲੈ ਲਵੇ। ਫੇਰ ਆਪਣਾ ਤਾਂ ਰਿਸ਼ਤਾ ਹੀ ਖਤਮ ਹੋ ਗਿਆ। ਫੇਰ ਤੁਸੀਂ ਇਹ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਕਾਗਜ਼ ਦੇ ਉਤੇ ਹੈਡਿੰਗ ਲਿਖ ਲਿਆ ਗਿਆ। ਦਸਤਖ਼ਤ ਹੋਣੇ ਸ਼ੁਰੂ ਹੋ ਗਏ, ਤੂੰ ਵੀ ਉਹਨਾਂ 'ਚੋਂ ਇਕ ਸੀ ਪਿਆਰਿਆ! ਜਿਹਨੇ ਦਸਤਖ਼ਤ ਕੀਤੇ। ਲੇਕਿਨ ਘਰ ਜਾ ਕੇ ਪਤਾ ਲੱਗਿਆ ਕਿ ਸਦੀਵੀ ਤਾਂ ਕੋਈ ਜੀਉਂਦਾ ਨਹੀਂ ਹੁੰਦਾ, ਮੌਤ ਤਾਂ ਆਈ ਖੜ੍ਹੀ ਹੈ, ਇਹ ਨਹੀਂ ਟਲਦੀ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ- ੨੫੪*

ਅੱਜ ਤੱਕ ਸੰਸਾਰ ਦੇ ਅੰਦਰ ਐਸਾ ਮਨੁੱਖ ਕੋਈ ਨਹੀਂ ਆਇਆ। ਕੋਈ ਵੀ ਐਸੀ ਚੀਜ਼ ਨਹੀਂ ਆਈ, ਜਿਸ ਦਾ ਨਾਸ ਨਾ ਹੋਵੇ। ਧਰਤੀ, ਸੂਰਜ, ਚੰਦਰਮਾ, ਤਾਰੇ, ਇਕ ਵਾਰੀ ਨਹੀਂ, ਕਈ ਵਾਰੀ ਵਿਸਥਾਰ ਹੋਇਐ, ਕਈ ਵਾਰੀ ਬਣੀਆਂ ਨੇ, ਕਈ ਵਾਰੀ ਮਿਟੀਆਂ ਨੇ, ਖਰਬਾਂ-ਖਰਬਾਂ ਸਾਲ ਵਾਲੀ ਮਿਆਦ ਵਾਲੀਆਂ ਚੀਜ਼ਾਂ। ਕਾਲ ਦੇ ਸਣੇ ਦੇ ਚੱਕਰ ਵਿਚ ਉਹਨਾਂ ਦੀ ਵਾਰੀ ਆ ਗਈ, ਉਸ ਵੇਲੇ ਉਹ ਵੀ ਮਿਟ ਜਾਇਆ ਕਰਦੀਆਂ ਨੇ। ਉਮਰਾਂ ਨੇ ਇਨ੍ਹਾਂ ਦੀਆਂ ਸਾਧ ਸੰਗਤ ਜੀ। ਆਦਮੀ ਨੇ ਕੀ ਬਚਣੈ! ਇਹ ਤਾਂ ਹੈ ਹੀ ਛੋਟੀ ਜਿਹੀ ਉਮਰ ਵਾਲਾ। ਸਭ ਚਲੇ ਜਾਂਦੇ ਨੇ। ਉਹ ਗੁਰੂ ਦੇ ਬਚਨ ਜੋ ਸਤਿਸੰਗ 'ਚ ਸੁਣਿਆ ਕਰਦੇ ਸੀ, ਉਹ ਜਿਸ ਵਕਤ ਹਿਰਦੇ 'ਚ ਗੇੜਾ ਮਾਰਨ ਲੱਗੇ ਤਾਂ ਪਛਤਾਵਾ ਕੀਤਾ, ਮਨਾਂ! ਫੇਰ ਕੀ ਬਚ ਜਾਵਾਂਗੇ ਇਥੇ ਆ ਕੇ? ਜਦ ਆਉਣੀ ਹੈ ਤਾਂ ਆਉਣੀ ਹੀ ਹੈ। ਜਿਹੜਾ ਸਮਾਂ ਪ੍ਰਮੇਸ਼ਰ ਨੇ ਬੰਨ੍ਹਿਆ ਹੈ। ਤਿੰਨ ਚੀਜ਼ਾਂ ਹੁੰਦੀਆਂ ਨੇ ਜਦੋਂ ਕਾਲ ਆਉਂਦੈ। ਇਕ ਤਾਂ ਇਹ ਹੁੰਦੀ ਹੈ ਕਿ ਸਮਾਂ ਆ ਜਾਂਦਾ ਹੇ। ਦੂਸਰਾ ਇਹ ਹੁੰਦੈ ਕਿ ਉਹ

ਕਾਰਨ ਆ ਜਾਂਦੈ। ਤੀਸਰਾ ਇਹ ਹੁੰਦੈ ਕਿ ਉਹ ਥਾਂ ਆ ਜਾਂਦੈ ਜਿੱਥੇ ਸਰੀਰ ਛੱਡਣੈ। ਜੇ ਤਿੰਨ ਨਾ ਮਿਲਣ ਸਰੀਰ ਨਹੀਂ ਛੱਡਿਆ ਜਾਂਦਾ। ਜਦੋਂ ਵੀ ਤਿੰਨ ਚੀਜ਼ਾਂ ਮਿਲ ਗਈਆਂ ਉਸੇ ਵੇਲੇ ਸਰੀਰ ਛੁਟ ਜਾਂਦੈ। ਸਮਾਂ ਆ ਜਾਵੇ, ਸਥਾਨ ਆ ਜਾਵੇ, ਕਾਰਨ ਆ ਜਾਵੇ। ਕਾਰਨ ਤੋਂ ਬਿਨਾਂ ਤਾਂ ਕੋਈ ਸੰਸਾਰ ਤੋਂ ਜਾਂਦਾ ਹੀ ਨਹੀਂ ਹੈ, ਜੇ ਜਾਂਦੇ ਨੇ ਤਾਂ ਮਹਾਂਪੁਰਸ਼ ਜਾਂਦੇ ਨੇ ਬਗੈਰ ਕਾਰਨ ਤੋਂ। ਕਿਉਂਕਿ ਉਨ੍ਹਾਂ ਦੇ ਹੱਥ ਵਿਚ ਹੁੰਦੈ, ਕਾਲ ਤੋਂ ਉਤੇ ਹੁੰਦੇ ਨੇ -

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਅੰਗ - ੨੬੨*

ਕਾਲ ਨੂੰ ਜਿੱਤਣ ਵਾਲੇ ਹੁੰਦੇ ਨੇ। ਅਕਾਲ ਦੇ ਮੰਡਲ ਵਿਚ ਵੱਸਣ ਵਾਲੇ ਹੁੰਦੇ ਨੇ। ਕਾਲ ਨਹੀਂ ਉਥੇ ਆਉਂਦਾ। ਸੋ ਮਰਜ਼ੀ ਨਾਲ ਚਲੇ ਜਾਂਦੇ ਨੇ। ਨਾ-ਮਰਜ਼ੀ ਕਰੇ ਨਹੀਂ ਜਾਂਦੇ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਨੇ ਸੰਗਤਾਂ ਨੂੰ ਚਿੱਠੀਆਂ ਪਾ ਕੇ ਬੁਲਾ ਲਿਆ ਕਿ ਪਿਆਰਿਓ! ਇਹ ਜੋ ਪੰਜ ਭੂਤਕ ਸਰੀਰ ਹੈ ਇਹਦਾ ਸਮਾਂ ਆ ਚੁੱਕਿਆ ਹੈ ਇਕ ਹਫਤੇ ਤੋਂ ਬਾਅਦ। ਫੇਰ ਤੁਹਾਡੇ ਮਨਾਂ ਵਿਚ ਇਹ ਬਾਤ ਰਹਿ ਜਾਏਗੀ ਕਿ ਅਸੀਂ ਬਾਬਾ ਜੀ ਦੇ ਅੰਤਮ ਵਾਰ ਦਰਸ਼ਨ ਨਾ ਕੀਤੇ। ਅਸੀਂ ਆਹ ਪੁੱਛਣਾ ਸੀ, ਔਹ ਪੁੱਛਣਾ ਸੀ। ਬੜੇ ਤੁਹਾਡੇ ਮਨਾਂ 'ਚ ਸੰਸੇ ਰਹਿ ਜਾਣਗੇ। ਸਾਰੀ ਜ਼ਿੰਦਗੀ ਤੁਸੀਂ ਸਾਡੇ ਨਾਲ ਪਿਆਰ ਕਰਿਆ ਹੈ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਜਾਣ ਤੋਂ ਬਾਅਦ ਤੁਹਾਡੇ ਮਨਾਂ ਦੇ ਅੰਦਰ ਕੋਈ ਦੁੱਖ ਪੈਦਾ ਹੋ ਜਾਵੇ। ਸੋ ਆਓ ਤੇ ਆ ਕੇ ਕਿਸੇ ਅੰਦਰ ਜੋ ਵੀ ਸ਼ੰਕਾ ਹੈ ਉਹ ਦੱਸੋ, ਜਿਹੜੀਆਂ ਵੀ ਤੁਹਾਡੇ ਮਨਾਂ ਦੇ ਅੰਦਰ ਕਾਮਨਾਵਾਂ ਹਨ, ਉਹ ਦੱਸੋ, ਵਾਸ਼ਨਾ ਨੇ ਉਹ ਦੱਸੋ।

ਬੇਅੰਤ ਸੰਗਤਾਂ ਇਕੱਠੀਆਂ ਹੋ ਗਈਆਂ। ਸਾਰੇ ਪੰਜਾਬ ਤੋਂ, ਅਫਗਾਨਿਸਤਾਨ ਵਲੋਂ ਤੇ ਸਾਰੇ ਸਰਹੱਦੀ ਸੂਬਿਆਂ ਤੋਂ, ਕਸ਼ਮੀਰ ਵਗੈਰਾ ਤੋਂ ਕਿਉਂਕਿ ਦੂਰ ਤਕ ਉਨ੍ਹਾਂ ਦੇ ਸਰਧਾਲੂ ਸਨ। ਪੂਰਨ ਮਹਾਂਪੁਰਸ਼, ਬ੍ਰਹਮਗਿਆਨੀ ਸਨ। ਉਸ ਵੇਲੇ ਸੱਤ ਦਿਨ ਬਾਬਾ ਜੀ ਕੋਲ ਆ ਕੇ ਮੰਗਣਾ ਕੀ ਸੀ, ਸਭ ਭੁੱਲ ਗਏ, ਪਿਆਰ 'ਚ ਐਨੇ ਲੀਨ ਹੋਏ ਕਿ ਇਨ੍ਹਾਂ ਨੇ ਤਾਂ ਹੁਣ ਚਲੇ ਜਾਣੈ। ਸਭ ਭੁੱਲ ਗਏ ਤੇ ਬਾਰ-ਬਾਰ ਇਹ ਕਹਿੰਦੇ ਨੇ ਕਿ ਬਾਬਾ ਜੀ! ਵਿਛੋੜਾ ਨਹੀਂ ਅਸਾਥੋਂ ਸਹਿ ਹੋਣਾ। ਇਕ ਮੰਗ ਦੇ ਦਿਓ ਸਾਨੂੰ ਕਿ ਅਸੀਂ ਤੁਹਾਡੇ ਤੋਂ ਪਹਿਲਾਂ ਚਲੇ ਜਾਈਏ -

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- ੮੩*

ਕ੍ਰਿਪਾ ਕਰੋ ਆਪ, ਬਾਬਾ ਜੀ ਧੀਰਜ ਬੰਨਾਉਂਦੇ ਨੇ ਸਾਰਿਆਂ ਦੀ। ਅੰਤਮ ਦਿਨ ਆ ਗਿਆ ਤੇ ਉਸ ਦਿਨ ਬਹੁਤ ਵੈਰਾਗ ਹੈ ਕਿ ਬਾਬਾ ਜੀ ਨੇ ਸ਼ਾਮ ਦੇ 4.30 ਵਜੇ ਸਰੀਰ ਛੱਡ ਦੇਣੈ। ਮਿਸਤਰੀਆਂ ਨੇ ਬਕਸਾ ਤਿਆਰ ਕਰ ਦਿਤਾ। ਰੋਗਨ ਵਗੈਰਾ ਕਰਕੇ। ਸਭ ਦੇਖਦੇ ਨੇ ਕਿ ਆਹ ਬਕਸੇ ਦੇ ਵਿਚ ਸਾਡੇ ਸਾਹਮਣਿਓਂ ਅਲੋਪ ਹੋ ਜਾਣੈ ਉਨ੍ਹਾਂ ਨੇ। ਲੇਕਿਨ ਚਾਰਾ ਕੋਈ ਨਹੀਂ ਚਲਦਾ। ਜੇ ਚਲਦਾ ਹੈ ਤਾਂ ਹਿਰਦੇ ਦੀ ਆਵਾਜ਼ ਹੈ। ਅੱਖਾਂ ਦੇ ਰਾਹੀਂ ਹੋ ਕੇ, ਹੰਝੂ ਬਣ ਕੇ ਨਿਕਲ ਰਹੀ ਹੈ। ਸੰਗਤ ਦੀ ਐਸੀ ਬਿਹਬਲਤਾ ਦੀ ਹਾਲਤ ਦੇਖ ਕੇ ਬਾਬਾ ਲਾਲ ਸਿੰਘ ਜੀ ਜੋ ਸ੍ਰੀ ਮਾਨ ਸੀ ਲੰਗਰ ਦੇ। ਉਨ੍ਹਾਂ ਦਾ ਮਨ ਦ੍ਰਵ ਗਿਆ। ਸੰਗਤ ਨੂੰ ਨਾਲ ਲਿਆ। ਬਾਬਾ ਜੀ ਦੇ ਚਰਨਾਂ 'ਚ ਜਾ ਕੇ ਬੇਨਤੀ ਕਰੀ ਕਿ ਮਹਾਰਾਜ! ਸੰਗਤ ਦਾ ਹਾਲ ਮੇਰੇ ਤੋਂ ਵੇਖਿਆ ਨਹੀਂ ਜਾਂਦਾ। ਤੁਸੀਂ ਸਮਰੱਥ ਪੁਰਸ਼ ਹੋਂ ਕ੍ਰਿਪਾ ਕਰੋ, ਹੋਰ ਦਰਸ਼ਨ ਦਿਓ। ਬਾਰ-ਬਾਰ ਬੇਨਤੀਆਂ ਕਰਨ ਦੇ ਨਾਲ ਬਾਬਾ ਜੀ ਦਾ ਮਨ ਦ੍ਰਵਿਆ। ਮਿਹਰ ਦੇ ਘਰ ਵਿਚ ਆਇਆ। ਪਿਆਰ ਦੇ ਬੰਧਨਾਂ 'ਚ ਬੰਨ੍ਹਿਆ ਗਿਆ।

ਕਹਿਣ ਲੱਗੇ, ਲਾਲ ਸਿੰਘਾ! ਇਕ ਬੰਦੋਬਸਤ ਆਪਾਂ ਕਰ ਸਕਦੇ ਹਾਂ, ਤਾਂ ਅਸੀਂ ਰਹਿ ਸਕਦੇ ਹਾਂ। ਜੇ ਅਸੀਂ ਚਾਹੀਏ ਤਾਂ ਚਾਹੇ ਹੋਰ 20 ਸਾਲ ਨਾ ਜਾਈਏ। ਕਿਉਂਕਿ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ -

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ- ੯੩੨*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - ੭੪੯*

ਕਹਿਣ ਲੱਗੇ, ਮਹਾਰਾਜ! ਆਪ ਦੇ ਤਾਂ ਅਖਤਿਆਰ ਹੈ। ਕਹਿੰਦੇ ਨਹੀਂ, ਨਾ ਬਈ, ਮਰਿਆਦਾ ਨਹੀਂ ਭੰਗ ਕਰਨੀ ਅਕਾਲ ਪੁਰਖ ਦੀ। ਹਾਂ ਇਕ ਗੱਲ ਕਰ ਲੈਂਦੇ ਹਾਂ ਕਿ ਤੁਹਾਨੂੰ ਯਾਦ ਹੋਣੈ ਕਿ ਜਦੋਂ ਗੁਰੂ ਸੱਤਵੇਂ ਪਾਤਸ਼ਾਹ ਦੇ ਪਾਸ ਬ੍ਰਾਹਮਣ ਦਾ ਲੜਕਾ ਚੜ੍ਹਾਈ ਕੀਤੀ ਹੋਈ, ਉਹਦਾ ਮ੍ਰਿਤਕ ਸਰੀਰ ਲੈ ਕੇ ਆਏ ਤਾਂ ਹੱਠ ਕੀਤਾ ਉਸ ਬ੍ਰਾਹਮਣ ਨੇ ਕਿ ਜਾਂ ਤਾਂ ਲੜਕਾ ਜਿਉਂਦਾ ਕਰ ਦਿਓ ਜਾਂ ਮੈਂ ਇਥੇ ਹੀ ਚਿਖਾ ਲਾ ਕੇ ਜਲ ਜਾਵਾਂਗਾ। ਉਸ ਵੇਲੇ ਭਾਈ ਜੀਵਨ ਨੇ ਆਪਣਾ ਸਰੀਰ ਛੱਡ ਕੇ ਆਪਣੇ ਸਵਾਸ ਉਹਨੂੰ ਦੇ ਦਿਤੇ। ਆਹ ਬੰਦੋਬਸਤ ਤਾਂ ਗੁਰੂ ਘਰ 'ਚ ਤੁਰਿਆ ਆਇਐ ਪਹਿਲਾਂ ਤੋਂ। ਵੈਸੇ ਵੀ ਤੁਰਿਆ ਆਇਐ। ਵਾਹਿਗੁਰੂ ਜੀ ਮੰਨ ਲੈਂਦੇ ਨੇ।

ਤੁਸੀਂ ਸਾਡੀ ਵਾਰੀ ਚਲੇ ਜਾਓ, ਅਸੀਂ ਤੁਹਾਡੀ ਵਾਰੀ ਆ ਜਾਵਾਂਗੇ। ਤੁਹਾਡੇ ਦੋ ਸਾਲ, ਦੋ ਮਹੀਨੇ, ਦੋ

ਦਿਨ ਹੋਰ ਬਚਦੇ ਨੇ। ਸਾਡਾ ਜਿਹੜਾ ਸਮਾਂ ਹੈ ਉਹ ਸਾਢੇ ਚਾਰ ਵਜੇ ਪੂਰਾ ਹੋ ਜਾਣਾ ਹੈ। ਆਹ ਤਾਂ ਆਪਾਂ ਕਰ ਸਕਦੇ ਹਾਂ, ਹੋਰ ਨਹੀਂ ਕੋਈ ਤਰੀਕਾ ਹੋਣਾ।

ਉਹ ਕਹਿੰਦੇ, ਮਹਾਰਾਜ! ਮੈਨੂੰ ਮਨਜ਼ੂਰ ਹੈ। ਜੇ ਸੰਗਤਾਂ ਦੇ ਮਨਾਂ ਨੂੰ ਧੀਰਜ ਆ ਜਾਵੇ ਤਾਂ ਮੈਂ ਵੀ ਜਾਣੈ, ਹੁਣੇ ਚਲੇ ਚਲਦੇ ਹਾਂ। ਆਪਾਂ ਤਾਂ ਆਪਣੇ ਘਰ ਨੂੰ ਹੀ ਜਾਣੈ। ਸੋ ਉਸ ਵੇਲੇ ਬਾਬਾ ਲਾਲ ਸਿੰਘ ਜੀ ਸਾਢੇ ਚਾਰ ਵਜੇ ਸਾਰੀਆਂ ਸੰਗਤਾਂ ਦੇ ਸਾਮ੍ਹਣੇ ਆਪਣਾ ਪੰਜ ਭੂਤਕ ਚੋਲਾ ਛੱਡ ਗਏ, ਮ੍ਰਿਤਕ ਸਰੀਰ ਪਿਛੋਂ ਰਹਿ ਗਿਆ, ਆਪ ਵਿਚੋਂ ਉਡਾਰੀ ਮਾਰ ਗਏ। ਬਾਬਾ ਜੀ ਨੇ ਦੋ ਸਾਲ, ਦੋ ਮਹੀਨੇ, ਦੋ ਦਿਨ ਬਾਅਦ ਸੈਦੋਨਗਰ ਜਾ ਕੇ, ਉਨ੍ਹਾਂ ਦੇ ਥਾਂ 'ਤੇ ਜਾ ਕੇ ਸਰੀਰ ਛੱਡ ਦਿਤਾ। ਸੋ ਭਾਵ ਇਹ ਹੈ ਕਿ ਸਮਾਂ ਟਲਿਆ ਨਹੀਂ ਕਰਦਾ ਕਿਸੇ ਤੋਂ ਵੀ। ਅੱਜ ਤਕ ਤਾਂ ਸੰਸਾਰ 'ਚ ਕੋਈ ਆਇਆ ਨਹੀਂ ਜਿਹੜਾ ਸਮਾਂ ਬਦਲ ਦੇਵੇ। ਮਹਾਂਪੁਰਸ਼ਾਂ ਨੇ ਵੀ ਨਹੀਂ ਬਦਲਿਆ। ਸੋ ਐਸੇ ਖਿਆਲ ਮਨ ਵਿਚ ਆਉਂਦੇ ਨੇ ਕਿ ਮਨਾਂ! ਗੁਰੂ ਨਾਲ ਵੀ ਚੰਗਾ ਨਾ ਕਰਿਆ ਅਸੀਂ, ਸਿੱਖ ਹੋ ਕੇ, ਸੀਸ ਦੇ ਕੇ, ਤਨ ਵੀ ਦਿਤਾ, ਮਨ ਵੀ ਦਿਤਾ, ਧਨ ਵੀ ਦਿਤਾ ਇਹ ਵਾਪਸ ਲੈ ਲੈਣਾ, ਇਹ ਤਾਂ ਚੋਰੀ ਹੈ। ਬਚਨ ਤੋਂ ਫਿਰ ਗਏ। ਹੁਣ ਬਚ ਜਾਵਾਂਗੇ?

ਬਾਬਾ ਜੀ ਕਹਿਣ ਲੱਗੇ, ਬਾਬਾ ਸਾਹਿਬ ਸਿੰਘ ਜੀ। ਕਹਿਣ ਲੱਗੇ, ਪਿਆਰਿਆ! ਤੂੰ ਫੇਰ ਉਨ੍ਹਾਂ ਸਿੰਘਾਂ ਦੇ ਨਾਲ ਮੁਕਤਸਰ ਆਇਆ ਤੇ ਉਥੇ ਆ ਕੇ ਤੂੰ ਸ਼ਹੀਦੀ ਪਾਈ। ਗੁਰੂ ਮਹਾਰਾਜ ਨੇ ਤੈਨੂੰ ਵਰ ਦਿਤਾ, ਪੰਜ ਹਜ਼ਾਰੀ। ਕਹਿੰਦਾ, ਮਹਾਰਾਜ! ਇਹ ਹਾਥੀ ਦਾ ਮੇਰੇ ਨਾਲ ਕੀ ਸਬੰਧ ਹੈ? ਕਹਿੰਦੇ ਇਹ ਤੇਰਾ ਨੌਕਰ ਸੀ। ਘਰ ਵਿਚ ਕੋਈ ਚੋਰੀ ਹੋ ਗਈ, ਤੂੰ ਕੁੱਟ-ਕੁੱਟ ਕੇ ਇਸ ਨੂੰ ਮਾਰ ਦਿਤਾ। ਇਹ ਬੇਗੁਨਾਹ ਸੀਗਾ। ਇਹਨੇ ਚੋਰੀ ਕਰੀ ਨਹੀਂ ਸੀ।

ਕਹਿੰਦੇ, ਇਹ ਹੁਣ ਹਾਥੀ ਬਣ ਗਿਆ, ਕਿਉਂਕਿ ਇਹਦੇ ਕਰਮ ਐਸੇ ਸੀ, ਭਜਨ ਨਹੀਂ ਕਰਿਆ, ਬੰਦਗੀ ਨਹੀਂ ਕਰੀ। ਮਾਨਸ ਜਨਮ ਦਾ ਜਿਹੜਾ ਸਮਾਂ ਮਿਲਿਆ ਸੀ ਹੱਥੋਂ ਲੰਘ ਗਿਆ ਤੇ ਹਾਥੀ ਬਣ ਗਿਆ। ਕਰਮ ਦਾ ਤੁਹਾਡਾ ਦੋਹਾਂ ਦਾ ਸਬੰਧ ਸੀ। ਉਹ ਕਰਮ ਨੇ ਪ੍ਰੇਰ ਕੇ ਤੈਨੂੰ ਬਾਰਾਂਬੰਕੀ 'ਚੋਂ ਇਹਨੂੰ ਲਿਆਉਣ ਵਾਸਤੇ ਪ੍ਰੇਰਨਾ ਦਿਤੀ ਤੇ ਤੂੰ ਲਿਆ ਕੇ ਆਪਣੇ ਕੋਲ ਰੱਖ ਲਿਆ। ਹੁਣ ਪਿਆਰਿਆ! ਤੈਨੂੰ ਬਾਕੀਆਂ ਤੋਂ ਤਾਂ ਬਚਾਈ ਜਾਏਗਾ। ਪਰ ਤੈਨੂੰ ਖੁਦ ਮਾਰੇਗਾ ਇਹ। ਸੋ ਇਹ ਸਾਡਾ ਬਚਨ ਹੈ। ਮਨ ਵਿਚ ਬੜਾ ਸ਼ੋਕ ਹੋਇਆ ਕਿ ਹਾਥੀ ਬੜਾ ਸੋਹਣਾ ਹੈ। ਸਵਾਰੀ ਇਹਦੀ ਬਹੁਤ ਵਧੀਆ ਹੈ।

ਜਦੋਂ ਤਿੰਨ ਮਹੀਨੇ ਬਾਅਦ ਬਾਬਾ ਜੀ ਦੇ ਕੋਲ ਮੁੜ ਕੇ ਸੰਗਤ ਗਈ। ਕਹਿਣ ਲੱਗੇ, ਭਾਈ ਸੁੱਧ ਸਿੰਘ ਦਾ ਕੀ ਹਾਲ ਹੈ? ਕਹਿੰਦੇ, ਮਹਾਰਾਜ! ਉਹ ਤਾਂ ਦੋ ਮਹੀਨੇ ਗਏ, ਉਹਦੇ ਹੀ ਹਾਥੀ ਨੇ ਮਾਰ ਦਿਤਾ।

ਕਹਿੰਦੇ, ਬਚਨ ਨਹੀਂ ਮੰਨਿਆ?

ਕਹਿੰਦੇ, ਮਹਾਰਾਜ! ਉਹ ਤਾਂ ਮੰਨਦਾ ਸੀ, ਉਹਦੇ ਜਿਹੜੇ ਅੰਗਰੱਖਿਅਕ ਸੀ -

*ਵਿਨਾਸ ਕਾਲੇ ਬੁੱਧੀ ਬਿਪਰਤੰ॥*

ਕਿੱਡਾ ਹੀ ਕੋਈ ਸਿਆਣਾ ਕਿਉਂ ਨਾ ਹੋਵੇ ਕਹਿੰਦਾ ਕਹਾਉਂਦਾ। ਜਦੋਂ ਹੋਣਹਾਰ ਵਸ ਜਾਂਦੀ ਹੈ, ਫੇਰ ਬੁੱਧੀ ਦਾ ਨਾਸ਼ ਸਭ ਤੋਂ ਪਹਿਲਾਂ ਹੁੰਦੈ। ਉਲਟਾ ਕੰਮ ਚਲ ਪੈਂਦੈ, ਦੇਖਦੇ-ਦੇਖਦੇ ਸਾਰਿਆਂ ਦੇ।

ਕਹਿੰਦੇ, ਮਹਾਰਾਜ ਉਨ੍ਹਾਂ ਨੇ ਇਸ ਨੂੰ ਕਿਹਾ ਕਿ ਸਰਦਾਰ ਜੀ! ਬਾਬਾ ਜੀ ਨੇ ਤਾਂ ਇਹ ਗੱਲ ਕਹੀ ਹੈ ਕਿ ਤੁਸੀਂ ਉਹਨਾਂ ਦੇ ਸਾਮ੍ਹਣੇ ਹਾਥੀ 'ਤੇ ਚੜ੍ਹ ਕੇ ਆ ਗਏ ਸੀ। ਉਨ੍ਹਾਂ ਨੂੰ ਚੰਗਾ ਨਾ ਲੱਗਿਆ। ਜੁਗਤੀ ਦੇ ਨਾਲ ਤੁਹਾਨੂੰ ਹਾਥੀ ਤੋਂ ਹੀ ਹਟਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਆਦਮੀ ਜ਼ਰੂਰੀ ਨਹੀਂ ਕਿ ਫੇਰ ਮਨੁੱਖ ਬਣ ਜਾਵੇ। ਜੂਨਾਂ ਦੇ ਵਿਚ ਕਰਮਾਂ ਦੇ ਹਿਸਾਬ ਨਾਲ ਜਾਂਦੇ। ਕਿੰਨੀਆਂ ਸਾਖੀਆਂ ਆਉਂਦੀਆਂ ਨੇ ਕਿ ਕੋਈ ਰਿੱਛ ਬਣ ਗਿਆ, ਕੋਈ ਕਾਂ ਬਣ ਗਿਆ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਇਕ ਬਹੁਤ ਵੱਡਾ ਸ਼ੇਰ ਗਵਾਲੀਅਰ ਮਾਰਿਆ ਸੀ। ਉਹ ਜਹਾਂਗੀਰ ਦਾ ਚਾਚਾ ਸੀ। ਉਧਾਰ ਆਪ ਨੇ ਕਰ ਦਿਤਾ। ਲੇਕਿਨ ਜੂਨਾਂ 'ਚ ਘੁੰਮਦਾ ਫਿਰਦੈ। ਕੋਈ ਸ਼ੇਰ ਬਣ ਜਾਂਦੈ। ਪਾਉਂਟਾ ਸਾਹਿਬ ਦੇ ਕੋਲ ਉਹ ਸ਼ੇਰ ਬਣਿਆ ਹੋਇਆ ਸੀਗਾ ਜੈਦਰਥ।

ਸੋ ਇਸ ਤਰ੍ਹਾਂ ਦੇ ਨਾਲ ਆਦਮੀ ਘੁੰਮਦੈ। ਮਹਾਰਾਜ ਕਹਿੰਦੇ ਛੁਟਕਾਰਾ ਤਾਂ ਨਾ ਹੋਇਆ ਨਾ ਪਿਆਰਿਓ। ਇਹ ਨਾ ਕਹੋ ਕਿ ਮਰ ਗਏ ਤੇ ਛੁਟਕਾਰਾ ਹੋ ਗਿਆ। ਮਰਨ ਤੋਂ ਬਾਅਦ ਛੁਟਕਾਰਾ ਨਹੀਂ ਹੁੰਦਾ। ਉਹਦਾ chance ਜਿਹੜਾ ਆਇਆ ਸੀ, ਮਾਨਸ ਜਨਮ ਪ੍ਰਾਪਤ ਕਰਕੇ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ; ਚਾਰ ਮੰਜ਼ਲਾਂ 'ਚੋਂ ਲੰਘ ਕੇ ਪਰਮ ਪਦ ਦੀ ਪ੍ਰਾਪਤੀ ਕਰਕੇ, ਆਪਣੇ ਸਾਰੇ ਦੁੱਖਾਂ ਦਾ ਖਾਤਮਾ ਕਰਨ ਦਾ, ਮੂਰਖ ਨੇ ਗਵਾ ਦਿਤਾ। ਵੱਡੇ ਬਣਨ ਦੀ ਲਾਲਸਾ ਇਹਦੇ ਮਨ ਵਿਚ ਪੈਦਾ ਹੋ ਗਈ ਕਿ ਮੈਂ ਬਹੁਤ ਵੱਡਾ ਹਾਂ। ਮਹਾਰਾਜ ਕਹਿੰਦੇ-

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*

*ਅੰਗ - ੪੧੭*

ਮਾਇਆ ਜੋੜਨੀ ਹੋਵੇ, ਬਹੁਤ ਜ਼ਿਆਦਾ ਪਾਪ ਹੋ ਜਾਂਦੇ ਨੇ, ਕੋਈ ਰਿਸ਼ਵਤ ਲੈਂਦਾ ਹੈ, ਠੱਗੀਆਂ ਮਾਰਦਾ ਹੈ, ਧੋਖੇ ਦਿੰਦਾ ਹੈ। ਬੇਅੰਤ ਤਰੀਕੇ ਨੇ। ਕੋਈ ਦੂਸਰਿਆਂ ਨੂੰ ਤੰਗ ਕਰਦਾ ਹੈ। ਚੋਰੀਆਂ ਕਰਦੈ। ਖੋਂਹਦਾ ਹੈ ਦੂਸਰਿਆਂ ਦੀ ਮਾਇਆ। ਕਹਿੰਦੇ, ਫੇਰ ਨਾਲ ਤਾਂ ਨਹੀਂ ਨਾ ਜਾਂਦੀ ਹੈ ਮਾਇਆ। ਇਥੇ ਮਾਇਆ ਹੁੰਦੇ ਹੋਏ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਸੁਖ ਦੀ ਪ੍ਰਾਪਤੀ ਦੀ ਥਾਂ 'ਤੇ ਚਿੰਤਾ ਦਾ ਰੋਗ ਲਗ ਜਾਂਦੈ -

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥* ਅੰਗ- ੧੮੮

ਵੱਡਾ ਕੌਣ ਹੈ, ਮਹਾਰਾਜ ਕਹਿੰਦੇ, ਮਾਇਆ ਵਾਲਾ ਵੱਡਾ ਨਹੀਂ ਹੋਇਆ ਕਰਦਾ -

*ਕਉਨ ਵਡਾ ਮਾਇਆ ਵਡਿਆਈ ॥* ਅੰਗ- ੧੮੮

ਕਹਿੰਦੇ ਨਹੀਂ -

*ਸੋ ਵਡਾ ਜਿਨਿ ਰਾਮ ਲਿਵ ਲਾਈ ॥* ਅੰਗ- ੧੮੮

ਜਿਹਨੇ ਪ੍ਰਮੇਸ਼ਰ ਦੇ ਨਾਲ ਨਿਰੰਤਰ ਯਾਦ ਦੇ ਵਿਚ, ਸਿਮਰਨ 'ਚ ਆ ਗਿਆ, ਜਿਹੜਾ ਕਦੇ ਭੁੱਲਦਾ ਨਹੀਂ ਉਹਨੂੰ ਲਿਵ ਕਹਿੰਦੇ ਨੇ। ਸੁੱਤੇ ਦੇ ਵੀ, ਜਾਗਦੇ ਦੇ ਵੀ, ਹਰ ਵਕਤ ਮਨ ਦਾ ਝੁਕਾਅ ਜਿਸ ਗੱਲ ਵਲ ਰਹੇ। ਉਹ ਲਿਵ ਹੋਇਆ ਕਰਦੀ ਹੈ। ਕਹਿੰਦੇ ਵੱਡਾ ਓਹੀ ਹੈ ਜਿਹਨੇ ਮਨੁੱਖਾ ਜਨਮ ਦੇ ਅੰਦਰ ਆ ਕੇ ਰਾਮ ਦੇ ਨਾਮ ਨਾਲ ਲਿਵ ਲਾ ਲਈ। ਜਿਹੜਾ ਵਿਸ਼ੇ-ਵਿਕਾਰਾਂ 'ਚ, ਭੋਗਾਂ 'ਚ ਪ੍ਰਵਿਰਤ ਹੁੰਦੇ ਹਨ, ਉਹਨਾਂ ਦਾ ਮਨ ਭੋਗਾਂ ਵਲ ਝੁਕਿਆ ਰਹਿੰਦੈ ਹਰ ਵਕਤ। ਉਹ ਭੋਗ ਨਰਕ ਰੂਪ ਬਣ ਜਾਂਦੇ ਨੇ ਤੇ ਆਦਮੀ ਅਖੀਰ ਵਿਚ ਆ ਕੇ ਬਹੁਤ ਦੁਖੀ ਹੁੰਦੈ। ਸੋ ਇਹ ਕਾਹਦਾ ਸੁਖ ਹੈ ਕਹਿੰਦੇ -

*ਭੂਮੀਆ ਭੂਮਿ ਊਪਰਿ ਨਿਤ ਲੁਝੈ ॥*
*ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥* ਅੰਗ- ੧੮੮

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸਿੰਘਾਂ ਦੇ ਨਾਲ ਜਾ ਰਹੇ ਨੇ। ਖੱਬੇ ਹੱਥ ਇਕ ਤਿੱਤਰ ਬੋਲੀ ਜਾਂਦੈ। ਗੁਰੂ ਦਸਮੇਸ਼ ਪਿਤਾ ਘੋੜੇ 'ਤੇ ਸਵਾਰ ਨੇ, ਇਹ ਤੁਕ ਅਚਾਨਕ ਆਪ ਦੇ ਮੁਖ ਤੋਂ ਉਚਾਰਨ ਹੋਣ ਲਗ ਗਈ। ਸਾਰਿਆਂ ਨੇ ਕਿਹਾ ਕਿ ਮਹਾਰਾਜ ਜੀ ਇਹ ਤੁਕ ਆਪ ਉਚਾਰਨ ਕਰ ਰਹੇ ਹੋਂ?

ਮਹਾਰਾਜ ਜੀ ਨੇ ਕਿਹਾ ਕਿ ਇਹ ਤੁਕ ਅਸੀਂ ਤਿੱਤਰ ਵਲ ਦੇਖ ਕੇ ਉਚਾਰਨ ਕਰੀ ਹੈ।

ਮਹਾਰਾਜ ਜੀ, ਸਾਨੂੰ ਵੀ ਗਿਆਤ ਕਰਾਓ ਇਸ ਚੀਜ਼ ਦੀ?

ਮਹਾਰਾਜ ਜੀ ਕਹਿਣ ਲੱਗੇ, ਪਿਆਰਿਓ! ਜਿੱਥੋਂ ਦੀ ਆਪਾਂ ਲੰਘੇ ਜਾਂਦੇ ਹਾਂ। ਇਹ ਇਹਨਾਂ ਪੰਜ-ਦਸ ਪਿੰਡਾਂ ਦਾ ਰਾਜਾ ਸੀ। ਆਹ ਭੂਮੀ ਇਹਦੀ ਨਿਜ ਦੀ ਮਲਕੀਅਤ ਸੀ। ਮਰ ਵੀ ਗਿਆ, ਲੇਕਿਨ ਇਹਦੀ ਪਕੜ ਐਨੀ ਮਜ਼ਬੂਤ ਸੀ ਕਿ ਇਥੇ ਹੀ ਜਨਮ ਲਈ ਜਾਂਦੈ, ਆਪ ਦੀ ਧਰਤੀ 'ਤੇ ਹੀ। ਉਹ ਯਾਦਦਾਸ਼ਤ ਇਹਦੇ ਅੰਦਰ ਐਨੀ ਗਹਿਰੀ ਕਰੀ ਹੋਈ ਹੈ ਕਿ ਕਰ ਕੁਛ ਨਹੀਂ ਸਕਦਾ ਪਰ ਇਹਨੂੰ ਪਤਾ ਹੈ ਕਿ ਇਹ ਮੇਰੀ ਜ਼ਮੀਨ ਹੈ।

ਕਹਿੰਦੇ, ਹੁਣ ਆਪਾਂ ਨੂੰ ਬੋਲਦੈ ਕਿ ਪਾਸੇ ਦੀ ਹੋ ਕੇ ਲੰਘੋ। ਆਪ ਨੇ ਕਿਹਾ ਕਿ ਜਾਓ ਲਿਆਓ। ਕਾਣਾ ਤਿੱਤਰ ਹੈ। ਸਿੰਘਾਂ ਨੇ ਫੜ ਲਿਆ ਤੇ ਮਹਾਰਾਜ ਦੇ ਮਨ ਵਿਚ ਮਿਹਰ ਆਈ। ਉਹਦਾ ਉਧਾਰ ਕਰ ਦਿਤਾ।

ਕਹਿੰਦੇ, ਜ਼ਮੀਨ ਨੇ ਸੁਖ ਨਹੀਂ ਦਿਤਾ। ਸੁਖ ਦੀ ਥਾਂ 'ਤੇ ਤਿੱਤਰ ਦੀ ਜੂਨੀ 'ਚ ਆ ਗਿਆ, ਪਹਿਲਾਂ ਕਈ ਜੂਨੀਆਂ ਲੰਘ ਚੁਕਿਆ ਸੀ।

ਸੰਤ ਮਹਾਰਾਜ ਜੀ, ਰਾੜਾ ਸਾਹਿਬ ਜਦੋਂ ਢੱਕੀ ਵਿਚ ਤਪ ਕਰਦੇ ਸੀ। ਆਪ ਦੇ ਸਾਮ੍ਹਣੇ ਰੋਜ਼ ਇਕ ਸੱਪ ਆ ਕੇ ਫਣ ਖਿਲਾਰ ਕੇ ਖੜ੍ਹ ਜਾਇਆ ਕਰੇ। ਸਹਿਜ ਵਿਚ ਆਪ ਰਹਿੰਦੇ ਸਨ ਤੇ ਆਪ ਨੇ ਦੇਖਿਆ, ਕੁਛ ਨਹੀਂ ਸੀ ਕਹਿੰਦੇ, ਜਿਹੜਾ ਸੇਵਾਦਾਰ ਸੀ ਕਹਿਣ ਲੱਗਿਆ ਮਹਾਰਾਜ! ਇਹ ਕਈ ਦਿਨਾਂ ਤੋਂ ਆ ਰਿਹੈ ਹੈ। ਡਰ ਹੈ ਸਾਨੂੰ ਕਿਤੇ ਥੱਲੇ ਨਾ ਜਾਵੇ।

ਮਹਾਰਾਜ ਕਹਿੰਦੇ, ਨਾ ਤੁਸੀਂ ਫਿਕਰ ਨਾ ਕਰੋ। ਤਪਿਆ ਹੋਇਆ ਹੈ ਇਹ। ਇਕ ਦਿਨ ਸੇਵਾਦਾਰ ਨੇ ਕਿਹਾ ਕਿ ਮਹਾਰਾਜ! ਓਹੀ ਸੱਪ ਜਿਹੜਾ ਹੈ ਉਹ ਆਪ ਦੀ ਕੁਟੀਆ ਦੇ ਪਿਛਲੇ ਪਾਸੇ ਸਰਕੜੇ ਨਾਲ ਮੂੰਹ ਲਾ ਕੇ; ਕਿਉਂਕਿ ਟੋਏ ਹੁੰਦੇ, ਕੁਲੀਆਂ ਪਾਈਆਂ ਹੁੰਦੀਆਂ ਉਥੇ ਛੋਟੀਆਂ-ਛੋਟੀਆਂ। ਸਾਢੇ ਚਾਰ ਫੁੱਟ ਮੁਰੱਬੇ ਦੇ ਟੋਏ ਹੁੰਦੇ। ਫੇਰ ਥੋੜ੍ਹੇ-ਥੋੜ੍ਹੇ ਵੱਡੇ ਕਰ ਲਏ। ਕਹਿਣ ਲੱਗੇ, ਉਹ ਮੂੰਹ ਕਰੀਂ ਪਿਆ ਹੈ ਆਪ ਵਲ ਨੂੰ। ਆਪ ਨੇ ਕਿਹਾ ਕਿ ਠੀਕ ਹੋ ਗਿਆ।

ਸੇਵਾਦਾਰ ਕਹਿਣ ਲੱਗੇ, ਮਹਾਰਾਜ! ਸਾਨੂੰ ਵੀ ਆਪ ਕ੍ਰਿਪਾ ਕਰਕੇ ਕੁਛ ਗਿਆਤ ਕਰਾਓ ਕਿ ਕੀ ਮਾਮਲਾ ਹੈ।

ਮਹਾਰਾਜ ਕਹਿੰਦੇ, ਗੁਰੂ ਛੇਵੇਂ ਪਾਤਸ਼ਾਹ ਜਦੋਂ ਇਸ ਪਿੰਡ 'ਚ ਆਏ ਨੇ, ਇਥੇ ਦਾ ਇਹ ਵੱਡਾ ਚੌਧਰੀ ਸੀ, ਇਲਾਕੇ ਦਾ।

ਗੁਰੂ ਮਹਾਰਾਜ ਜਦੋਂ ਆਏ ਤਾਂ ਇਹ ਉਹਨਾਂ ਦੇ ਦਰਸ਼ਨ ਕਰਨ ਆਇਆ, ਐਡਾ ਹੰਕਾਰ ਇਹਦੇ ਮਨ ਵਿਚ ਆਪਣੀ ਚੌਧਰ ਦਾ ਕਿ ਨਾ ਆ ਕੇ ਸੀਸ ਨਿਵਾਇਆ ਤੇ ਕੋਸ਼ਿਸ਼ ਕਰੇ ਕਿ ਮਹਾਰਾਜ ਦੇ ਪਲੰਘ ਦੇ ਉਤੇ ਹੀ ਮੈਂ ਬਹਿ ਜਾਵਾਂ।

ਸਿੱਖਾਂ ਨੇ ਸਮਝਾਇਆ ਕਿ ਮੂਰਖਾ! ਤੂੰ ਕੀ ਸਮਝਦੈਂ ਗੁਰੂ ਨੂੰ, ਆਪਣਾ ਭਲਾ ਕਰਾ ਲੈ। ਕਹਿੰਦੇ, ਅਭਿਮਾਨ 'ਚ ਸੀ, ਗੱਲ ਸਮਝ 'ਚ ਨਾ ਆਈ ਉਸਦੇ। ਬਿਨਾਂ ਨਮਸ਼ਕਾਰ ਕਰੇ, ਬਿਨਾਂ ਸੇਵਾ ਪੁੱਛੇ ਚਲਿਆ ਗਿਆ।

ਕਹਿੰਦੇ, ਮਰਨ ਤੋਂ ਬਾਅਦ –

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥* ਅੰਗ– ੫੨੬

ਕਹਿੰਦੇ, ਉਹਨੇ ਉਹਨੂੰ ਸੱਪ ਬਣਾ ਦਿਤਾ ਤੇ ਇਥੇ ਉਸ ਵੇਲੇ ਤੋਂ ਹੀ ਘੁੰਮਦਾ ਫਿਰਦੈ। ਐਨਾ ਤਪਿਆ ਹੋਇਐ ਕਿ ਸ਼ਾਂਤੀ ਨਹੀਂ ਆ ਰਹੀ ਇਸ ਨੂੰ ਜਲ ਰਿਹੈ। ਬਹੁਤ ਜ਼ਹਿਰੀਲਾ ਸੱਪ ਹੈ। ਸੋ ਇਹਦਾ ਸਮਾਂ ਆ ਗਿਆ ਸੀ।

ਆਪ ਤਾਂ ਮਹਾਰਾਜ ਜੀ ਇਹ ਗੱਲ ਕਹਿ ਨਹੀਂ ਸੀ ਸਕਦੇ। ਉਹ ਗੱਲ ਅਸੀਂ ਕਹਿ ਸਕਦੇ ਹਾਂ। ਉਹ ਇਹ ਹੈ ਕਿ ਮਹਾਂਪੁਰਸ਼ਾਂ ਦਾ, ਪੂਰਨ ਬ੍ਰਹਮਗਿਆਨੀ ਦਾ ਦਰਸ਼ਨ ਕੀਤਾ ਤੇ ਉਹ ਨਿਮਰਤਾ 'ਚ ਆ ਗਿਆ। ਫਨ ਚੁੱਕ-ਚੁੱਕ ਕੇ ਬੇਨਤੀਆਂ ਕਰਦੈ ਕਿ ਮੇਰਾ ਵੀ ਉਧਾਰ ਕਰੋ। ਪੰਜ ਸੱਤ ਦਿਨ ਉਹਦੇ ਉਤੇ ਦ੍ਰਿਸ਼ਟੀ ਪੈਂਦੀ ਰਹੀ, ਮਹਾਂਪੁਰਸ਼ਾਂ ਦੀ –

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
ਅੰਗ– ੨੭੩

ਠੰਢ ਪਾ ਦਿਤੀ, ਅਖੀਰ ਸਮਾਂ ਆ ਗਿਆ ਤੇ ਕਾਲ ਦੇ ਵਸ ਹੋ ਗਿਆ। ਸੋ ਵੱਡੇਪਣ ਨੇ ਕਿੱਥੇ ਪਹੁੰਚਾ ਦਿਤਾ ਉਸ ਨੂੰ ਸੱਪ ਬਣਨਾ ਪੈ ਗਿਆ। ਮਹਾਰਾਜ ਕਹਿੰਦੇ, ਪਿਆਰਿਓ! ਛੁਟਕਾਰਾ ਨਹੀਂ ਹੋਇਆ –

*ਕਹੁ ਨਾਨਕ ਇਹੁ ਤਤੁ ਬੀਚਾਰਾ ॥*
*ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥* ਅੰਗ– ੧੯੮

ਭਜਨ ਤੋਂ ਬਗੈਰ ਕਿਸੇ ਦਾ ਛੁਟਕਾਰਾ ਸੰਸਾਰ 'ਚ ਨਹੀਂ ਹੁੰਦਾ। ਜਿੰਨੀ ਇਹ ਚੀਜ਼ ਕੀਮਤੀ ਹੈ ਓਨੇ ਹੀ ਅਸੀਂ ਇਸ ਵਲੋਂ ਅਵੇਸਲੇ ਹਾਂ। ਕਾਰਨ ਕੀ ਹੈ? ਕਿਉਂ ਨਹੀਂ ਸਾਡੇ ਮਨ 'ਚ ਇਹ ਗੱਲ ਵਸਦੀ। ਉਹ ਇਹ ਹੈ ਕਿ ਸਾਡੇ ਭਾਗ ਨਹੀਂ ਜਾਗੇ। ਸਮਾਂ ਨਹੀਂ ਆਇਆ ਤੇ ਅਸੀਂ ਉਸ ਗੱਲ ਦੀ ਓਨੀਂ ਤਵੱਜੋ ਨਹੀਂ ਦਿਤੀ। ਜੇ ਦਿਤੀ ਹੈ ਤਾਂ ਸਾਧੂ ਮਹਾਂਪੁਰਸ਼ਾਂ ਨੂੰ ਇਸ ਗੱਲ ਦਾ ਪਤਾ ਹੁੰਦਾ ਹੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਮਹਿਮਾ ਹਰਿ ਨਾਮ ਦੀ,*
*ਸੰਤਾਂ ਦੇ ਹਿਰਦੇ ਵਸਦੀ।*

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥* ਅੰਗ– ੨੬੫

ਜਿੰਨੀ ਖੋਟੀ ਮੱਤ ਹੈ, ਜਿੰਨੇ ਮਾੜੇ ਸੰਸਕਾਰ ਨੇ। ਜੋ ਬੁੱਧੀ ਕੂੜ-ਕਬਾੜ ਨਾਲ ਭਰੀ ਪਈ ਹੈ। ਹਨ੍ਹੇਰਾ ਹੀ ਹਨ੍ਹੇਰਾ ਹੈ, ਬੇਚੈਨੀ ਹੀ ਬੇਚੈਨੀ ਹੈ। ਮਹਾਰਾਜ ਕਹਿੰਦੇ, ਮਹਾਂਪੁਰਸ਼ਾਂ ਦੀ ਸੰਗਤ ਕਰਕੇ ਇਹ ਖੋਟੀ ਮੱਤ ਦੂਰ ਹੋ ਜਾਇਆ ਕਰਦੀ ਹੈ। ਇਹ ਮੱਤ ਨਹੀਂ ਰਿਹਾ ਕਰਦੀ। ਸੋ ਇਸ ਤਰ੍ਹਾਂ ਦੇ ਨਾਲ ਸਾਧੂ ਦੀ ਸੰਗਤ ਦੀ। ਕਿਉਂਕਿ ਉਹਨੇ ਨਾਮ ਜਪਿਆ ਹੁੰਦੈ, ਉਹਦਾ ਫਲ ਕੀ ਹੁੰਦੈ? –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
ਅੰਗ– ੬੫੧

ਸਾਡੇ ਮਨ ਜਨਮਾਂ-ਜਨਮਾਂਤਰਾਂ ਦੀ ਮੈਲ ਲੱਗਣ ਦੇ ਨਾਲ, ਪਾਪਾਂ ਦੀ ਜੋ ਸਿਆਹੀ ਹੈ ਉਹਦੇ ਨਾਲ ਬਿਲਕੁਲ ਕਾਲੇ ਹੋਏ ਪਏ ਨੇ। ਉਹ ਸਾਰੇ ਪਾਪਾਂ ਦਾ ਨਾਸ ਹੋ ਜਾਇਆ ਕਰਦੈ –

*ਧਾਰਨਾ – ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ,*
*ਸੰਗਤ ਕਰਕੇ ਸਾਧੂਆਂ ਦੀ।*

ਸਾਧੂ ਦੀ ਸੰਗਤ ਨਾਲ ਸਾਰੇ ਜਿਹੜੀ ਦੂਰਤ ਨੇ ਖਤਮ ਹੋ ਜਾਂਦੇ ਨੇ।

*ਹਰਿ ਸਿਮਰਤ ਸਭਿ ਮਿਟਹਿ ਕਲੇਸ ॥* ਅੰਗ– ੧੯੪

ਮਹਾਰਾਜ ਕਹਿੰਦੇ ਕੋਈ ਵੀ ਪਾਪ ਨਹੀਂ ਬਚਦਾ। ਕਿਉਂਕਿ ਸਾਧੂ ਦੀ ਸੰਗਤ ਤੋਂ ਬਗੈਰ ਨਾਮ ਨਹੀਂ ਚਲਿਆ ਕਰਦਾ। ਜਦੋਂ ਨਾਮ ਮਨ ਵਿਚ ਵਸ ਗਿਆ ਉਸ ਵਕਤ ਸਾਰੇ ਕਲੇਸ਼ ਮਿਟਣੇ ਸ਼ੁਰੂ ਹੋ ਗਏ –

*ਚਰਣ ਕਮਲ ਮਨ ਮਹਿ ਪਰਵੇਸ ॥* ਅੰਗ– ੧੯੪

ਵਾਹਿਗੁਰੂ ਜੀ ਦਾ ਅਸਲੀ ਸਰੂਪ ਹੈ, ਨਿਰਗੁਣ ਸਰੂਪ, ਘਟ-ਘਟ 'ਚ ਵਿਆਪਕ ਉਹਦੇ 'ਚ ਜੋ ਨਾਮ ਦੀ ਰੌ ਹੈ, ਨਾਮ ਦੀ ਜੋ ਤਰੰਗ ਹੈ ਜਿਸ ਨੂੰ ਚਰਨਾਂ ਦੇ ਨਾਲ ਤਸ਼ਵੀਹ ਦਿਤੀ ਹੈ, ਉਹ ਪ੍ਰਵੇਸ਼ ਕਰ ਜਾਂਦੇ ਨੇ ਮਨ ਦੇ ਅੰਦਰ। ਸੋ ਮਹਾਰਾਜ ਸਾਨੂੰ ਕਹਿੰਦੇ ਨੇ ਕਿ ਪਿਆਰਿਓ! ਤੁਸੀਂ ਵੀ ਨਾਮ ਜਪੋ।

*ਉਚਰਹੁ ਰਾਮ ਨਾਮੁ ਲਖ ਬਾਰੀ ॥*
*ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥ ਅੰਗ- ੧੯੪*

ਐ ਪਿਆਰੀ ਸੰਗਤ! ਤੁਸੀਂ ਵੀ ਨਾਮ ਦਾ ਰਸ ਪੀਵੋ। ਉਥੇ ਹੈ ਕੀ? ਜਦੋਂ ਨਾਮ ਦੇ ਮੰਡਲ 'ਚ ਪਹੁੰਚ ਗਏ। ਉਥੇ ਚਾਹੇ ਕੋਈ ਚੀਜ਼ ਨਹੀਂ ਦੁਨੀਆਂ ਦੀ-

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਅੰਗ- ੭੦੭*

ਮਹਾਰਾਜਿਆਂ ਦਾ ਵੀ ਮਨ ਅਨੰਦ ਨਹੀਂ ਹੁੰਦਾ। ਰਾਜਿਆਂ ਦਾ ਤਾਂ ਮਨ ਹਰ ਵਕਤ ਕਲਪਨਾ 'ਚ ਰਹਿੰਦਾ ਹੈ। ਜਲਦਾ ਹੈ ਉਹ। ਸੋ ਉਹਨੂੰ ਮਹਾਂ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ -

*ਸੂਖ ਸਹਜ ਰਸ ਮਹਾ ਅਨੰਦਾ ॥*
*ਜਪਿ ਜਪਿ ਜੀਵੇ ਪਰਮਾਨੰਦਾ॥ ਅੰਗ- ੧੯੪*

ਤੇ ਜਿਹੜੇ ਪੰਜ ਚੋਰ ਨੇ, ਤੰਗ ਕਰਦੇ ਨੇ, ਅੰਮ੍ਰਿਤ ਲੁਟਦੇ ਨੇ -

*ਕਾਮ ਕ੍ਰੋਧ ਲੋਭ ਮਦ ਖੋਏ ॥*
*ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥ ਅੰਗ- ੧੯੪*

ਪੰਜੇ ਚੋਰ ਤੇ ਇਹਨਾਂ ਦੇ ਹੋਰ ਸਾਥੀ ਤੇ ਕੁੱਲ ਪਾਪ ਜਿਹੜੇ ਨੇ ਸਾਧੂ ਦੀ ਸੰਗਤ ਕਰਨ ਦੇ ਨਾਲ ਕਹਿੰਦੇ ਖੋ ਜਾਂਦੇ ਨੇ, ਖਤਮ ਹੋ ਜਾਂਦੇ ਨੇ। ਧੋਤੇ ਜਾਂਦੇ ਨੇ। ਅੰਤਸ਼ਕਰਣ ਨਿਰਮਲ ਹੋ ਜਾਂਦੈ।

*ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥*
*ਨਾਨਕ ਦੀਜੈ ਸਾਧ ਰਵਾਲਾ ॥ ਅੰਗ- ੧੯੪*

ਹੇ ਵਾਹਿਗੁਰੂ! ਜੇ ਤੂੰ ਮੇਰੇ 'ਤੇ ਪ੍ਰਸੰਨ ਹੈਂ, ਮੇਰੇ 'ਤੇ ਪ੍ਰਸੰਨ ਹੋ ਕੇ ਮੈਂ ਕੀ ਮੰਗਦਾ ਹਾਂ। ਜੋ ਮੇਰੀ ਮੰਗ ਹੈ ਉਹ ਦੇਹ। ਉਹ ਇਹ ਹੈ ਕਿ ਸਾਧੂਆਂ ਦੇ ਚਰਨਾਂ ਦੀ ਧੂੜ ਬਖਸ਼ ਦੇ। ਜਿਨ੍ਹਾਂ ਦੇ ਪ੍ਰਤਾਪ ਕਰਕੇ ਸਾਰੇ ਪਾਪਾਂ ਦਾ ਖਾਤਮਾ ਹੋ ਜਾਂਦੈ ਤੇ ਮਹਾਂ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। 'ਕਿਲਬਿਖ' ਪਾਪਾਂ ਨੂੰ ਕਹਿੰਦੇ ਨੇ, ਬੇਅੰਤ ਪਾਪ। ਗੁਰੂ ਘਰ ਦੇ ਅੰਦਰ ਐਸੀਆਂ ਮਿਸਾਲਾਂ ਆਉਂਦੀਆਂ ਨੇ, ਪ੍ਰਤੱਖ ਮਿਸਾਲਾਂ। ਜਿਥੇ ਆਦਮੀ ਐਨਾ ਪਾਪੀ ਹੋ ਚੁਕਿਐ ਕਿ ਉਹ ਉਮੀਦ ਜਾਂਦੀ ਰਹੀ, ਵਾਪਸ ਆਉਣ ਦਾ ਜੋ ਸਾਰਾ ਹੀ ਸਮਾਂ ਸੀ, ਉਹ ਹੱਥੋਂ ਖੋਹਿਆ ਗਿਆ ਤੇ ਰੌ 'ਚ ਰੁੜ ਗਿਆ ਕਿ ਹੁਣ ਇਹ ਮੁੜ ਨਹੀਂ ਸਕਦਾ। ਤੇਜ਼ ਪਾਣੀ ਦੇ ਅੰਦਰ ਜੇ ਕੋਈ ਚੀਜ਼ ਰੁੜ੍ਹ ਜਾਵੇ ਤੇ ਉਹ ਕਿਵੇਂ ਆਪਣੇ ਸ੍ਰੋਤ 'ਤੇ ਵਾਪਸ ਆ ਸਕਦੀ ਹੈ।

ਸੋ ਐਸਾ ਇਕ ਜ਼ਿਕਰ ਆਉਂਦੈ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਉਂ ਕਿਹਾ ਹੈ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥*
*ਜਿਹ ਸਿਮਰਤ ਗਨਕਾ ਸੀ ਉਧਰੀ.....॥ ਅੰਗ - ੬੩੨*

ਮਿਸਾਲ ਦਿਤੀ ਹੈ ਮਹਾਰਾਜ ਨੇ। ਆਮ ਆਦਮੀਆਂ ਦੀ ਤਾਂ ਸਾਰਿਆਂ ਦੀ ਇਸ ਵਿਚ ਆ ਗਈ। ਹਾਥੀ ਦੇ ਪੈੜ ਵਿਚ ਕਹਿੰਦੇ ਨੇ ਸਾਰੇ ਜਾਨਵਰਾਂ ਦੀ ਪੈੜ ਆ ਜਾਂਦੀ ਹੈ। ਕੜਾਹੇ ਦੇ ਦੋ ਕੁੰਡੇ ਫੜ ਲਓ, ਜਿੰਨੀਆਂ ਸਾਰੀਆਂ ਚੀਜ਼ਾਂ ਨੇ ਵਿਚੇ ਆ ਗਈਆਂ ਉਹਦੇ। ਕੜਾਹਾਂ ਚੁੱਕ ਲਿਆ ਸਭ ਚੀਜ਼ਾਂ ਚੁੱਕੀਆਂ ਗਈਆਂ। ਸੋ ਐਸੀ ਮਿਸਾਲ ਪੇਸ਼ ਕਰਨੀ ਕਿ ਜਿਹੜਾ ਆਮ ਸਮਾਜ ਦੇ ਅੰਦਰ ਇਹੋ ਜਿਹਾ ਕੋਈ ਬੰਦਾ ਨਾ ਲੱਭੇ, ਉਹਦੇ ਬਾਰੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪਾਪਾਂ ਦਾ ਹਾਰ ਪਰੋਤਾ,*
*ਗਨਕਾ ਪਾਪਣ ਨੇ।*
*ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥*
*ਭਾਈ ਗੁਰਦਾਸ ਜੀ, ਵਾਰ੧੦/੨੧*

ਉਹ ਪਾਪਾਂ ਦੀ ਭਰੀ ਹੋਈ ਪੈਦਾ ਨਹੀਂ ਸੀ ਹੋਈ। ਲੇਕਿਨ ਬਾਅਦ ਵਿਚ ਪਾਪ ਕਰਕੇ ਪਾਪਣ ਬਣ ਗਈ। ਨਾਮ ਜਪਣ ਵਾਲਾ ਸਾਧੂ ਬਣ ਜਾਂਦੈ, ਚੋਰੀਆਂ ਕਰਨ ਵਾਲਾ ਚੋਰ ਬਣ ਜਾਂਦੈ, ਡਾਕੇ ਮਾਰਨ ਵਾਲਾ ਡਾਕੂ ਬਣ ਜਾਂਦੈ। ਪਹਿਲਾਂ ਨਹੀਂ ਉਹ ਹੁੰਦਾ। ਲੇਕਿਨ ਜਿਹੋ ਜਿਹਾ ਉਹਦੇ ਉਤੇ ਅਸਰ ਹੁੰਦੈ। ਜਿਹੋ ਜਿਹੇ ਉਹ ਕੰਮ ਕਰਦੈ ਉਹੋ ਜਿਹੀ ਉਪਾਧੀ ਉਹਨੂੰ ਮਿਲ ਜਾਂਦੀ ਹੈ। ਸੋ ਇਸ ਨੂੰ ਉਪਾਧੀ ਪਾਪਣ ਦੀ ਮਿਲ ਗਈ। ਕਹਿੰਦੇ, ਇੰਨੇ ਪਾਪ ਇਸ ਨੇ ਕਰੇ ਕਿ ਮਾਨੋ ਹਾਰ ਹੀ ਪਰੋ ਲਿਆ। ਸਮਝ ਹੁੰਦੀ ਹੈ ਆਪਣੀ-ਆਪਣੀ।

ਇਕ ਵਾਰੀ ਐਸੀ ਕਲਚਰ ਸੀ ਇਟਲੀ ਦੇ ਸ਼ਹਿਰਾਂ, ਸਮੁੰਦਰ ਦੇ ਨਾਲ ਲਗਦੇ। ਉਥੇ ਐਸੀ ਕਲਚਰ ਸੀ ਕਿ ਔਰਤਾਂ ਪਤੀਵਰਤਾ ਹੋਣਾ ਬੁਰਾ ਮੰਨਦੀਆਂ ਸੀ। ਇੱਜ਼ਤ ਇਸ ਗੱਲ 'ਚ ਸੀ ਕਿ ਇਹਨੇ ਕਿੰਨੇ ਪਾਪ ਕਰੇ ਨੇ। ਵੱਡੀਆਂ-ਵੱਡੀਆਂ ਮਾਲਾਂ ਕਿੱਲ੍ਹੀਆਂ 'ਤੇ ਲਟਕਦੀਆਂ ਰਹਿੰਦੀਆਂ ਸੀ। ਜਦੋਂ ਇਕ ਪਾਪ ਕਰ ਲਿਆ, ਇਕ ਵਿਭਚਾਰ ਕਰ ਲਿਆ ਉਹਨੂੰ ਗੰਢ ਦੇ ਦਿੰਦੀਆਂ ਸੀ। ਜਦੋਂ ਇਕੱਠੀਆਂ ਹੋਣਾ ਉਹ ਮਾਲਾ ਗਲ 'ਚ ਪਾਉਂਦੀਆਂ ਸੀ। ਜਿਹਦੇ ਬਹੁਤੀਆਂ ਗੰਢਾਂ ਹੁੰਦੀਆਂ ਉਹਨੂੰ ਕਹਿਣਾ ਕਿ ਇਹ ਬਹੁਤ ਵੱਡੀ ਹੈ। ਕਲਚਰ ਹੈ, ਬੇਸਮਝੀ ਹੈ। ਨਤੀਜਾ ਕੀ ਹੋਇਆ, ਉਹ ਧਰਤੀ ਐਨੀ ਭਾਰੀ ਹੋ ਗਈ ਦੋ ਸ਼ਹਿਰਾਂ ਦੀ ਕਿ ਪਹਾੜ ਫਟਿਆ, ਲਾਵਾ ਨਿਕਲਿਆ, ਪੂਰੇ ਦੇ ਪੂਰੇ ਦੋਵੇਂ ਸ਼ਹਿਰ ਧਰਤੀ 'ਚ ਗਰਕ ਹੋ ਕੇ

ਉਤੇ ਲਾਵਾ ਪੈ ਗਿਆ ਗਰਮ। ਸਮੁੰਦਰ ਦੀ ਤਹਿ 'ਚ ਨੇ ਉਹ ਦੋਵੇਂ ਸ਼ਹਿਰ। ਉਸ ਵੇਲੇ ਤੋਂ ਹੀ ਮਹਾਂਪੁਰਸ਼ ਉਹਦਾ ਹਵਾਲਾ ਦਿੰਦੇ ਆਉਂਦੇ ਨੇ। ਦੇਖੋ ਐਨਾ ਪਾਪ ਵਧ ਗਿਆ ਕਿ ਪ੍ਰਮੇਸ਼ਰ ਨੂੰ ਭਾਇਆ ਨਾ। ਨਤੀਜਾ ਕੀ ਹੋਇਆ, ਉਹਨਾਂ ਨੂੰ ਸਜ਼ਾ ਭੁਗਤਣੀ ਪਈ। ਕਿਉਂਕਿ ਪਾਪ ਨੂੰ ਪੁੰਨ ਕਰਕੇ ਜਾਣਿਆ।

ਆਦਮੀ ਦੇ ਮਨ ਦੀ ਦਸ਼ਾ ਹੋਇਆ ਕਰਦੀ ਹੈ। ਇਕਨਾ ਦਾ ਜੀਅ ਕਰਦੈ ਕਿ ਨਾਮ ਜਪੀਏ, ਬੰਦਗੀ ਕਰੀਏ, ਭਗਤੀ ਕਰੀਏ, ਪਿਆਰੀ ਲਗਦੀ ਹੈ। ਉਹਦੇ ਵਿਪਰੀਤ ਜਿਹੜੇ ਨੇ ਉਹ ਭਗਤੀ ਦਾ ਨਾਮ ਲੈਣ ਨੂੰ ਤਿਆਰ ਨਹੀਂ ਤੇ ਪਾਪਾਂ ਦੇ ਵਿਚ ਖੁਸ਼ੀ ਮਹਿਸੂਸ ਕਰਦੇ ਨੇ –

*ਧਾਰਨਾ – ਪਾਪੀ ਬੰਦਿਆਂ ਨੂੰ ਪਾਪ ਪਿਆਰਾ,*
*ਭਗਤੀ ਨਾ ਭਾਵੇ ਰੱਬ ਦੀ।*

*ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥*
*ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥*

*ਅੰਗ- ੧੩੬੮*

ਮਿਸਾਲ ਦਿੰਦੇ ਨੇ ਕਿ ਮੱਖੀ ਸੁਗੰਧੀ ਦੇ ਉਤੇ ਨਹੀਂ ਆਇਆ ਕਰਦੀ, ਜਿੱਥੇ ਦੁਰਗੰਧੀ ਹੋਵੇ, ਉਥੇ ਜਾ ਕੇ ਚਿੰਬੜ ਜਾਇਆ ਕਰਦੀ ਹੈ। ਇਸੇ ਤਰ੍ਹਾਂ ਦੇ ਨਾਲ ਜਿਸਦਾ ਹਿਰਦਾ ਪਾਪ ਨਾਲ ਬੱਜਰ ਹੋ ਗਿਆ, ਸੁੰਨ ਹੋ ਗਿਆ, ਉਹਦਾ ਸੁਭਾਅ ਹੀ ਪਾਪ ਕਰਨਾ ਹੋ ਜਾਇਆ ਕਰਦਾ ਹੈ। ਪਾਪ ਕਰਦੈ, ਅੱਗਾ ਵੀ ਭੁੱਲ ਜਾਂਦੈ, ਪਿੱਛਾ ਵੀ ਭੁੱਲ ਜਾਇਆ ਕਰਦੈ। ਲੇਕਿਨ ਇਹ ਨਹੀਂ ਪਤਾ ਕਿ ਹਰ ਵਕਤ ਦੇਖਣ ਵਾਲਾ ਵਾਹਿਗੁਰੂ ਅੰਦਰ-ਬਾਹਰ ਤੇਰੇ ਨਾਲ ਰਹਿੰਦੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*

*ਅੰਗ- ੬੭੭*

ਨਾਸਤਕ ਬੰਦੇ ਹੁੰਦੇ ਨੇ, ਪਾਪ ਦੇ ਵਿਚ ਪ੍ਰਵਿਰਤ ਹੋ ਜਾਂਦੇ ਨੇ ਤੇ ਪਾਪ ਨੂੰ ਪੁੰਨ ਬਣਾ ਲੈਂਦੇ ਨੇ। ਕਹਿੰਦੇ ਨੇ ਕਿ ਅਸੀਂ ਤਾਂ ਕਿਤੇ ਗਲਤ ਨਹੀਂ। ਸ਼ਰਾਬ ਪੀਣ ਵਾਲੇ ਨੂੰ ਪੁੱਛੋ, ਕਹੇਗਾ ਮੈਂ ਕਿਸੇ ਦਾ ਗਲ ਵੱਢਦਾਂ? ਚਲੋ ਤੁਸੀਂ ਕਹਿ ਦਿਓ ਕਿ ਮਾਸ ਖਾਣਾ ਪਾਪ ਹੈ। ਮਾੜਾ ਹੈ। ਕਿਸੇ ਜਾਨਵਾਰ ਦਾ ਗਲ ਵੱਢਾਂਗੇ, ਤਾਂ ਖਾਵਾਂਗੇ। ਕਈ ਕਹਿੰਦੇ ਨੇ ਕਿ ਅਸੀਂ ਤਾਂ ਵੱਢਦੇ ਹੀ ਨਹੀਂ ਹਾਂ। ਅਸੀਂ ਤਾਂ ਆਪਣੀ ਕਿਰਤ ਕਰਦੇ ਹਾਂ, ਪੈਸੇ ਦੇ ਬਦਲੇ ਸਬਜ਼ੀ ਨਾ ਲਿਆਂਦੀ ਤੇ ਅਸੀਂ ਮਾਸ ਲੈ ਆਏ। ਇਹਦੇ 'ਚ ਕੀ ਫਰਕ ਪੈ ਗਿਆ। ਮਹਾਂਪੁਰਸ਼ ਕਹਿੰਦੇ, ਨਹੀਂ ਪਿਆਰਿਆ ਛੇ ਜਣੇ ਭਾਗੀ ਹੋਇਆ ਕਰਦੇ ਨੇ ਇਸ ਪਾਪ ਦੇ। ਜਿੱਡਾ ਵੱਢਣ ਵਾਲਾ ਹੈ, ਓਨਾਂ ਹੀ ਖਾਣ ਵਾਲਾ ਹੈ। ਜੇ ਉਹ ਖਾਂਦੇ ਨੇ ਤਾਂਹੀ ਵੱਢਦੈ। ਜੇ ਉਹ ਖਾਵੇ ਹੀ ਨਾ, ਤਾਂ ਕੌਣ ਵੱਢ ਕੇ ਵੇਚੇ। ਇਸੇ ਤਰ੍ਹਾਂ ਸ਼ਰਾਬ ਵਾਲਾ ਕਹਿੰਦਾ ਹੈ ਕਿ ਮੈਂ ਕਰਦਾ ਕੀ ਹਾਂ। ਮੈਂ ਤਾਂ ਇਕ ਸੜਿਆ ਹੋਇਆ ਪਾਣੀ ਜਿਹਨੂੰ ਡੋਲ੍ਹ ਦੇਣੈ, ਕੋਈ ਪਸੰਦ ਨਹੀਂ ਕਰਦਾ, ਬਦਬੂ ਮਾਰਦੈ। ਉਹਨੂੰ ਅੱਗ ਤੇ ਰੱਖ ਕੇ ਡਿਸਟ੍ਰਿਲ ਕਰ ਲੈਨੈ। ਤੁਸੀਂ ਮੈਨੂੰ ਪਾਪੀ-ਪਾਪੀ ਕਹੀ ਜਾਨੇ ਓਂ। ਫੇਰ ਕਹਿੰਦੇ ਹੋਂ ਕਿ ਦਰਗਾਹ ਦੇ ਵਿਚ ਧੱਕੇ ਖਾਏਂਗਾ। ਮੈਂ ਕੀ ਕਰ ਦਿਤਾ? ਮੈਂ ਤਾਂ ਕੁਛ ਨਹੀਂ ਕਰਦਾ।

ਪ੍ਰਮੇਸ਼ਰ ਕਹਿੰਦਾ, ਪਿਆਰਿਆ! ਤੈਨੂੰ ਮਾਣਸ ਸਰੀਰ ਦਿਤੈ, ਜਿਹਦੀ ਕੋਈ ਕੀਮਤ ਨਹੀਂ ਹੈ। ਬਹੁਤ ਦੇਰ ਤੋਂ ਬਾਅਦ ਤੇਰੀ ਵਾਰੀ ਆਈ ਹੈ। ਕਿੰਨੀ ਰੀਝ ਦੇ ਨਾਲ ਪ੍ਰਭੂ ਨੇ ਸਰੀਰ ਰਚਿਆ ਹੈ। 14 ਖਰਬ ਸੈੱਲ ਨੇ, 15 ਅਰਬ ਇਕੱਲੇ ਦਿਮਾਗ (brain) ਵਿਚ ਨੇ। 72 ਕਰੋੜ 72 ਲੱਖ, 72000 ਲਹੂ ਦੀਆਂ ਨਾੜੀਆਂ (blood chnnel) ਲਾਈਆਂ ਹਨ, ਕੋਈ ਲਾ ਸਕਦੈ? ਪੰਜ ਇਹਦੇ ਵਿਚ ਮੁੱਖ ਸ਼ਕਤੀਆਂ, ਪੰਜ ਪ੍ਰਾਣ-ਪ੍ਰਾਣ, ਉਪਾਨ, ਬਿਆਨ, ਉਦਾਨ, ਸਮਾਨ। ਵੱਖਰਾ-ਵੱਖਰਾ ਕੰਮ ਕਰਨ ਵਾਲੀਆਂ ਮੋਟਰਾਂ ਲਾਈਆਂ ਨੇ। ਦਿਨ ਰਾਤ ਕੰਮ ਕਰਦੀਆਂ ਨੇ। ਸਾਢੇ ਤਿੰਨ ਕਰੋੜ ਇਹਦੇ ਵਿਚ ਰੋਮ ਰੱਖਿਆ ਹੈ, ਤਾਂ ਕਿ ਇਹਦੀ ਜ਼ਹਿਰ ਜਿਹੜੀ ਹੈ ਨਾਲ ਦੀ ਨਾਲ ਬਾਹਰ ਨਿਕਲੀ ਜਾਵੇ। ਛੇਦ ਰੱਖੇ ਨੇ ਇਹਦੇ ਵਿਚ ਸਾਢੇ ਤਿੰਨ ਕਰੋੜ। 25 ਪ੍ਰਕ੍ਰਿਤੀਆਂ ਨਾਲ ਬੜੀ ਕੀਮਤੀ ਅੱਖ ਤੇਰੀ ਬਣੀ ਹੈ। ਕੰਨ ਬਣੇ ਨੇ। ਰਸਨਾ ਸਵਾਦ ਦੇਖਣ ਵਾਲੀ ਬਣੀ ਹੈ। ਸਰੀਰ ਸਪਰਸ਼ ਵਾਲਾ ਬਣਿਆ ਹੈ। ਨਾਸਿਕਾ ਸੁਗੰਧੀ-ਦੁਰਗੰਧੀ ਲੈਣ ਵਾਲੀ ਬਣੀ ਹੈ। ਕਿਤੇ ਐਵੇਂ ਬਣ ਗਿਆ ਸਰੀਰ। ਕਿੰਨੇ ਹੀ ਤੱਤ ਲਾਏ ਨੇ ਇਹਨੂੰ ਬਣਾਉਣ ਵਾਸਤੇ। ਕਿੰਨੀਆਂ ਸੁੰਦਰ ਚੀਜ਼ਾਂ ਆਹ ਮਿੱਟੀ ਦੇ ਵਿਚੋਂ ਘੜ ਕੇ ਦੇ ਦਿਤੀਆਂ। ਫੇਰ ਤੈਨੂੰ ਮੌਕਾ ਦਿਤਾ ਹੈ ਕਿ ਤੂੰ ਹੁਣ ਆਪਣੇ ਸਾਰੇ ਦੁੱਖਾਂ ਨੂੰ ਖਤਮ ਕਰ ਸਕਦੈਂ? ਕੇਵਲ ਕਰਮ, ਉਪਾਸ਼ਨਾ, ਗਿਆਨ, ਵਿਗਿਆਨ, ਕਿਸੇ ਮਹਾਂਪੁਰਸ਼ ਦੀ ਸੰਗਤ ਕਰਕੇ ਚੜ੍ਹਾਈ ਕਰ ਲੈ, ਅੰਦਰ ਖੋਜ ਲੈ। ਜਦੋਂ ਖੋਜ ਲਿਆ –

*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥*

*ਅੰਗ- ੧੩੬੯*

ਤੇਰੇ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਏਗਾ। ਉਹ ਜੇ ਇਹਦਾ ਸਤਿਆ ਨਾਸ ਕਰ ਦਿੰਦੈ, ਜਿਸ ਦਾ ਮੁੱਲ ਹੀ ਨਹੀਂ ਹੈ ਸਰੀਰ ਦਾ। ਦੋਸ਼ੀ ਹੋਇਆ ਕਿ ਨਾ ਹੋਇਆ। ਚਾਹੇ ਉਹਦਾ ਹੀ ਹੈ। ਉਹ ਤਾਂ ਕਹਿ ਨਹੀਂ ਸਕਦਾ ਕਿ ਮੇਰਾ ਹੈ। ਦਿਤਾ ਕੀਹਨੇ ਹੈ? ਮਾਨਸ ਜਨਮ ਪ੍ਰਮੇਸ਼ਰ ਨੇ ਦਿਤਾ ਹੈ ਸਾਨੂੰ। ਅਸੀਂ ਇਹਦੇ ਵਿਚ ਬੁੱਧ

ਰੂਪੀ ਡਰਾਈਵਰ ਬਣ ਕੇ ਬੈਠੇ ਹੋਏ ਹਾਂ, ਜੇ ਖੱਡਿਆਂ ਦੇ ਵਿਚ ਲਿਜਾ ਕੇ ਇਸ ਵਾਹਨ ਨੂੰ ਤੋੜ ਦੇਈਏ, ਭੰਨ ਦੇਈਏ, ਫੇਰ ਦੋਸ਼ ਲੱਗੇਗਾ ਕਿ ਨਹੀਂ? ਇਹ ਕਹਿੰਦੈ, ਮੈਂ, ਮੈਂ ਤਾਂ ਨਹੀਂ ਹੈ, ਸਰੀਰ ਤਾਂ ਪ੍ਰਮੇਸ਼ਰ ਦਾ ਦਿਤਾ ਹੋਇਐ।

ਜੇ ਰੱਬ ਅਧਰੰਗ ਕਰ ਦੇਵੇ, ਕੈਂਸਰ ਕਰ ਦੇਵੇ, ਦੋਵੇਂ ਅੱਖਾਂ ਲੈ ਲਵੇ; ਨੱਠਿਆ ਫਿਰੇਂਗਾ। ਸੋ ਇਸ ਕਰਕੇ ਦੋਸ਼ੀ ਬਣ ਜਾਂਦੈ।

ਇਸੇ ਤਰ੍ਹਾਂ ਕਾਮੀ ਬੰਦਾ ਹੈ, ਕਹਿੰਦਾ ਕਿ ਅਸੀਂ ਕੀ ਕਰਦੇ ਹਾਂ ਕਿਸੇ ਨੂੰ। ਸੋ ਇਸ ਤਰ੍ਹਾਂ ਦੇ ਨਾਲ ਪਾਪ ਨੂੰ ਠੀਕ ਸਿੱਧ ਕਰ ਲੈਂਦੈ। ਇਹ ਸਮਝਦੇ ਨੇ ਕਿ ਬਹੁਤ ਸਾਰੇ ਪਾਪ ਕਰਕੇ, ਛੁਪਾ ਕੇ ਰਖਦੇ ਨੇ ਕਿ ਲੋਕਾਂ ਨੂੰ ਨਾ ਪਤਾ ਲਗ ਜਾਏ। ਕਿਸੇ ਨੂੰ ਇਸ ਗੱਲ ਦੀ ਗਿਆਤ ਨਾ ਹੋ ਜਾਏ। ਮਹਾਰਾਜ ਕਹਿੰਦੇ ਪਿਆਰਿਆ! ਜਿਹੜੀ ਸਭ ਤੋਂ ਵੱਡੀ ਹਸਤੀ ਹੈ, ਉਸ ਤੋਂ ਕਿਵੇਂ ਛੁਪਾ ਲਏਂਗਾ-

*ਧਾਰਨਾ - ਕਿਵੇਂ ਮੁਕਰੇਂਗਾ ਪਾਪ ਕਰਕੇ ਬੰਦਿਆ,*
*ਰੱਬ ਤੇਰੇ ਨਾਲ ਵਸਦੈ।*

ਕਹਿੰਦੇ ਮੁੱਕਰ ਸਕਦੈਂ? -

*ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥*

*ਅੰਗ- ੩੯*

ਹੁਣ ਕਿਵੇਂ ਮੁਕਰੇਂਗਾ? -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ- ੬੧੨*

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*

*ਅੰਗ- ੬੭੭*

ਜਿਹੜਾ ਐਨਾ ਨੇੜੇ ਵਸਦੈ, ਉਸ ਤੋਂ ਕਿਵੇਂ ਮੁਕਰ ਜਾਏਂਗਾ ਤੂੰ। ਕੋਈ ਹੈ ਤੇਰੇ ਕੋਲ ਤਰੀਕਾ? -

*ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥*

*ਅੰਗ- ੩੯*

ਪਾਪ ਕਰਦੇ ਨੇ, ਉਹਦਾ ਨਤੀਜਾ ਦੁੱਖ ਰੂਪ ਦੇ ਵਿਚ ਸਰੀਰ ਨੂੰ ਭੋਗਣਾ ਪੈਂਦੈ ਤੇ ਉਹਦੇ ਵਿਚੇ ਪਚ ਕੇ ਖਤਮ ਹੋ ਜਾਂਦਾ ਹੈ। ਖੁਸ਼ੀ ਨਹੀਂ ਆਇਆ ਕਰਦੀ, ਪਾਪ ਕਰਨ ਵਾਲੇ ਨੂੰ ਕਦੇ ਵੀ। ਬੰਦਗੀ ਕਰਨ ਵਾਲੇ ਕੋਲ ਕੁਛ ਨਾ ਹੋਵੇ, ਭੁੱਖਾ ਹੋਵੇ, ਛਾਲਾਂ ਮਾਰਦਾ ਫਿਰਦੈ, ਅਨੰਦ ਹੈ, ਝੂੰਮਦੈ ਉਹ।

*ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥*

*ਅੰਗ- ੩੯*

ਜਿਹੜਾ ਤੇਰੇ ਨਾਲ ਰਹਿੰਦਾ ਹੈ ਉਹ ਤੇਰੀ ਨਿਗ੍ਹਾ 'ਚ ਨਹੀਂ ਆਉਂਦਾ। ਕਾਰਨ ਕੀ ਹੈ? ਮਨ ਦੇ ਪਿੱਛੇ ਲੱਗਣ ਵਾਲਾ ਨਹੀਂ ਬੁੱਝਦਾ ਇਸ ਗੱਲ ਨੂੰ। ਗੁਰੂ ਹਾਕਾਂ ਮਾਰਦੇ ਨੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- ੧੩੭੮*

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਬੇਅੰਤ ਸਾਧੂ ਮਹਾਤਮਾ ਆਵਾਜ਼ਾਂ ਮਾਰਦੇ ਨੇ। ਪਰ ਮਨਮੁਖਤਾ ਐਨੀ ਹਿਰਦੇ 'ਚ ਵਸ ਗਈ ਕਿ ਕੀ ਕਰਿਆ ਜਾਵੇ? ਉਹਦਾ ਚਿੱਤ ਨਹੀਂ ਫਿਰਦਾ -

*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ- ੧੩੭੮*

ਨਹੀਂ ਉਹ ਸੁਣਦਾ, ਨਾ ਗੱਲ ਮੰਨਦੈ। ਪਾਪ ਦੇ ਵਿਚ ਮਸਤ ਹੋਇਆ-ਹੋਇਐ -

*ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥*
*ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥*

*ਅੰਗ- ੩੯*

ਗੁਰਮੁਖ ਦੀ, ਗੁਰੂ ਦੀ ਸੰਗਤ ਦੇ ਵਿਚ ਇਹ ਚੀਜ਼ ਪ੍ਰਾਪਤ ਹੋ ਜਾਇਆ ਕਰਦੀ ਹੈ।

ਸੋ ਪਾਪ ਨੂੰ ਕੋਈ ਵੀ ਬੰਦਾ ਨਹੀਂ ਕਹਿੰਦਾ ਕਿ ਚੰਗੀ ਚੀਜ਼ ਹੈ। ਪੁੰਨ ਨੂੰ ਸਾਰੇ ਚੰਗਾ, ਨੇਕੀ ਨੂੰ, ਸੇਵਾ ਨੂੰ ਸਾਰੇ ਕਹਿੰਦੇ ਨੇ ਚੰਗੀ ਗੱਲ ਹੈ। ਜਿਸਦੀ ਮਦਦ ਕਰ ਦਿਓ ਉਹ ਖੁਸ਼ ਹੋ ਜਾਂਦੈ। ਪਾਪ ਕਰਨ ਵਾਲਾ ਵੀ ਕੋਈ ਖੁਸ਼ ਹੁੰਦੈ? ਕਹਿੰਦੇ -

*ਪਾਪੁ ਬੁਰਾ ਪਾਪੀ ਕਉ ਪਿਆਰਾ ॥* *ਅੰਗ- ੯੩੫*

ਜਿਹੜਾ ਪਾਪ ਦੇ ਵਿਚ ਪ੍ਰਵਿਰਤ ਹੋ ਗਿਆ। ਉਹਨੂੰ ਪਾਪ ਪਿਆਰਾ ਲਗਦੈ। ਕਾਰਨ ਦਸਦੈ? ਲੇਕਿਨ ਅੰਦਰਲੀ ਆਵਾਜ਼ ਸ਼ੁੱਧ ਜਿਹੜੀ ਹੈ ਉਹਨੂੰ ਕਿਵੇਂ ਦੂਰ ਕਰੇਗਾ। ਨਕਲੀ ਇਹਦੇ ਅੰਦਰ ਆਵਾਜ਼ ਪੈਦਾ ਹੋ ਗਈ, ਪਾਪਾਂ ਦੇ ਨਾਲ ਭਰੀ ਹੋਈ। ਉਹ ਉਤੋਂ-ਉਤੋਂ ਇਹਦਾ ਮਨ ਲਵਾਉਂਦੀ ਹੈ ਕਿ ਕੀ ਹੋ ਗਿਆ? ਕੁਛ ਨਹੀਂ ਹੈ। ਸਾਰੇ ਲੋਕ ਹੀ ਕਰਦੇ ਨੇ। ਕੀ ਸਭ ਨਰਕਾਂ ਨੂੰ ਜਾਣਗੇ?

ਸੋ ਉਸ ਵੇਲੇ ਠੀਕ ਸਿੱਧ ਕਰ ਲੈਂਦੈ, ਪਿਆਰਾ ਲਗਦੈ ਪਾਪ ਉਸ ਨੂੰ -

*ਪਾਪੁ ਬੁਰਾ ਪਾਪੀ ਕਉ ਪਿਆਰਾ ॥*
*ਪਾਪਿ ਲਦੇ ਪਾਪੇ ਪਾਸਾਰਾ ॥*
*ਪਰਹਰਿ ਪਾਪੁ ਪਛਾਣੈ ਆਪੁ ॥* *ਅੰਗ- ੯੩੫*

ਜੇ ਪਾਪ ਨੂੰ ਛੱਡ ਦੇਵੇ ਤੇ ਆਪਣੇ ਆਪ ਦੀ ਪਛਾਣ ਕਰ ਲਵੇ ਕਿ ਮੈਂ ਕੌਣ ਹਾਂ, ਮਹਾਰਾਜ ਕਹਿੰਦੇ, ਫੇਰ ਉਹ ਪਾਪਾਂ ਤੋਂ ਉਪਰ ਲੰਘ ਜਾਂਦੈ। ਉਹਨੂੰ ਲੇਪ ਨਹੀਂ ਰਹਿੰਦਾ -

*ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥ ਅੰਗ- ੯੩੫*

ਪਾਪ ਦਾ ਫਲ ਕੀ ਹੁੰਦੈ? ਦਰਗਾਹ ਦੇ ਵਿਚ ਜਾ ਕੇ ਕਿੰਨੇ ਦੁਖ ਭੋਗਣੇ ਪੈਂਦੇ ਨੇ। ਪਾਪਾਂ ਦਾ ਜਦੋਂ ਹਿਸਾਬ ਕਿਤਾਬ ਹੁੰਦੈ ਤੇ ਐਸਾ ਮਹਾਰਾਜ ਜੀ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

*ਧਾਰਨਾ - ਜ਼ਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*
*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ- ੩੧੫*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ- ੪੬੪*

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

ਪਿਆਰਾ ਲੱਗਿਆ ਪਾਪ, ਉਸ ਵੇਲੇ ਨਹੀਂ ਸੀ ਪਤਾ ਕਿ ਜ਼ਹਿਰ ਦੀ ਗੋਲੀ ਖਾ ਕੇ, ਮਰਨਾ ਪੈ ਜਾਣੈ। ਕੈਪਸੂਲ ਹੈ ਉਪਰ। ਬੜਾ ਪਿਆਰਾ ਲਗਦੈ ਪਾਪ ਕਰਨ ਵਾਲੇ ਨੂੰ। ਜੇ ਵਰਜੋ ਤਾਂ ਨਹੀਂ ਵਰਜ ਨੂੰ ਮੰਨਦਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਔਖਾ ਹੋ ਜਾਂਦੈ ਲੇਖਾ ਦੇਣਾ -

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥*
*ਅੰਗ- ੪੭੩*

ਲੇਕਿਨ ਪਾਪ ਪਿਆਰਾ ਲਗਦੈ ਪਾਪ ਵਿਚ ਪਏ ਹੋਏ ਬੰਦੇ ਨੂੰ। ਬੰਦਾ ਨਹੀਂ ਰੁਕਦਾ। ਉਹ ਚੀਜ਼ ਹੀ ਐਸੀ ਹੁੰਦੀ ਹੈ। ਰਿਸ਼ਵਤ ਲੈਣ ਵਾਲਾ ਹਜ਼ਾਰਾਂ ਲੱਖਾਂ ਰੁਪਏ ਦੀ ਰਿਸ਼ਵਤ ਲੈ ਕੇ ਸੋਚਦੈ ਹੈ ਕਿ ਮੈਂ ਬੜੀ ਜਾਇਦਾਦ ਬਣਾ ਲਵਾਂਗਾ। ਬੱਚਿਆਂ ਵਾਸਤੇ ਸਭ ਕੁਝ ਕਰਾਂਗਾ। ਮੈਂ ਆਹ ਸੁਖ ਪਾਵਾਂਗਾ।

ਪਰ ਦੇਖਿਆ ਹੈ ਕੋਈ ਸੁਖੀ? ਮਹਾਰਾਜ ਕਹਿੰਦੇ, ਪਿਆਰਿਓ! ਸੁਖੀ ਨਹੀਂ ਕੋਈ ਵੀ ਹੋਇਆ ਕਰਦਾ, ਬਹੁਤ ਔਖੀ ਬਾਤ ਹੈ -

*ਧਾਰਨਾ - ਦੁਖੀਆ ਸਭ ਸੰਸਾਰ, ਨਾਨਕ ਦੁਖੀਆ-ਦੁਖੀਆ।*

ਪ੍ਰਾਪਤੀਆਂ ਦੇ ਨਾਲ ਮਹਾਰਾਜ ਕਹਿੰਦੇ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਅੰਗ- ੯੫੩*

ਕੀ ਘਾਟਾ ਸੀ ਉਹਦੇ ਲੋਕ ਦੇ ਅੰਦਰ। ਕਈ ਵਾਰੀ ਮੈਂ ਦੱਸਿਆ ਹੈ ਕਿ ਇਥੇ ਦੇ ਬਾਦਸ਼ਾਹ ਨਾਲੋਂ ਇੰਦਰ ਨੂੰ ਦਸ ਅਰਬ ਗੁਣਾਂ ਜ਼ਿਆਦਾ ਸੁਖ ਹੈ। ਛੋਟੀ ਜਿਹੀ ਬਾਤ ਨਹੀਂ ਕ ਦਸ ਅਰਬ ਗੁਣਾਂ ਸੁਖ ਹੋ ਜਾਣਾ। ਲੇਕਿਨ ਮਨ ਤਾਂ ਸ਼ਾਂਤ ਨਾ ਹੋਇਆ।

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥*
*ਅੰਗ- ੧੩੪੪*

ਪਛਤਾਵਾ ਹੈ ਉਸ ਵੇਲੇ। ਕਿਉਂਕਿ ਸੁਖ ਹੋਰ ਥਾਂ 'ਤੇ ਭਾਲਦਾ ਸੀ। ਮਹਾਰਾਜ ਕਹਿੰਦੇ ਸੁਖ ਦੀ ਜੋ ਥਾਂ ਹੈ, ਜੇ ਉਥੇ ਨਹੀਂ ਜਾਂਦੇ ਸੁਖ ਨਹੀਂ ਮਿਲਿਆ ਕਰਦਾ-

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ- ੨੨੨*

ਨਾਮ ਨੂੰ ਭੁੱਲ ਕੇ ਕਹਿੰਦਾ ਮੈਂ ਸੁਖੀ ਹਾਂ। ਰੁਖੀ ਰੋਟੀ ਖਾ ਲਈ, ਨਹੀਂ ਮਾੜੇ ਕੰਮਾਂ 'ਚ ਪਏ, ਨਹੀਂ ਰਿਸ਼ਵਤਾਂ ਲਈਆਂ, ਨਹੀਂ ਧੋਖੇ ਦਿਤੇ। ਦੁਨੀਆਂ ਦੇ ਅੰਦਰ ਬਹੁਤ ਚੰਗੀ ਚੀਜ਼ ਲਗਦੀ ਹੈ। ਪਰ ਮੁਕਾਬਲੇ ਦੀ ਦੌੜ ਲੱਗੀ ਹੈ ਕਿ ਮੈਂ ਪਿੱਛੇ ਰਹਿ ਗਿਆ। ਅੱਗਾ ਭੁੱਲ ਗਿਆ। ਜਿਹੜੀ ਨਿਗ੍ਹਾ ਹੈ ਕੁੱਤੇ ਵਾਲੀ ਨਿਗ੍ਹਾ ਹੈ ਇਸਦੀ। ਕੁੱਤੇ ਦੇ ਇੱਟ ਮਾਰੋ ਇੱਟ ਵਲ ਨਿਗ੍ਹਾ ਜਾਏਗੀ ਉਸ ਦੀ। ਮਹਾਰਾਜ ਕਹਿੰਦੇ, ਸ਼ੇਰ ਦ੍ਰਿਸ਼ਟੀ ਰੱਖੋ। ਇੱਟ ਜਿਹਨੇ ਮਾਰੀ ਹੈ ਸ਼ੇਰ ਉਹਨੂੰ ਪੈਂਦੈ। ਗੋਲੀ ਚਲਾ ਦਿਤੀ, ਲੱਗੀ ਨਾ, ਖੜਕਾ ਹੋਇਆ, ਸ਼ੇਰ ਉਸੇ ਨੂੰ ਪਵੇਗਾ ਜਿਸਨੇ ਮਾਰੀ। ਜਾ ਕੇ ਮਚਾਨ ਨੂੰ ਫੜ ਲੈਂਦੈ, ਨੀਵੀਂ ਹੋਵੇ। 20 ਫੁੱਟ ਤਕ ਆਰਾਮ ਨਾਲ ਹੀ ਛਾਲ ਮਾਰਦੈ ਉੱਚੀ। ਸੋ ਨਿਗ੍ਹਾ ਨਹੀਂ ਹੈ। ਮਹਾਰਾਜ ਕਹਿੰਦੇ, ਅੱਗੇ ਦੀ ਨਿਗ੍ਹਾ ਰੱਖ -

*....ਦੇ ਲੰਮੀ ਨਦਰਿ ਨਿਹਾਲੀਐ ॥ ਅੰਗ- ੪੭੪*

ਦੂਰ ਦੇਖ ਕਿ ਇਹਦਾ ਨਤੀਜਾ ਕੀ ਹੋਏਗਾ। ਹੁਣ ਦੀ ਤਾਂ ਸੁਖੀ ਹੈ, 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ।' ਤੇਰੇ ਕਹੇ 'ਤੇ ਤਾਂ ਬਦਲ ਨਹੀਂ ਜਾਣਾ। ਇਹ ਤਾਂ ਔਖਾ ਹੋਇਆ ਕਰਦੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦਸਿਆ ਕਰਦੇ ਸੀ ਕਿ

ਇਕ ਕੋਈ ਆਫੀਸਰ ਸੀ, ਉਹਦੇ ਕੋਲ ਕੋਈ ਮੁਕੱਦਮਾ ਸੀ, ਫੈਸਲਾ ਕਰ ਰਿਹਾ ਸੀ। ਜਿਹੜਾ ਬੰਦਾ ਬੇਕਸੂਰ ਸੀ ਉਹਦੇ ਸਿਰ 'ਤੇ ਕਸੂਰ ਮੜ ਕੇ ਉਹਨੂੰ ਫਾਂਸੀ ਦਿਵਾਉਣੀ ਚਾਹੁੰਦਾ ਸੀ। ਉਹ ਵਾਹਿਗੁਰੂ ਦੇ ਕੋਲ ਅਰਦਾਸਾਂ ਕਰਦਾ ਸੀ ਕਿ ਹੇ ਪ੍ਰਭੂ! ਤੁਸੀਂ ਕ੍ਰਿਪਾ ਕਰੋ, ਮੇਰਾ ਕਸੂਰ ਨਹੀਂ ਹੈ। ਅਖੀਰ ਉਹਦੀ ਅਰਦਾਸ ਦਰਗਾਹ 'ਚ ਸੁਣੀ ਗਈ। ਪ੍ਰਮੇਸ਼ਰ ਦਾ ਆਪਣਾ ਜੋ ਨਿਯਮ ਸੀ, ਵਰਤ ਗਿਆ।। ਉਹਦੇ ਉਤੋਂ ਪੜਦਾ ਚੁੱਕ ਦਿਤਾ। ਕੀ ਦੇਖਦੈ ਆਫੀਸਰ ਕਲਮ ਮੇਰੀ ਲਿਖ ਰਹੀ ਹੈ ਕਿ ਇਹਨੂੰ ਫਾਂਸੀ ਦੇ ਦਿਤੀ ਜਾਵੇ। ਸਜ਼ਾਏ ਮੌਤ ਦੇ ਰਿਹੈ। ਲੇਕਿਨ ਸਾਮ੍ਹਣੇ ਬੰਦਾ ਖੜ੍ਹਾ ਹੈ, ਕਲਮ ਰੁਕ ਗਈ ਉਥੇ ਹੀ। ਕਹਿਣ ਲੱਗਿਆ, ਤੂੰ ਕੌਣ ਹੈਂ, ਕਿਥੋਂ ਆ ਗਿਆ? ਕਿੱਥੇ ਲੁਕਿਆ ਹੋਇਆ ਸੀ?

ਕਹਿਣ ਲੱਗਿਆ, ਮੈਂ ਲੁੱਕਣਾ ਕਿੱਥੇ ਹੈ, ਤੇਰੇ ਨਾਲ ਰਹਿੰਦਾ ਹਰ ਵਕਤ। ਇਕ ਸਕਿੰਟ ਵਾਸਤੇ ਵੀ ਮੈਂ ਕਦੇ ਨਹੀਂ ਲੁਕਦਾ।

ਕਹਿੰਦਾ, ਤੈਨੂੰ ਕਦੇ ਦੇਖਿਆ ਤਾਂ ਹੈ ਨਹੀਂ।

ਉਹ ਕਹਿੰਦਾ, ਅੱਜ ਦੇਖ ਲੈ।

ਕਹਿੰਦਾ, ਤੇਰਾ ਨਾਉਂ ਕੀ ਹੈ?

ਕਹਿੰਦਾ, ਮੇਰਾ ਨਾਂ ਕੋਈ ਵੀ ਨਹੀਂ, ਤੁਸੀਂ ਧਰਿਆ ਹੋਇਐ, ਚਿਤ੍ਰ ਗੁਪਤ ਕਹਿੰਦੇ ਨੇ। ਮੈਂ ਤੇਰੇ ਕਿਰਦਾਰ ਨੂੰ ਰਿਕਾਰਡ ਕਰਦਾਂ ਫਿਲਮ ਦੇ ਅੰਦਰ। ਜਦੋਂ ਤੂੰ ਸੰਸਾਰ ਤੋਂ ਚਲਿਆ ਜਾਵੇਂਗਾ। ਅੱਗੇ ਇਸ ਤਰ੍ਹਾਂ ਨਾ ਸਮਝ ਕਿ ਕੋਈ ਚੀਜ਼ ਨਹੀਂ ਹੈ। ਅੱਗੇ ਬਹੁਤ ਕੁਛ ਹੈ। ਉਥੇ ਤੇਰੇ ਕੀਤੇ ਹੋਏ ਕੰਮਾਂ ਦਾ ਲੇਖਾ ਇਹੋ ਜਿਹਾ ਲੈਣਗੇ ਜਿਵੇਂ ਤਿਲ ਪੀੜ ਦਿਤੇ ਜਾਂਦੇ ਨੇ –

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥*

*ਅੰਗ - ੪੭੩*

ਇਕੱਲੀ-ਇਕੱਲੀ ਗੱਲ ਦਾ ਤੇਰੇ ਤੋਂ ਜਵਾਬ ਮੰਗਿਆ ਜਾਏਗਾ –

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਅੰਗ- ੯੫੩*

ਇਹੋ ਜਿਹਾ ਲੇਖਾ ਹੋਏਗਾ ਕਿ ਦੇਣਾ ਹੀ ਔਖਾ ਹੋ ਜਾਏਗਾ, ਕੋਈ ਜਵਾਬ ਨਹੀਂ ਆਉਣਾ –

*ਧਾਰਨਾ – ਜਦੋਂ ਕੱਢ ਕੇ ਵਹੀ ਲੇਖਾ ਮੰਗਿਆ,*
*ਫੇਰ ਕੀ ਜਵਾਬ ਦੇਵੇਂਗਾ।*

ਹੈ ਜਵਾਬ ਕੋਈ? ਕਹਿੰਦਾ, ਮੈਂ ਕੀ ਕਰਿਆ ਹੈ? ਮੈਂ ਤਾਂ ਕੋਈ ਗਲਤ ਗੱਲ ਨਹੀਂ ਕਰੀ।

ਫਟਾਫਟ ਪੜ੍ਹਨਾ ਸ਼ੁਰੂ ਕਰ ਦਿਤਾ। ਕਹਿੰਦਾ, ਕਾਲੀ ਕਾਪੀ ਤੇਰੀ ਭਰੀ ਪਈ ਹੈ ਸਾਰੀ। ਮੈਂ ਤੇਰੇ ਅੰਦਰ ਬੈਠਾ ਹਾਂ ਹਰ ਵਕਤ। ਮੈਨੂੰ ਤੇਰਾ ਪਹਿਰੇਦਾਰ ਅਕਾਲ ਪੁਰਖ ਨੇ ਥਾਪਿਆ ਹੈ, ਸੂਖਸ਼ਮ ਸ਼ਕਤੀ ਹਾਂ। ਮੈਂ ਤੇਰਾ ਸਾਰਾ ਰਿਕਾਰਡ ਲੈ ਰਿਹਾ ਹਾਂ। ਤੂੰ ਹੁਣ ਤਕ 1150 ਐਸੇ ਉੱਗਰ ਪਾਪ ਕਰੇ ਨੇ ਜਿਹਦਾ ਤੇਰੇ ਕੋਲ ਜਵਾਬ ਨਹੀਂ ਹੋਣਾ। ਆਹ ਤੈਨੂੰ ਮੈਂ ਝਾਕੀ ਦਿਖਾਵਾਂ। ਮੀਟ ਅੱਖਾਂ। ਕੀ ਦੇਖਦੈ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*

*ਅੰਗ- ੧੪੨੫*

ਤਪਤ ਥੰਮ ਗਲ ਨਾਲ ਲੱਗੇ ਹੋਏ ਨੇ, ਦਿਖਾਈ ਜਾਂਦੈ ਕਿ ਤੇਰੇ ਆਹ ਪਾਪ ਦਾ ਆਹ ਫਲ ਹੈ, ਇਸ ਦਾ ਆਹ ਫਲ ਹੈ।

ਕੰਬ ਗਿਆ ਉਸ ਵੇਲੇ। ਕਹਿਣ ਲੱਗਿਆ, ਬੜੀਆਂ ਭਿਆਨਕ ਸਜ਼ਾਵਾਂ ਨੇ।

ਕਹਿਣ ਲੱਗੇ, ਤੂੰ ਇਥੇ ਸਜ਼ਾਵਾਂ ਦੇਈ ਜਾਨੈ, ਤੈਨੂੰ ਪਤਾ ਨਹੀਂ ਕਿ ਤੇਰੇ ਤੋਂ ਵੀ ਕੋਈ ਜਵਾਬ ਲੈਣ ਵਾਲਾ ਬੈਠਾ ਹੈ। ਜਦੋਂ ਜਵਾਬ ਦੇਵੇਂਗਾ ਫੇਰ ਰੋਏਂਗਾ। ਫੇਰ ਨਹੀਂ ਕੁਛ ਬਣਿਆ ਕਰਦਾ।

ਕਹਿੰਦਾ, ਕੋਈ ਤਰੀਕਾ?

ਕਹਿਣ ਲੱਗੇ, ਤਰੀਕਾ ਹੈ ਜੇ ਤੂੰ ਕਰਨਾ ਚਾਹੁੰਨੈ ਤਾਂ ਮੈਂ ਦਸ ਦਿੰਦਾ ਹਾਂ। ਪਹਿਲਾਂ ਤਾਂ ਇਹ ਜਿਹੜਾ ਤੂੰ ਗਲਤ ਫੈਸਲਾ ਕਰਨ ਲੱਗਿਐਂ ਇਹਨੂੰ ਕੱਟ ਦੇ। ਦੂਸਰਾ ਇਹ ਹੈ ਕਿ ਜੋ ਪਾਪ ਦੀ ਕਮਾਈ ਤੂੰ ਕੀਤੀ ਹੈ ਉਹ ਉਨ੍ਹਾਂ ਨੂੰ ਹੀ ਮੋੜ ਦੇ ਜਿਨ੍ਹਾਂ ਤੋਂ ਲਈ ਹੈ। ਜਿਨ੍ਹਾਂ ਦਾ ਨਹੀਂ ਪਤਾ ਉਹ ਤੂੰ ਪ੍ਰਮੇਸ਼ਰ ਦੇ ਨਮਿੱਤ ਦੇ ਦੇ। ਸੋਚਣ ਲਗ ਗਿਆ ਇਹ।

ਉਹਨੇ ਦੂਜੀ ਡਾਇਰੀ ਕੱਢੀ, ਉਹ ਲਿਖਣ ਲਗ ਗਿਆ।

ਕਹਿੰਦਾ, ਇਹ ਕੀ ਲਿਖਦੇ ਹੋਂ?

ਕਹਿਣ ਲੱਗਿਆ, ਤੇਰੇ ਮਨ ਵਿਚ ਖਿਆਲ ਆ ਰਹੇ ਨੇ ਚੰਗੇ, ਚੰਗੇ ਖਿਆਲਾਂ ਨੂੰ ਲਿਖ ਰਿਹਾ ਹਾਂ। ਕਲਜੁਗ ਦੇ ਅੰਦਰ ਰਿਆਇਤ ਹੈ ਕਿ ਪਾਪ ਚਿਤਵਦਾ ਹੈ ਆਦਮੀ। ਇੰਤਜ਼ਾਰ ਕਰਦੇ ਨੇ ਲਿਖਣ ਵਾਲੇ ਵੀ, ਸ਼ਾਇਦ ਇਹਦਾ ਮਨ ਠੀਕ ਹੋ ਜਾਵੇ। ਕਿਉਂਕਿ ਪਾਪਾਂ ਦਾ ਜੁਗ ਚਲ ਰਿਹਾ ਹੈ। ਉਸ ਵੇਲੇ ਲਿਖਿਆ ਜਾਂਦੈ ਜਿਸ ਵਕਤ ਪਾਪ ਕਰ ਲੈਂਦੈ। ਪੁੰਨ ਜਿਹੜਾ ਹੈ ਜਦੋਂ ਸੋਚਣਾ ਸ਼ੁਰੂ ਕਰਦੈ ਉਸ ਵੇਲੇ ਤੋਂ ਹੀ ਲਿਖਣਾ ਸ਼ੁਰੂ ਹੋ ਜਾਂਦੈ।

ਸੋ ਗੱਲ ਸਮਝ 'ਚ ਆ ਗਈ। ਕਹਿਣ ਲੱਗਿਆ, ਮੈਂ ਤਾਂ ਬੜਾ ਮਾੜਾ ਕੰਮ ਕਰਿਆ ਹੈ। ਮੈਂ ਛੁਟ ਸਕਦਾ ਹਾਂ?

ਕਹਿੰਦੇ, ਹਾਂ। ਕਿਸੇ ਪੂਰਨ ਮਹਾਂਪਰਖ ਦੀ ਸੰਗਤ 'ਚ ਜਾਹ। ਉਥੋਂ ਨਾਮ ਦੀ ਦਾਤ ਹੈ। ਨਾਮ ਨੇ ਕਰੋੜਾਂ ਪਾਪਾਂ ਨੂੰ ਕੱਟ ਦੇਣੈ। ਇਕੋ ਹੀ ਤਰੀਕਾ ਹੈ ਪਾਪਾਂ ਨੂੰ ਕੱਟਣ ਦਾ, ਉਹ ਹੈ ਪ੍ਰਮੇਸ਼ਰ ਦਾ ਨਾਉਂ।

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ- ੯੫੪*

ਮਹਾਰਾਜ ਕਹਿੰਦੇ, ਪ੍ਰਕ੍ਰਿਤਕ ਦੁਨੀਆਂ ਦੁਖੀ ਹੈ। ਵੱਡੇ-ਵੱਡੇ ਬਾਦਸ਼ਾਹ, ਵੱਡੇ-ਵੱਡੇ ਦੇਵਤੇ, ਜਿਨ੍ਹਾਂ ਦੇ ਕੋਲ ਸੁਖਾਂ ਦੀ ਕੋਈ ਗਿਣਤੀ ਨਹੀਂ, ਉਹ ਵੀ ਰੋਂਦੇ ਨੇ ਤੇ ਜਿੱਤਦੇ ਕਿਹੜੇ ਨੇ, ਜਿੱਤਦੇ ਉਹ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਮ ਦੀ ਸੋਝੀ ਪੈ ਗਈ, ਉਨ੍ਹਾਂ ਨੇ ਆਪਣਾ ਇਲਾਜ ਕਰ ਲਿਆ। ਚਾਹੇ ਉਮਰ ਲੰਘ ਗਈ ਵੱਡੀ, ਚਾਹੇ ਛੋਟੀ ਲੰਘ ਗਈ, ਇਸ ਗੱਲ ਦਾ ਸਵਾਲ ਨਹੀਂ ਹੁੰਦਾ -

*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥*
*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*
*ਅੰਗ- ੧੩੭੮*

ਜਦੋਂ ਮੋੜ ਪੈ ਗਿਆ ਏਧਰਲੇ ਪਾਸੇ। ਪਾਪਾਂ ਦਾ ਬੋਝ ਫੇਰ ਹਲਕਾ ਹੋ ਜਾਂਦੈ।

ਅੱਗੇ ਮੈਨੂੰ ਇਕ ਟੈਲੀਫੋਨ ਆ ਰਿਹਾ ਸੀ ਕਿ ਸਾਡੇ ਪਾਪਾਂ ਦਾ ਇਲਾਜ ਕੀ ਹੋਊ? ਤੁਹਾਡੀਆਂ ਫਿਲਮਾਂ ਅਸੀਂ ਦੇਖ ਲਈਆਂ। ਅਸੀਂ ਤਾਂ ਬੜੀਆਂ ਗਲਤੀਆਂ ਕਰ ਦਿਤੀਆਂ ਕਿ ਕੋਈ ਇਲਾਜ ਵੀ ਹੈ ਕਿ ਅਸੀਂ ਛੁਟ ਜਾਈਏ।

ਮੈਂ ਕਿਹਾ, ਦੇਖੋ, ਵਾਹਿਗੁਰੂ ਜੀ ਜਿਹੜੇ ਨੇ ਉਹਦੇ ਬਾਰੇ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਲਿਖਿਆ ਹੈ ਕਿ-

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥* *ਅੰਗ- ੨੭੫*

ਤਿੰਨ ਵਾਰ ਕਿਹੈ ਕਿ ਉਹ ਕਦੇ ਵੀ ਕਰੋਪ ਨਹੀਂ ਹੁੰਦਾ। ਉਹ ਸਦਾ ਹੀ ਦਇਆਲ ਰਹਿੰਦੈ। ਕਰੋਪ ਕੀ ਹੁੰਦੈ, ਫੇਰ ਸਾਨੂੰ ਸਜ਼ਾ ਕਿਉਂ ਮਿਲਦੀ ਹੈ? ਉਹ ਸਾਡੇ ਕਰਮਾਂ ਦੀ ਸਜ਼ਾ ਮਿਲਦੀ ਹੈ। ਰੱਬ ਨਹੀਂ ਦਿੰਦਾ ਕਿਸੇ ਨੂੰ ਵੀ ਸਜ਼ਾ। ਰੱਬ ਪਿਆਰ ਕਰਦੈ। ਉਹਦੇ ਪਿਆਰ ਦੇ ਸ਼ਕਤੀ ਹੈ ਕਿ ਉਹ ਪਾਪਾਂ ਦਾ ਨਾਸ਼ ਕਰਕੇ ਬਚਾ ਲੈਂਦੈ ਜੀਵ ਨੂੰ। ਉਹਦਾ ਸਾਡਾ ਰਿਸ਼ਤਾ ਮਾਂ ਤੇ ਪਿਉ ਵਾਲਾ ਹੈ। ਮਾਤਾ ਪਿਤਾ ਦਾ ਜਿਵੇਂ ਪੁੱਤਰ ਨਾਲ ਪਿਆਰ ਹੁੰਦੈ, ਪੁੱਤਰ ਲੱਖਾਂ ਗਲਤੀਆਂ ਕਰਕੇ ਇਕ ਵਾਰੀ ਪੈਰਾਂ 'ਤੇ ਪੈ ਕੇ ਰੋਣ ਲਗ ਜਾਵੇ, ਮੈਨੂੰ ਬਖਸ਼ ਦਿਓ। ਸਾਰੇ ਗੁਨਾਹ ਉਹਦੇ ਮਾਂ ਉਸੇ ਵੇਲੇ ਬਖਸ਼ ਦਿੰਦੀ ਹੈ। ਮਾਤਾ ਜਿਹੜੀ ਹੈ ਅਉਗੁਣ ਚਿੱਤ 'ਚ ਨਹੀਂ ਰਖਦੀ ਪੁੱਤਰਾਂ ਦਾ। ਜੇ ਬਿਲਕੁਲ ਸਚਾਈ ਹੈ ਤਾਂ ਤੁਸੀਂ ਇਕ ਵਾਰੀ ਗੱਲ ਕਰ ਲਓ ਪ੍ਰਮੇਸ਼ਰ ਨਾਲ। ਦਵਾਈ ਖਾਣੀ ਸ਼ੁਰੂ ਕਰ ਦਿਓ, ਪਾਪ ਨਿਕਲ ਜਾਣਗੇ। ਜੇ ਉਤੋਂ-ਉਤੋਂ ਰੋਣਾ ਰੋਇਆ, ਫੇਰ ਉਹ ਬਿਰਤੀ ਭੁੱਲ ਗਈ, ਫੇਰ ਉਹਦੀ ਯਾਦ ਭੁੱਲ ਗਈ। ਫੇਰ ਤਾਂ ਨਹੀਂ ਗੱਲ ਬਣਦੀ ਹੈ। ਉਹਨੂੰ ਪਤਾ ਹੈ ਕਿ ਇਹ ਸੱਚੇ ਦਿਲੋਂ ਬੋਲ ਰਿਹੈ ਕਿ ਕਿਸੇ ਐਵੇਂ ਹੀ ਭਾਵ ਵਿਚ ਆ ਕੇ ਬੋਲ ਰਿਹੈ। ਭਾਵ ਨੂੰ ਨਹੀਂ ਪ੍ਰਮੇਸ਼ਰ ਮੰਨਦਾ, ਦਿਲ ਦੀ ਪੂਰੀ ਸਚਾਈ ਨੂੰ ਮੰਨਦੈ। ਉਹਦਾ ਤੇ ਸਾਡਾ ਸਬੰਧ ਜਿਹੜਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਾਤਾ ਯਾਦ ਨਾ ਰਖਦੀ,*
*ਔਗੁਣ ਪੁੱਤਰਾਂ ਦੇ।*
*ਸੁਤੁ ਅਪਰਾਧ ਕਰਤ ਹੈ ਜੇਤੇ ॥*
*ਜਨਨੀ ਚੀਤਿ ਨ ਰਾਖਸਿ ਤੇਤੇ ॥* *ਅੰਗ- ੪੭੮*

ਪੁੱਤਰ ਗੁਨਾਹ ਕਰੀ ਜਾਂਦੈ, ਮਾੜੀਆਂ ਗੱਲਾਂ ਕਰੀ ਜਾਂਦੈ। ਮਾਂ-ਬਾਪ ਨੂੰ ਤੰਗ ਕਰੀ ਜਾਂਦੈ, ਜਦੋਂ ਰੋ ਕੇ ਪਛਤਾਅ ਕੇ ਆ ਜਾਂਦੈ, ਉਸ ਵੇਲੇ ਮਾਤਾ ਫੇਰ ਉਸ ਨੂੰ ਗੋਦੀ 'ਚ ਲੈ ਲੈਂਦੀ ਹੈ। ਪਿਆਰ ਕਰਦੀ ਹੈ। ਸੋ ਇਹ ਸਾਰੇ ਜਿਵੇਂ ਮਾਤਾ ਤੇ ਪੁੱਤਰ ਦਾ ਸਬੰਧ ਹੈ, ਸਾਡਾ ਸਬੰਧ ਵਾਹਿਗੁਰੂ ਨਾਲ ਪਿਆਰ ਦਾ ਹੈ। ਪਛਤਾਅ ਕੇ ਜਦੋਂ ਅਸੀਂ ਜਦੋਂ ਉਹਦੀ ਸ਼ਰਨ ਲੈ ਲੈਂਦੇ ਹਾਂ। ਫੇਰ ਉਹ ਸਾਨੂੰ ਬਖਸ਼ ਦਿਆ ਕਰਦੈ। ਬੋਝ ਨਾ ਰੱਖੋ ਆਪਣੇ ਆਪ 'ਤੇ। ਹਰ ਵਕਤ ਕਹੀ ਜਾਓ ਮੈਂ ਪਾਪੀ-ਮੈਂ ਪਾਪੀ। ਭੁੱਲ ਜਾਓ ਉਸਨੂੰ ਜਿਹੜਾ ਕੁਛ ਹੋ ਗਿਆ, ਇਕ ਵਾਰੀ ਬਖਸ਼ਾ ਲਓ। ਬਖਸ਼ਣ 'ਚ ਦੇਰ ਨਹੀਂ ਲਾਉਂਦਾ ਉਹ। ਕਿਉਂਕਿ ਹੈ ਹੀ ਬਖਸ਼ਿੰਦ ਉਹਦਾ ਨਾਉਂ। ਸੋ ਇਸ ਤਰ੍ਹਾਂ ਦੇ ਨਾਲ ਪਾਪ ਕਰਨ ਵਾਲਾ ਕਹਿਣ ਲੱਗਿਆ, ਪਿਆਰਿਆ! ਦਿਲ 'ਚੋਂ ਪਾਪ ਕੱਢ ਦੇ। ਤੇਰੇ ਬਖਸ਼ੇ ਜਾਣਗੇ। ਸੋਚਣ ਲੱਗ ਗਿਆ ਕਿ ਮੈਂ ਦਾਨ ਕਰ ਦੇਵਾਂ, ਚਿਤ੍ਰਗੁਪਤ ਲਿਖਣ ਲੱਗ ਗਿਆ। ਦਸ ਦਿਤਾ ਕਿ ਤੇਰੇ ਖਿਆਲ ਸ਼ੁਭ ਹੋ ਰਹੇ ਨੇ।

ਮਹਾਰਾਜ ਜੀ ਦਸਿਆ ਕਰਦੇ ਸੀ ਕਿ ਫੇਰ ਉਹਨੇ ਸਾਰੀ ਜਾਇਦਾਦ, ਪਾਪ ਦੀ ਕਮਾਈ ਸਾਰੀ ਵੰਡ ਦਿਤੀ। ਹੋਰ ਕੋਈ ਇਲਾਜ ਨਹੀਂ ਹੋਇਆ ਕਰਦਾ ਇਹਦਾ। ਸੋ ਐਸੇ ਸੰਸਕਾਰ ਹੁੰਦੇ ਨੇ।

*'ਚਲਦਾ............।'*

# ਬਾਬਾਣੀਆਂ ਕਹਾਣੀਆਂ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-30)*

ਸੋ ਅਨੇਕਾਂ ਮਹਾਂਪੁਰਸ਼ਾਂ ਦੇ ਨਾਲ ਐਸੇ ਚਮਤਕਾਰ ਹੁੰਦੇ ਹੀ ਰਹਿੰਦੇ ਹਨ। ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲਿਆਂ ਨੇ ਜੋ ਉਸ ਸਮੇਂ ਘੋਰ ਤਪਸਿਆ ਕਰ ਰਹੇ ਸਨ, ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਫੁਰਮਾਨ ਕੀਤਾ ਕਿ ਪ੍ਰੇਮੀਓ! ਆਪਾਂ ਉਪਰ ਵਾਹਿਗੁਰੂ ਜੀ ਨੇ ਮਹਾਨ ਕ੍ਰਿਪਾ ਕੀਤੀ ਹੈ ਕਿ ਇਸ ਅਜਿੱਤ ਮਾਇਆ ਵਿਚੋਂ ਕੱਢ ਕੇ ਅਸਾਨੂੰ ਬੰਦਗੀ ਕਰਨ ਦਾ ਸਮਾਂ ਬਖਸ਼ਿਆ ਹੈ। ਆਪਦੀ ਖਾਦ ਖੁਰਾਕ, ਵਸਤਰ ਅਤੇ ਰਿਹਾਇਸ਼ ਦਾ ਵਾਹਿਗੁਰੂ ਜੀ ਨੂੰ ਆਪ ਹੀ ਫਿਕਰ ਹੈ। ਉਨ੍ਹਾਂ ਨੇ ਅਸਾਡੀ ਪਰਾਲਬਧ ਦੇ ਮੁਤਾਬਿਕ ਅਸਾਨੂੰ ਕੁਲੀ, ਜੁਲੀ, ਗੁੱਲੀ ਨਿਰ ਉਦਮ ਹੀ ਦੇਣੀ ਹੈ। ਅਸਾਡਾ ਫਰਜ਼ ਹੈ ਕਿ ਅਸੀਂ ਮਨ, ਚਿਤ, ਇਕਾਗਰ ਕਰਕੇ ਸਮੇਂ ਦੀ ਪੂਰੀ-ਪੂਰੀ ਸੰਭਾਲ ਕਰੀਏ ਅਤੇ ਫੁਰਨੇ ਰਹਿਤ ਹੋ ਕੇ ਚਰਨ ਕਮਲ ਦੀ ਮੌਜ ਦੀ ਪ੍ਰਾਪਤੀ ਵਾਸਤੇ ਸਦਾ ਹੀ ਅਰਦਾਸ ਵਿਚ ਰਹੀਏ। ਤੁਹਾਡੀ ਪਰਾਲਬਧ ਆਪਣੇ ਆਪ ਹੀ ਤੁਹਾਡੇ ਚਰਨਾਂ ਵਿਚ ਪਹੁੰਚ ਜਾਇਆ ਕਰੇਗੀ, ਇਸ ਚੀਜ਼ ਦਾ ਫੁਰਨਾ ਨਹੀਂ ਕਰਨਾ। ਲੋੜ ਹੈ ਤਾਂ ਕੇਵਲ ਆਪਾ ਸਮੇਂ ਨੂੰ ਸੰਭਾਲੀਏ। ਇਹ ਸਮਾਂ ਕਿਸੇ ਦਾ ਰੋਕਿਆ, ਰੁਕਿਆ ਨਹੀਂ ਕਰਦਾ। ਇਹ ਆਪਣੀ ਤਿੱਖੀ ਚਾਲ ਦੇ ਨਾਲ ਚਲਦਾ ਰਹਿੰਦਾ ਹੈ। ਇਸ ਸਮੇਂ ਨੂੰ ਸੰਭਾਲੋ। ਉਡਦਾ ਜਾ ਰਿਹਾ ਹੈ, ਇਸ ਨੂੰ ਠਹਿਰਣ ਦੀ ਜਾਂਚ ਨਹੀਂ ਹੈ-

***ਰਹੀ ਵਾਸਤੇ ਘੱਤ 'ਸਮੇਂ' ਨੇ ਇੱਕ ਨ ਮੰਨੀ,***
***ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ,***
***ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ,***
***ਤ੍ਰਿੱਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ,***
***ਹੋ! ਅਜੇ ਸੰਭਾਲ ਇਸ 'ਸਮੇਂ' ਨੂੰ,***
***ਕਰ ਸਫਲ ਉਡੰਦਾ ਜਾਂਵਦਾ,***
***ਇਹ ਠਹਿਰਨ ਜਾਚ ਨ ਜਾਣਦਾ,***
***ਲੰਘ ਗਿਆ ਨ ਮੁੜ ਕੇ ਆਂਵਦਾ।***
***(ਡਾ. ਭਾਈ ਵੀਰ ਸਿੰਘ ਜੀ)***

ਸਮਾਂ ਬਹੁਤ ਕੀਮਤੀ ਹੈ ਕਿਸੇ ਕਵੀ ਨੇ ਲਿਖਿਆ ਹੈ -

***ਓਹ ਵੇਲਾ ਔਂਦਾ ਨਹੀਂ***
***ਜੋ ਹਥੋਂ ਗੁਆਚ ਗਿਆ।***
***ਓਹ ਜੋਬਨ ਥਿਔਂਦਾ ਨਹੀਂ***
***ਜੋ ਪੱਤਰਾ ਵਾਚ ਗਿਆ।***
***ਪਾਣੀ ਦਰਿਆਵਾਂ ਦੇ***
***ਇਕ ਵਾਰ ਜੋ ਵਹਿ ਗਏ ਨੇ।***
***ਨਹੀਂ ਔਂਦੇ ਮੁੜ ਪੱਤਣਾਂ ਤੇ***
***ਇਉਂ ਦਾਨੇ ਕਹਿ ਗਏ ਨੇ।***

ਅਤੇ ਕਬੀਰ ਜੀ ਕਹਿੰਦੇ ਹਨ -

***ਕਬੀਰ ਸੂਤਾ ਕਿਆ ਕਰਹਿ***
***ਉਠਿ ਕਿ ਨ ਜਪਹਿ ਮੁਰਾਰਿ॥***
***ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥***
***ਅੰਗ - ੧੩੭੧***

ਗੁਰੂ ਮਹਾਰਾਜ ਜੀ ਨੇ ਬਾਣੀ ਵਿਚ ਫੁਰਮਾਨ ਕੀਤਾ ਹੈ ਕਿ ਰਾਮ ਦੇ ਪਿਆਰੇ ਸੰਤ ਜਨ ਅੰਮ੍ਰਿਤ ਵੇਲੇ ਉਠ ਬਹਿੰਦੇ ਹਨ ਅਤੇ ਚਿਤ ਬਿਰਤੀ ਇਕਾਗਰ ਕਰਕੇ ਚਰਨਾਂ ਕਮਲਾਂ ਦਾ ਧਿਆਨ ਕਰਦੇ ਹਨ ਅਤੇ ਦਿਨ ਚੜ੍ਹੇ ਤਾਂਈ ਅਫੁਰ ਅਵਸਥਾ ਵਿਚ ਪ੍ਰਭੂ ਨਾਲ ਜੁੜੇ ਰਹਿੰਦੇ ਹਨ। ਬਾਣੀ ਵਿਚ ਫੁਰਮਾਨ ਹੈ-

***ਭਿੰਨੀ ਰੈਨੜੀਐ ਚਾਮਕਨਿ ਤਾਰੇ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥***
***ਰਾਮ ਪਿਆਰੇ ਸਦਾ ਜਾਗਹਿ***
***ਨਾਮੁ ਸਿਮਰਹਿ ਅਨਦਿਨੋ॥***
***ਚਰਣ ਕਮਲ ਧਿਆਨੁ ਹਿਰਦੈ***
***ਪ੍ਰਭ ਬਿਸਰੁ ਨਾਹੀ ਇਕੁ ਖਿਨੋ॥***
***ਤਜਿ ਮਾਨੁ ਮੋਹੁ ਬਿਕਾਰੁ ਮਨ ਕਾ***
***ਕਲਮਲਾ ਦੁਖ ਜਾਰੇ॥***
***ਬਿਨਵੰਤਿ ਨਾਨਕ ਸਦਾ ਜਾਗਹਿ***
***ਹਰਿ ਦਾਸ ਸੰਤ ਪਿਆਰੇ॥ ਅੰਗ - ੪੫੯***

ਭਾਈ ਵੀਰ ਸਿੰਘ ਜੀ ਹੋਰ ਲਿਖਦੇ ਹਨ -

***'ਕੱਲ' ਚੁਕੀ ਹੈ ਬੀਤ ਵੱਸ ਤੋਂ ਦੂਰ ਨਸਾਈ,***
***'ਭਲਕ' ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ,***
***'ਅੱਜ' ਅਸਾਡੇ ਕੋਲ ਵਿੱਚ ਪਰ ਫਿਕਰਾਂ ਲਾਈ,***
***'ਕੱਲ' 'ਭਲਕ' ਨੂੰ ਸੋਚ 'ਅਜ' ਇਹ ਮੁਫਤ ਗੁਆਈ,***
***ਹੋ! ਸੰਭਲ ਸੰਭਾਲ ਇਸ ਅੱਜ ਨੂੰ,***
***ਇਹ ਬੀਤੇ 'ਮਹਾਂ-ਰਸ' ਪੀਂਦਿਆਂ,***
***'ਹਰਿ-ਰਸ' ਵਿਚ ਮੱਤੇ, ਖੀਵਿਆਂ***
***'ਹਰਰੰਗ', 'ਹਰਕੀਰਤ' ਚਉਂਦਿਆਂ।***
***(ਡਾ. ਭਾਈ ਵੀਰ ਸਿੰਘ ਜੀ)***

ਡਾ. ਭਾਈ ਵੀਰ ਸਿੰਘ ਜੀ 'ਬਿਜਲੀਆਂ ਦੇ ਹਾਰ' ਵਿਚ ਸਮੇਂ ਦੀ ਕਦਰ ਕਰਨ ਲਈ ਲਿਖਦੇ ਹਨ -

***'ਬੀਤ ਗਈ' ਦੀ ਯਾਦ ਪਈ ਹੱਡਾਂ ਨੂੰ ਖਾਵੇ,***
***'ਔਣ ਵਾਲੀ' ਦਾ ਸਹਿਮ ਜਾਨ ਨੂੰ ਪਿਆ ਸੁਕਾਵੇ,***
***'ਹੁਣ' ਦੀ ਛਿਨ ਨੂੰ ਸੋਚ ਸਦਾ ਹੀ ਖਾਂਦੀ ਜਾਵੇ,***
***'ਗਈ' ਤੇ 'ਜਾਂਦੀ', 'ਜਾਇ'***

*ਉਮਰ ਏ ਵਜਰਥ ਵਿਹਾਵੇ*
*'ਯਾਦ' 'ਸਹਿਮ' ਤੇ 'ਸੋਚ' ਨੂੰ*
*ਹੇ 'ਕਾਲ ਅਕਾਲ ਸਦਾ' ਤੂਹੀਂ!*
*ਤ੍ਰੈ ਕਾਲ ਭੁੱਲ ਤੋਂ ਕੱਢ ਕੇ*
*'ਹੁਣ ਉਚੀ' ਵਿਚ ਟਿਕਾ ਦਈਂ।*
*(ਡਾ. ਭਾਈ ਵੀਰ ਸਿੰਘ ਜੀ)*

ਭਾਈ ਵੀਰ ਸਿੰਘ ਜੀ ਇਸ ਜੀਵ ਨੂੰ ਸਾਵਧਾਨ ਕਰਦੇ ਹੋਏ ਇਸ ਰੁਬਾਈ ਵਿਚ ਦਸਦੇ ਹਨ ਕਿ ਪਿਆਰਿਆ! ਤੂੰ ਆਪਣੇ ਕੰਮਾਂ ਕਾਰਾਂ ਵਿਚ ਮਸਤ ਹੈਂ ਪਰ ਤੈਨੂੰ ਨਹੀਂ ਪਤਾ ਕਿ ਵਾਹਿਗੁਰੂ ਜੀ -

*ਕਾਲੁ ਬਿਆਲੁ ਜਿਉ ਪਰਿਓ ਡੋਲੈ*
*ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ*
*ਸਮਝਿ ਰਾਖਉ ਚੀਤਿ॥ ਅੰਗ - ੬੩੧*

*ਫਰੀਦਾ ਦਰੀਆਵੈ ਕੰਨੈ ਬਗੁਲਾ*
*ਬੈਠਾ ਕੇਲ ਕਰੇ॥*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥*
*ਜੋ ਮਨਿ ਚਿਤਿ ਨ ਚੇਤੇ ਸਨਿ*
*ਸੋ ਗਾਲੀ ਰਬ ਕੀਆਂ॥ ਅੰਗ - ੧੩੮੩*

ਇਸੇ ਅਧਾਰ ਤੇ ਆਪ ਆਪਣੀ ਪੁਸਤਕ ਵਿਚ ਅੰਕਿਤ ਕਰਦੇ ਹਨ -

*ਧੋਬੀ ਕਪੜੇ ਧੋਂਦਿਆ,*
*ਵੀਰਾ, ਹੋ ਹੁਸ਼ਿਆਰ!*
*ਪਿਛਲੇ ਪਾਸਓਂ ਆ ਰਿਹਾ ਮੂੰਹ ਅੱਡੀ ਸੰਸਾਰ।*
*(ਡਾ. ਭਾਈ ਵੀਰ ਸਿੰਘ ਜੀ)*

ਇਸੇ ਤਰ੍ਹਾਂ ਦੇ ਨਾਲ ਸੰਤ ਮਹਾਰਾਜ ਜੀ ਨੇ ਤਿਤਿਕਸ਼ਾ ਕਰ ਰਹੇ ਪ੍ਰੇਮੀਆਂ ਨੂੰ ਫੁਰਮਾਇਆ ਕਿ ਗੁਰੂ ਮਹਾਰਾਜ ਜੀ ਦਾ ਅਟੱਲ ਹੁਕਮ ਸਦਾ ਹੀ ਹਿਰਦੇ ਵਿਚ ਵਸਾਓ। ਕਿਸੇ ਕਿਸਮ ਦੀ ਚਿੰਤਾ ਨਾ ਕਰੋ। ਉਹ ਆਪ ਰਾਜ਼ਕ ਹੈ, ਉਸ ਨੇ ਪਰਾਲਬਧ ਅਨੁਸਾਰ ਲੋੜਵੰਦਾਂ ਨੂੰ ਭੇਜਣਾ ਹੀ ਭੇਜਣਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

*ਨਾਨਕ ਚਿੰਤਾ ਮਤਿ ਕਰਹੁ*
*ਚਿੰਤਾ ਤਿਸ ਹੀ ਹੇਇ॥*
*ਜਲ ਮਹਿ ਜੰਤ ਉਪਾਇਅਨੁ*
*ਤਿਨਾ ਭਿ ਰੋਜੀ ਦੇਇ॥*
*ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ।।*
*ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥*
*ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ॥*
*ਵਿਚਿ ਉਪਾਏ ਸਾਇਰਾ*
*ਤਿਨਾ ਭਿ ਸਾਰ ਕਰੇਇ॥*
*ਨਾਨਕ ਚਿੰਤਾ ਮਤ ਕਰਹੁ*
*ਚਿੰਤਾ ਤਿਸ ਹੀ ਹੇਇ॥ ਅੰਗ - ੯੫੫*

ਉਸ ਸਮੇਂ ਬਹੁਤ ਸਾਰਿਆਂ ਪ੍ਰੇਮੀਆਂ ਨੇ ਘਾਲ ਕਮਾਈ ਕੀਤੀ, ਖਾਸ ਕਰਕੇ ਛੋਟੇ ਸੰਤ ਮਹਾਰਾਜ ਬਾਬਾ ਕਿਸ਼ਨ ਸਿੰਘ ਜੀ ਬਿਖਮ ਪੰਧ ਨੂੰ ਸਿਮਰਨ ਤੇ ਸੇਵਾ ਦੇ ਬਣੇ ਹੋਏ ਉਡਣ ਖਟੋਲੇ ਵਿਚ ਬੈਠ ਕੇ ਆਪਣਾ 'ਆਤਮ ਮਾਰਗ' ਤਹਿ ਕਰਦੇ ਰਹੇ। ਉਸ ਸਮੇਂ ਇਹ ਉਜਾੜ ਬੀਆ-ਬਾਨ ਢੱਕੀ, ਨਾਮ ਦੇ ਅਨਹਦ ਨਾਦਾਂ ਨਾਲ ਗੂੰਜਾਂ ਪਾ ਰਹੀ ਸੀ ਅਤੇ ਚਲਦੇ ਰਾਹੀਆਂ ਨੂੰ ਦਰਸ਼ਨਾਂ ਲਈ ਖਿੱਚਾਂ ਪਾ ਰਹੀ ਸੀ। ਉਸ ਸਮੇਂ ਬਹੁਤ ਸਾਰੇ ਬਚਨ ਪਿੰਡਾਂ ਵਿਚ ਚਲਦੇ ਹੀ ਰਹਿੰਦੇ ਸਨ ਜਿਨ੍ਹਾਂ ਨੂੰ ਸੁਣ ਕੇ ਨਾਮ ਜਪਣ ਦੀ ਖਿੱਚ ਮੱਲੋ-ਮੱਲੀ ਹਿਰਦੇ ਨੂੰ ਪ੍ਰਭਾਵਿਤ ਕਰਦੀ ਸੀ। ਅਕਾਸ਼ਾਂ ਵਿਚੋਂ ਦੇਵਤਿਆਂ ਦਾ ਮਾਤ ਲੋਕ ਵਿਚ ਆਉਣਾ ਅਤੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਲਾਹਾ ਖੱਟਣਾ, ਇਹ ਸਭ ਕੁਝ ਗੁਪਤ ਰੂਪ ਵਿਚ ਹੋ ਰਿਹਾ ਸੀ। ਭੂਤਕਾਲ ਵਿਚ ਹੋਈਆਂ ਮੁਕਤ ਆਤਮਾਵਾਂ ਦਾ ਅਸ਼ੀਰਵਾਦ ਅਤੇ ਦਰਸ਼ਨ ਕਰਨ ਆਉਣਾ ਆਮ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਭਾਵੇਂ ਉਸ ਸਮੇਂ ਮੈਂ ਅਜੇ ਪਾਇਲ ਹਾਈ ਸਕੂਲ ਵਿਚ ਸੱਤਵੀਂ ਵਿਚ ਪੜ੍ਹਦਾ ਸਾਂ ਪਰ ਘਲੋਟੀ, ਘਵਾਣੀ, ਘਣਸਾਂ, ਬਿਲਾਸਪੁਰ ਤੋਂ ਹਰ ਰੋਜ਼ ਆਉਣ ਵਾਲੇ ਵਿਦਿਆਰਥੀਆਂ ਤੋਂ ਕੋਈ ਨਾ ਕੋਈ ਗੱਲ ਸੁਣ ਹੀ ਲਿਆ ਕਰੀਦੀ ਸੀ। ਉਹ ਕਰਨੀਆਂ ਕਮਾਈਆਂ ਦੀਆਂ ਗੱਲਾਂ ਸੁਣ ਕੇ ਮਨ ਵਿਚ ਬਹੁਤ ਖਿੱਚ ਪੈਣੀ। ਇਕ ਵਾਰੀ ਸੁਣਿਆ ਕਿ ਮਹਾਂਪੁਰਸ਼ਾਂ ਦੇ ਦੁਆਲੇ ਇਕ ਫਨੀਅਰ ਨਾਗ ਚੱਕਰ ਲਾ ਕੇ ਰਾਖੀ ਕਰਦਾ ਹੈ, ਕੋਈ ਬੰਦਾ ਰਾਤ ਨੂੰ ਉਨ੍ਹਾਂ ਦੀ ਕੁਟੀਆ ਵਲ ਨਹੀਂ ਜਾ ਸਕਦਾ। ਉਸ ਵੇਲੇ ਤਾਂ ਮੈਂ ਇਸ ਪੋਜ਼ੀਸ਼ਨ ਵਿਚ ਨਹੀਂ ਸੀ ਕਿ ਇਨ੍ਹਾਂ ਗੱਲਾਂ ਦਾ ਕੋਈ ਨਿਰਨਾ ਕਰ ਸਕਦਾ, ਕੇਵਲ ਵਿਸ਼ਵਾਸ਼ ਹੀ ਕਰਨਾ ਪੈਂਦਾ ਸੀ ਪਰ ਜਦੋਂ ਹੋਸ਼-ਹਵਾਸ਼ ਵਿਚ ਪੂਰੀ ਤਰ੍ਹਾਂ ਨਾਲ ਜਵਾਨ ਹੋਇਆ ਅਤੇ ਉਥੇ ਦਰਸ਼ਨ ਕਰਨ ਜਾਂਦੇ ਪ੍ਰੇਮੀਆਂ ਨਾਲ ਗੱਲ ਕਰਨੀ ਤਾਂ ਉਨ੍ਹਾਂ ਨੇ ਇਨ੍ਹਾਂ ਗੱਲਾਂ ਦੀ ਪ੍ਰੋੜ੍ਹਤਾ ਕਰਨੀ। ਅਸਾਡੇ ਪਿੰਡ ਧਮੋਟ ਵਿਚੋਂ ਇਕ ਪ੍ਰੇਮੀ ਗੁਰਦਿਆਲ ਸਿੰਘ ਦਰਜੀ ਜਿਸ ਨੂੰ ਆਮ ਲੋਕ ਗੁੱਲੀ ਕਿਹਾ ਕਰਦੇ ਸਨ, ਉਹ ਰਾੜਾ ਸਾਹਿਬ ਜਾਇਆ ਕਰਦੇ ਸਨ। ਉਹ ਟੇਲਰ ਮਾਸਟਰ ਸੀ। ਉਸ ਦੀ ਦੁਕਾਨ ਉਪਰ ਕਪੜੇ ਸੁਆਉਣ ਵਾਲਿਆਂ ਦਾ ਕਾਫੀ ਇਕੱਠ ਹੋਇਆ ਕਰਦਾ ਸੀ। ਉਸ ਦੀ ਦੁਕਾਨ ਦੇ ਸਾਮ੍ਹਣੇ ਇਕ ਦੋ ਢਾਈ ਫੁੱਟ ਚੌੜਾ ਕਾਫੀ ਲੰਮਾ ਚੌਂਤਰਾ ਸੀ ਜਿਸ ਉਤੇ ਆਮ ਲੋਕ ਆਪਣਾ ਵਿਹਲਾ ਸਮਾਂ ਲੰਘਾਉਣ ਲਈ ਪੈਰਾਂ ਭਰਨੇ ਬੈਠ ਜਾਇਆ ਕਰਦੇ ਸਨ। ਚੌਂਕੜੀ ਮਾਰਨਾ ਤਾਂ ਕੋਈ ਜਾਣਦਾ ਹੀ ਨਹੀਂ ਸੀ। ਜਦੋਂ ਕਦੇ ਗੁੱਲੀ ਦੀ ਦੁਕਾਨ ਤੇ ਕਪੜੇ ਲੈਣ ਦੇਣ ਲਈ ਜਾਣਾ ਤਾਂ ਦੇਖੀਦਾ ਸੀ ਕਿ ਗੁਰਦਿਆਲ ਸਿੰਘ ਪੈਰਾਂ ਨਾਲ ਚੱਲਣ ਵਾਲੀ ਮਸ਼ੀਨ ਤੇ ਕੱਪੜੇ ਸਿਉਂਇਆ ਕਰਦਾ ਸੀ। ਉਸ ਦੇ ਪੁਤਰ ਦਾ ਨਾਂ ਭਜਨ ਸਿੰਘ ਸੀ ਉਹ ਧਰਤੀ ਤੇ ਹੀ ਫੱਟਾ ਰੱਖ ਕੇ ਉਸ ਉਪਰ ਮਸ਼ੀਨ ਟਿਕਾ ਕੇ ਕੱਪੜੇ ਸਿਉਂਦਾ ਸੀ। ਗੁਰਦਿਆਲ ਸਿੰਘ ਦੇ ਸਾਮ੍ਹਣੇ ਇਕ black & white (ਬਿਨਾਂ ਰੰਗ ਤੋਂ) ਫੋਟੋ ਲੱਗੀ ਹੁੰਦੀ, ਉਸ

ਵਿਚ ਇਕ ਬਹੁਤ ਹੀ ਸੂਖਸ਼ਮ ਜਿਹੀ ਹਸਤੀ ਉਪਰ ਇਕ ਚਾਰ ਖਾਨਿਆਂ ਵਾਲੀ ਚਾਦਰ ਲਈ ਹੁੰਦੀ। ਉਹ ਬਹੁਤ ਹੀ ਗੰਭੀਰ ਨਕਸ਼ਾਂ ਵਾਲੀ ਫੋਟੋ ਸੀ। ਉਹ ਆਮ ਤੌਰ ਤੇ ਆਪਣੇ ਆਪ ਹੀ ਦੱਸੀ ਜਾਇਆ ਕਰਦਾ ਸੀ ਕਿ ਦੇਖੋ ਰਾੜੇ ਵਾਲੇ ਸੰਤਾਂ ਨੇ ਆਪਣਾ ਰਿਸ਼ਟ-ਪੁਸ਼ਟ ਸਰੀਰ ਕਿਵੇਂ ਸੁਕਾ ਲਿਆ ਹੈ। ਮਹਾਤਮਾ ਬੁੱਧ ਵਾਂਗੂੰ ਕੇਵਲ ਢਾਂਚਾ ਹੀ ਕਪੜਿਆਂ ਵਿਚ ਵਲੇਟਿਆ ਹੋਇਆ ਨਜ਼ਰ ਆਇਆ ਕਰਦਾ ਸੀ। ਜਦੋਂ ਮੈਨੂੰ ਉਸ ਨੇ ਦੱਸਣਾ ਕਿ ਭਾਈ! ਵੇਖੋ, ਰਾੜੇ ਵਾਲੇ ਮਹਾਂਪੁਰਸ਼ ਭਾਵੇਂ ਉਮਰ ਅਜੇ ਬਹੁਤ ਛੋਟੀ ਹੈ 26-27 ਸਾਲ ਦੀ ਉਮਰ ਵਿਚੋਂ ਲੰਘ ਰਹੇ ਹਨ ਉਨ੍ਹਾਂ ਨੇ ਐਨੀ ਤਪਸਿਆ ਕੀਤੀ ਹੈ ਕਿ ਹੱਡੀਆਂ ਦਾ ਢਾਂਚਾ ਹੀ ਬਣੇ ਹੋਏ ਹਨ। ਜਦੋਂ ਮੈਂ ਪਹਿਲੀ-ਪਹਿਲੀ ਵਾਰ ਆਪਣੀ ਮਾਤਾ ਤੇ ਹੋਰ ਪਿੰਡ ਦੇ ਪ੍ਰੇਮੀਆਂ ਨਾਲ ਪੂਰਨਮਾਸ਼ੀ, ਜੋ ਇਕ ਦਿਨ ਪਹਿਲਾਂ ਲੱਗਿਆ ਕਰਦੀ ਸੀ, ਜਾ ਕੇ ਕੀਰਤਨ ਸੁਣਿਆ ਤਾਂ ਮੈਂ ਦੇਖ ਕੇ ਹੈਰਾਨ ਹੋ ਗਿਆ ਕਿ ਮਹਾਂਪੁਰਸ਼ਾਂ ਨੇ ਆਪਣੇ ਦੁਆਲਿਓਂ ਲਾਈਟ ਪੂਰੀ ਤਰ੍ਹਾਂ ਬੁਝਾ ਦਿਤੀ ਸੀ। ਸੰਗਤ ਦੇ ਪਿਛੇ ਦੂਰ ਲਾਈਟਾਂ ਮਚ ਰਹੀਆਂ ਹਨ। ਉਸ ਸਮੇਂ ਉਨ੍ਹਾਂ ਅੰਦਰੋਂ ਪਿਆਰਾ ਅਤੇ ਦਰਦ ਭਰਿਆ ਸ਼ਬਦ ਨਿਕਲ ਰਿਹਾ ਸੀ। ਉਹ ਮੇਰੇ ਪੂਰੀ ਤਰ੍ਹਾਂ ਕੇਵਲ ਯਾਦ ਹੀ ਨਹੀਂ ਪਰ ਮੈਨੂੰ ਵੀ ਪ੍ਰੇਰਨਾ ਭੀ ਦਿੰਦਾ ਰਿਹਾ। ਉਹ ਦੋ ਤਿੰਨ ਸ਼ਬਦ ਸਨ ਜੋ ਬੈਰਾਗ ਵਿਚ ਪੂਰੀ ਤਰ੍ਹਾਂ ਭਿੱਜੇ ਹੋਏ ਗਲੇ ਵਿਚੋਂ ਆ ਰਹੇ ਸਨ ਅਤੇ ਸਰੋਤਿਆਂ ਦੇ ਅੰਦਰੋਂ ਲੰਘ ਕੇ ਇਕ ਖਿੱਚਾਂ ਭਰੀ ਕੰਬਣੀ ਪੈਦਾ ਕਰ ਰਹੇ ਸਨ-

***ਧਾਰਨਾ - ਤਨ ਸੁਕ ਕੇ ਹੱਡਾਂ ਦੀ ਮੁੱਠੀ ਹੋ ਗਿਆ,***
***ਅਜੇ ਵੀ ਨਾ ਰੱਬ ਬਹੁੜਿਆ।***

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ***
***ਦੇਖੁ ਬੰਦੇ ਕੇ ਭਾਗ॥ ਅੰਗ - ੧੩੮੨***

ਇਸ ਧਾਰਨਾ ਦੀ ਚੋਟ ਅਜੇ ਸਹਿ ਵੀ ਨਹੀਂ ਸਕੇ ਸੀ ਕਿ ਥੋੜ੍ਹੀ ਵਿਆਖਿਆ ਕਰਨ ਉਪਰੰਤ ਉਸ ਤੋਂ ਵੀ ਦਰਦ ਭਰਿਆ ਦ੍ਰਿਸ਼ ਸਾਮ੍ਹਣੇ ਆਇਆ ਜਿਸ ਵਿਚ ਤਕਿਆ ਕਿ ਇਕ ਕਾਂ ਪ੍ਰਤੀ ਪਿੰਜਰ ਜਿਹੇ ਸਰੀਰ ਵਿਚ ਕੁਝ ਸਾਹ ਬਚਦੇ ਤਪ ਕਰ ਰਹੇ ਬਾਬੇ ਫਰੀਦ ਜੀ ਨੇ ਬਚਨ ਕੀਤਾ-

***ਧਾਰਨਾ - ਓ ਕਾਗਾ! ਏ ਦੋਏ ਨੈਣਾਂ ਮਤ ਛੇੜਿਓ,***
***ਮੈਨੂੰ ਪਿਰ ਦੇਖਣ ਦੀ ਆਸ - 4***
***ਓ ਕਾਗਾ! ਏ ਦੋਏ ਨੈਣਾਂ ਮਤ***
***ਛੇੜਿਓ...।***

***ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥***
***ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥***
***ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ***
***ਮੈ ਨੀਰੁ ਵਹੇ ਵਹਿ ਚਲੈ ਜੀਉ॥***
***ਅੰਗ - ੯੪***

ਐਸੇ ਬਿਰਹੁ ਕੁਠੇ ਹਿਰਦੇ 'ਚੋਂ ਨਿਕਲੇ ਸ਼ਬਦ, ਸੁਣਨ ਵਾਲਿਆਂ ਨੂੰ ਕਿਸੇ ਅਗੰਮ ਦੇ ਰਸ ਵਿਚ ਗੋਤੇ ਦਿਵਾਇਆ ਕਰਦੇ ਸਨ। ਲੋਕ ਇਹ ਕਹਿੰਦੇ ਸੁਣੇ ਜਾਂਦੇ ਸਨ ਕਿ ਭਾਈ! ਭਾਵੇਂ ਇਸ ਮਹਾਤਮਾ ਦੀ ਸਰੀਰਕ ਆਯੂ ਬੜੀ ਥੋੜ੍ਹੀ ਹੈ ਪਰ ਇਸ ਦੇ ਅੰਦਰ ਦੀ ਹੂਕ ਐਨੀ ਪ੍ਰਬਲ ਹੈ ਕਿ ਕੋਇਲ ਦੀਆਂ ਕੂਕਾਂ ਵੀ ਫਿਕੀਆਂ ਪ੍ਰਤੀਤ ਦਿੰਦੀਆਂ ਹਨ। ਜਦੋਂ ਆਪ ਨੇ ਇਹ ਸ਼ਬਦ ਪੜ੍ਹਨਾ ਕਿ-

***ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦਾ।***

ਤਾਂ ਸੁਣਨ ਵਾਲਿਆਂ ਦੇ ਨੇਤਰਾਂ ਵਿਚੋਂ ਛਮਾ-ਛਮ ਹੰਝੂਆਂ ਦੀ ਵਰਸ਼ਾ ਹੋਣੀ ਸ਼ੁਰੂ ਹੋ ਜਾਇਆ ਕਰਦੀ ਸੀ ਅਤੇ ਸਾਡੇ ਵਰਗੀ ਮੂੜ੍ਹ ਅਵਸਥਾ ਵਾਲੇ ਵੀ ਬਿਰਹੁ ਦੀ ਵੇਦਨ ਨੂੰ ਅਨੁਭਵ ਕਰ-ਕਰ ਰੋ-ਰੋ ਕੇ ਕੀਰਤਨ ਸ੍ਰਵਣ ਕਰਿਆ ਕਰਦੇ ਸਨ। ਉਨ੍ਹਾਂ ਹੰਝੂਆਂ ਦੇ ਰਾਹੀਂ ਬੇਅੰਤ ਕੀਤੇ ਹੋਏ ਪਾਪ ਵਹਿ ਤੁਰਦੇ ਸਨ ਅਤੇ ਚਿਤ ਹਲਕਾ-ਫੁਲਕਾ ਹੋ ਕੇ ਕਿਸੇ ਅਜੀਬ ਜਿਹੇ ਰਸ ਨੂੰ ਅਨੁਭਵ ਕਰਿਆ ਕਰਦਾ ਸੀ।

ਪਿਆਰਿਓ! ਉਹ ਦਿਨ ਲੰਘ ਗਏ। ਡਾ. ਭਾਈ ਵੀਰ ਸਿੰਘ ਜੀ ਨੇ ਠੀਕ ਹੀ ਕਿਹਾ ਹੈ -

***ਇਹ ਠਹਿਰਣ ਜਾਚ ਨ ਜਾਣਦਾ,***
***ਲੰਘ ਗਿਆ ਨ ਮੁੜ ਕੇ ਆਂਵਦਾ।***

ਹੁਣ ਉਹ ਦਿਨ ਕਦੇ ਕਿਸੇ ਨੇ ਨਹੀਂ ਦੇਖਣੇ। ਕਿਸੇ ਦੇ ਅਜਿਹੇ ਭਾਗ ਨਹੀਂ ਬਣਨੇ ਜਿਨ੍ਹਾਂ ਕਰਕੇ ਅਜਿਹੀ ਪ੍ਰੇਮ ਕੁਠੀ ਹਸਤੀ ਮੁੜ ਕੇ ਕਿਸੇ ਨੂੰ ਮਿਲੇ। ਅਸੀਂ ਖੁਸ਼ਕ ਹੋ ਚੁਕੇ ਹਾਂ, ਪਿਆਰ ਨਾਮ ਦੀ ਕੋਈ ਸਾਡੇ ਵਿਚ ਚੀਜ਼ ਰਹੀ ਹੀ ਨਹੀਂ ਕਿਉਂਕਿ ਅਸੀਂ ਰਸੀਏ ਬਣ ਕੇ ਨਹੀਂ ਰਹਿ ਸਕੇ ਅਸਾਨੂੰ ਗਿਆਨੀ ਬਣਨ ਦਾ ਚਾਓ ਵਧੇਰੇ ਸੀ। ਅਸੀਂ ਗਿਆਨੀ ਬਣ ਗਏ, ਜਾਣ ਲਿਆ ਕਿ ਸਾਰੇ ਇਕੋ ਵਾਹਿਗੁਰੂ ਪਰੀਪੂਰਨ ਹੈ। ਜਾਨਣ ਨਾਲ ਕੁਝ ਵੀ ਨਾ ਹੋਇਆ। ਇਕ ਗੱਲ ਹੋਰ ਗਿਆਨ ਦੇ ਸਟੋਰ ਵਿਚ ਜਮ੍ਹਾ ਕਰ ਲਈ ਪਰ ਬੁੱਝ ਨਾ ਸਕੇ। ਬੁੱਝਣ ਲਈ ਜਾਨਣਾ ਨਿਰਾਰਥਕ ਹੋਇਆ ਕਰਦਾ ਹੈ। ਬੁਝਣ ਲਈ ਉਸੇ ਤਰ੍ਹਾਂ ਦੇ ਵਾਤਾਵਰਣ ਦੀ ਜ਼ਰੂਰਤ ਹੈ ਜੋ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕਦਾ। ਅੱਜ ਅਸੀਂ ਮਾਇਆ ਦੇ ਪਿਛੇ ਦੌੜ ਰਹੇ ਹਾਂ, ਅਸੀਂ ਪ੍ਰਤੱਖ ਰੂਪ ਵਿਚ ਨਹੀਂ ਕਹਿ ਸਕਦੇ।

***ਸੇਜ ਇਕੇਲੀ ਖਰੀ ਦੁਹੇਲੀ***
***ਮਰਣੁ ਭਇਆ ਦੁਖੁ ਮਾਏ॥***
***ਹਰਿ ਬਿਨ ਨੀਦ ਭੂਖ ਕਹੁ ਕੈਸੀ***
***ਕਾਪੜੁ ਤਨਿ ਨ ਸੁਖਾਵਏ॥***
***ਨਾਨਕ ਸਾ ਸੋਹਾਗਣਿ ਕੰਤੀ***
***ਪਿਰ ਕੈ ਅੰਕਿ ਸਮਾਵਏ।। ਅੰਗ - ੧੧੦੮***

'ਚਲਦਾ......।'

# ਪਿਆਰੇ ਦੀ ਤਾਂਘ
# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਹਉ ਵਾਰੀ ਵੰਞਾ ਘੋਲੀ ਵੰਞਾ*
*ਤੂ ਪਰਬਤੁ ਮੇਰਾ ਓਲ੍ਹਾ ਰਾਮ ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥*
*ਮਿਟੇ ਅੰਧਾਰੇ ਤਜੇ ਬਿਕਾਰੇ*
*ਠਾਕੁਰ ਸਿਉ ਮਨੁ ਮਾਨਾ ॥*
*ਪ੍ਰਭ ਜੀ ਭਾਣੀ ਭਈ ਨਿਕਾਣੀ*
*ਸਫਲ ਜਨਮੁ ਪਰਵਾਨਾ ॥*
*ਭਈ ਅਮੋਲੀ ਭਾਰਾ ਤੋਲੀ*
*ਮੁਕਤਿ ਜੁਗਤਿ ਦਰੁ ਖੋਲ੍ਹਾ ॥*
*ਕਹੁ ਨਾਨਕ ਹਉ ਨਿਰਭਉ ਹੋਈ*
*ਸੋ ਪ੍ਰਭੁ ਮੇਰਾ ਓਲ੍ਹਾ ॥ ਅੰਗ - ੭੮੦*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ ਤੇ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵੀਚਾਰਾਂ ਸਰਵਣ ਕਰੋ। ਬੁੱਧੀ ਦਾ ਪ੍ਰਯੋਗ ਕਰਕੇ ਵਿਚਾਰਾਂ ਨੂੰ ਤੋਲ ਕੇ ਹਿਰਦੇ ਵਿਚ ਵਸਾਉਣ ਦਾ ਯਤਨ ਕਰੋ। ਵਾਰੀ ਆਈ ਤੇ ਸ਼ਬਦ ਵਿਚ ਗੱਜ ਵੱਜ ਕੇ ਬੋਲੋ, ਜਦੋਂ ਇਸ ਤਰ੍ਹਾਂ ਕਰੋਂਗੇ ਤਾਂ ਫਲ ਕਿੰਨਾ ਹੋਏਗਾ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ - ੫੪੬***

ਕਈ ਕਰੋੜ ਜੱਗਾਂ ਦਾ ਫਲ ਪ੍ਰਾਪਤ ਹੋ ਜਾਏਗਾ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਕੋਈ ਬੰਦਾ ਵੀ ਸੰਸਾਰ ਵਿਚ ਐਸਾ ਨਹੀਂ ਹੈ ਜਿਹੜਾ ਕਈ ਕਰੋੜ ਜੱਗ ਕਰ ਲਵੇ ਕਿਉਂਕਿ ਜੇ ਇਹ ਹਰ ਰੋਜ਼ ਪੈਦਾ ਹੋਣ ਤੋਂ ਲੈ ਕੇ ਸੌ ਸਾਲ ਦੀ ਉਮਰ ਹੋਵੇ, ਹਰ ਰੋਜ਼ ਇਕ ਯੱਗ ਕਰੇ, ਤਾਂ ਸਾਰੀ ਜ਼ਿੰਦਗੀ ਦੇ ਅੰਦਰ 36 ਹਜ਼ਾਰ ਪੰਜ ਸੌ ਯੱਗ ਹੁੰਦਾ ਹੈ, ਜੇ ਹਜ਼ਾਰ ਸਾਲ ਦੀ ਉਮਰ ਹੋਵੇ ਤਾਂ ਤਿੰਨ ਲੱਖ ਕੋਈ ਤਕਰੀਬਨ 65 ਹਜ਼ਾਰ ਦੇ ਕਰੀਬ ਯੱਗ ਹੁੰਦਾ ਹੈ। ਜੇ ਦੱਸ ਹਜ਼ਾਰ ਸਾਲ ਦੀ ਹੋਵੇ ਤਾਂ 33 ਲੱਖ ਸਮਝ ਲਓ। ਕਈ ਕਰੋੜ ਯੱਗ ਤਾਂ ਹੋਏ ਨਾ। ਇਹ ਕਲਜੁਗ ਅੰਦਰ, ਮੈਂ ਪਹਿਲਾਂ ਵੀ ਕਈ ਵਾਰੀ ਬੇਨਤੀ ਕਰੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੋ ਅਕਾਲਪੁਰਖ ਦਾ ਸਰਗੁਣ ਸਰੂਪ ਸਨ ਕਿਉਂਕਿ ਵਾਹਿਗੁਰੂ ਦਾ ਇਕ ਨਿਰਗੁਣ ਸਰੂਪ ਹੁੰਦਾ ਹੈ ਤੇ ਇਕ ਸਰਗੁਣ ਸਰੂਪ ਹੁੰਦਾ ਹੈ। ਨਿਰਗੁਣ ਸਰੂਪ ਤਾਂ ਉਹ ਹੈ ਜਿਹਨੂੰ ਕੋਈ ਨਹੀਂ ਜਾਣਦਾ। ਨਾ ਵੇਦ ਜਾਣਦੇ ਨੇ, ਨਾ ਬ੍ਰਹਮਾ ਜਾਣਦਾ ਹੈ, ਨਾ ਸ਼ਿਵਜੀ, ਨਾ ਦੇਵੀਆਂ ਜਾਣਦੀਆਂ ਨੇ। ਉਹ ਇਸ ਕਰਕੇ ਨਹੀਂ ਜਾਣਦੀਆਂ ਕਿਉਂਕਿ ਉਹ ਆਪੇ ਆਪ ਹੁੰਦਾ ਹੈ, ਆਪਣੀ ਮਹਿਮਾ ਦੇ ਵਿਚ ਆਪ ਸਥਿਤ ਹੋਣ ਕਰਕੇ ਆਪਣੇ ਆਪ ਨੂੰ ਆਪ ਜਾਣਦਾ ਹੈ।

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ਅੰਗ - ੮੯੪*

ਉਹਨੂੰ ਕੋਈ ਨਹੀਂ ਜਾਣਦਾ ਕਿਉਂਕਿ ਆਪੇ ਆਪ ਹੁੰਦਾ ਹੈ। ਜਦੋਂ ਆਪਣੇ ਆਪ ਤੋਂ ਆਪੇ ਪਸਾਰਾ ਕਰਦਾ ਹੈ, ਪਸਾਰੇ ਦੇ ਵਿਚ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਹੈ ਸਰਗੁਣ ਦਾ ਜਿਸਨੂੰ ਏਕੰਕਾਰ ਕਹਿੰਦੇ ਨੇ। ਧਿਆਨ ਦਿਓ ਬਚਨ ਦੇ ਵਿਚ ਕਿਉਂਕਿ ਇਹ ਗੱਲਾਂ ਬਹੁਤ ਘੱਟ ਪ੍ਰਾਪਤ ਹੁੰਦੀਆਂ ਨੇ, ਫਿਲੋਸਫੀ ਦੀ ਗੱਲ ਹੈ। ਵਾਹਿਗੁਰੂ ਜਦੋਂ ਇਕ ਤੋਂ ਅਨੇਕ ਹੋਇਆ ਪਹਿਲਾ ਸਰੂਪ ਉਸਨੇ -

***ਨਿਰੰਕਾਰ ਆਕਾਰ ਹੋਏ ਏਕੰਕਾਰ ਅਪਾਰ ਸਦਾਇਆ।***

ਏਕੰਕਾਰ ਹੋਇਆ, ਸਰਗੁਣ ਸਰੂਪ ਹੋਇਆ। ਕਿਰਿਆਸ਼ੀਲ ਹੋਇਆ। ਜਿਸ ਤਰ੍ਹਾਂ ਇਕ ਰਾਜਾ ਹੈ। ਜਿੰਨੀ ਦੇਰ ਤੱਕ ਉਹ ਆਪਣੇ ਮਹੱਲ ਵਿਚ ਹੈ, ਜਦੋਂ ਉਹ ਕੋਰਟ ਵਿਚ ਆ ਗਿਆ ਤਾਂ ਉਥੇ ਆ ਕੇ constitution (ਸੰਵਿਧਾਨ) ਦੇ ਮੁਤਾਬਿਕ ਰਾਜ ਕਰਦਾ ਹੈ। ਸਰੂਪ ਪਹਿਲਾ ਵੀ ਓਹਦਾ ਹੀ ਹੈ, ਲੇਕਿਨ ਦੂਸਰਾ ਜਿਹੜਾ ਹੈ ਕਿਰਿਆਸ਼ੀਲ ਹੁੰਦਾ ਹੈ, ਜਿਵੇਂ ਦਫਤਰ ਵਿਚ ਜਾਂਦਾ ਹੈ ਬੰਦਾ, ਘਰ ਵਿਚ ਉਹਦੀ ਗੱਲ ਵਿਚ ਕੋਈ ਜ਼ੋਰ ਨਹੀਂ ਹੁੰਦਾ, ਜਦੋਂ ਦਫਤਰ 'ਚ ਜਾ ਕੇ ਸੀਟ ਤੇ ਬੈਠਦਾ ਹੈ, ਉਥੇ ਲਿਖਦਾ ਹੈ, ਉਹਦੇ ਵਿਚ ਜ਼ੋਰ ਹੋਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਆਕਾਰ ਦੇ ਵਿਚ ਕਰਦਾ ਹੈ ਵਾਹਿਗੁਰੂ, ਓਸ ਵੇਲ਼ੇ ਸਭ ਤੋਂ ਪਹਿਲਾ ਸਰੂਪ ਜੋ ਉਹਦਾ ਬਣਦਾ ਹੈ ਉਹਨੂੰ ੧ਓ ਕਹਿੰਦੇ ਨੇ। ਆਪੇ ਹੀ ਆਪਣੇ ਆਪ ਤੋਂ ਏਕੰਕਾਰ ਹੋ ਜਾਂਦਾ ਹੈ -

***ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥***
***ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩***

ਏਕੰਕਾਰ ਤੋਂ ਸ਼ਬਦ ਧੁਨ ਹੁੰਦੀ ਹੈ, ਉਹ ਜਿਹੜੀ ਸ਼ਬਦ ਧੁਨ ਹੈ ਉਹਦਾ ਨਾਮ ਓਅੰਕਾਰ ਦੀ ਧੁਨ ਕਹਿੰਦੇ ਨੇ। ਉਹ

ਸ਼ਬਦ ਹੀ ਓਅੰਕਾਰ ਹੋਇਆ।

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਜਿਹੜੀ ਧੁਨ ਹੈ ਨਾ ਸ਼ਬਦ ਦੀ ਉਹ ਖਤਮ ਨਹੀਂ ਹੋਈ, ਓਸ ਸ਼ਬਦ ਦੇ ਵਿਚੋਂ ਸਾਰੀ ਰਚਨਾ ਹੋਈ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥*
*ਓਅੰਕਾਰਿ ਸੈਲ ਜੁਗ ਭਏ ॥*
*ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦*

Time & Space (ਸਮਾਂ ਅਤੇ ਸੀਮਾ) ਓਅੰਕਾਰ 'ਚੋਂ, ਸ਼ਬਦ 'ਚੋਂ ਹੋਏ। ਸ਼ਬਦ 'ਚੋਂ ਗਿਆਨ ਪੈਦਾ ਹੋਇਆ, ਵੇਦ, ਜੀਵ ਜੰਤੂ, ਬ੍ਰਹਮਾ ਸ਼ਕਤੀ ਜੋ ਸੰਸਾਰ ਨੂੰ ਬਣਾ ਰਹੀ ਹੈ ਉਹ ਪੈਦਾ ਹੋਈ। ਸ਼ਬਦ ਦੇ ਵਿਚੋਂ ਸ਼ਿਵਜੀ ਦੀ ਸ਼ਕਤੀ ਪੈਦਾ ਹੋਈ। ਸ਼ਬਦ ਦੇ ਵਿਚੋਂ ਵਿਸ਼ਨੂੰ ਜੀ ਦੀ ਸ਼ਕਤੀ ਪੈਦਾ ਹੋਈ, ਅਨੇਕਾਂ ਦੇਵੀ ਦੇਵ, ਅਵਤਾਰ ਆਹ ਸਾਰਾ ਸੰਸਾਰ ਜਿੰਨਾ ਤੁਸੀਂ ਦੇਖਦੇ ਹੋ ਇਹ ਸਾਰਾ ਸ਼ਬਦ ਦੇ ਵਿਚੋਂ ਹੋਇਆ। ਸੋ ਏਸ ਤਰ੍ਹਾਂ ਦੇ ਨਾਲ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਪ੍ਰਮੇਸ਼ਰ ਦਾ ਹੈ, ਏਕੰਕਾਰ ਦਾ, ਉਹ ਜਦੋਂ ਸੰਸਾਰ ਦੇ ਵਿਚ ਉਧਾਰ ਕਰਨ ਵਾਸਤੇ ਪ੍ਰਗਟ ਹੁੰਦਾ ਹੈ, ਫੇਰ ਉਹ ਗੁਰੂ ਸਰੂਪ ਹੋਇਆ ਕਰਦਾ ਹੈ। ਏਕੰਕਾਰ ਨੂੰ ਅਸੀਂ ਨਹੀਂ ਜਾਣ ਸਕਦੇ ਕਿਉਂਕਿ ਉਹਦਾ ਕੋਈ ਰੂਪ ਨਹੀਂ ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ ਪਾਤ ਨਹੀਂ, ਕੋਈ ਰਹਿਣ ਦਾ ਥਾਂ ਨਹੀਂ, ਕੋਈ ਉਹਦੀ ਕੁਆਲਿਟੀ ਅਸੀਂ ਜਾਣਦੇ ਨਹੀਂ ਹਾਂ। ਸੋ ਸਾਡੇ ਤਰਨ ਵਾਸਤੇ ਪ੍ਰਮੇਸ਼ਰ ਨੇ ਐਸਾ ਕੌਤਕ ਕਰ ਦਿਤਾ ਕਿ ਗੁਰੂ ਨੂੰ ਆਪਣਾ ਸਰੂਪ ਬਣਾ ਕੇ ਸੰਸਾਰ ਤੇ ਭੇਜ ਦਿਤਾ। ਗੁਰੂ ਨਾਨਕ ਪਾਤਸ਼ਾਹ ਦਸਾਂ ਪਾਤਸ਼ਾਹੀਆਂ ਦੇ ਵਿਚ ਗੁਰੂ ਪ੍ਰਮੇਸ਼ਰ ਸਨ। ਗੁਰੂਆਂ ਦਾ ਘਾਟਾ ਨਹੀਂ ਸੰਸਾਰ ਦੇ ਉਤੇ ਲੇਕਿਨ ਗੁਰੂ ਪ੍ਰਮੇਸ਼ਰ ਇਹੀ ਹੋਏ ਨੇ। ਬਾਕੀ ਤਾਂ ਗੁਰੂ ਨੇ ਸਾਰੇ। ਟੀਚਰ ਨੇ, ਮਾਸਟਰ ਨੇ ਲੇਕਿਨ ਜੋ ਗੁਰੂ ਹੈ ਅਕਾਲ ਪੁਰਖ ਕਹਿੰਦਾ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਉਹ ਗੁਰੂ ਪ੍ਰਮੇਸ਼ਰ ਜੋ ਹੈ ਉਹ ਗੁਰੂ ਹੋਇਆ ਕਰਦਾ ਹੈ। ਸੋ ਉਨ੍ਹਾਂ ਨੇ ਸਾਡੇ ਉਧਾਰ ਵਾਸਤੇ, ਕਲਜੁਗ ਦੇ ਅੰਦਰ ਕਿੰਨਾ concession (ਰਿਆਇਤ) ਦੇ ਦਿਤਾ। ਸਮਾਂ ਚਲਦਾ ਹੈ, ਚਲਦਾ ਸਮਾਂ ਇਕ ਰਸ ਨਹੀਂ ਰਹਿੰਦਾ। ਵਾਤਾਵਰਣ ਦੇ ਨਾਲ ਮਿਲ ਕੇ ਲੋਕਾਂ ਦੇ ਖਿਆਲ ਬਦਲ ਜਾਂਦੇ ਨੇ, ਜਿਉਂ-ਜਿਉਂ ਖਿਆਲਾਂ ਦੀ ਗਿਰਾਵਟ ਹੁੰਦੀ ਹੈ ਤਿਉਂ-ਤਿਉਂ ਆਚਾਰੀਆ, ਸੰਤ ਲੋਕ, ਸਾਧੂ ਮਹਾਂਪੁਰਸ਼ ਜੀਵਾਂ ਦੇ ਤਰਨ ਵਾਸਤੇ ਨਵੇਂ ਤੋਂ ਨਵੇਂ ਰਾਹ ਕੱਢਦੇ ਨੇ, ਨਵੀਂ ਤੋਂ ਨਵੀਂ ਟੈਕਨੋਲੋਜੀ ਲਿਆਉਂਦੇ ਨੇ ਕਿ ਐਸ ਤਰ੍ਹਾਂ ਇਨ੍ਹਾਂ ਦਾ ਉਧਾਰ ਹੋ ਜਾਏਗਾ। ਹੁਣ ਕਲਜੁਗ ਦਾ ਸਮਾਂ ਹੈ ਸਾਡੇ ਭਾਰਤੀ ਮਤ ਦੇ ਹਿਸਾਬ ਨਾਲ 17 ਲੱਖ 28 ਹਜ਼ਾਰ ਸਾਲ ਦੇ ਸਮੇਂ ਨੂੰ ਜਦੋਂ ਲੋਕਾਂ ਦੇ ਖਿਆਲ ਬਿਲਕੁਲ ਟਿਕੇ ਹੋਏ ਸਨ, ਸਤਿ ਬੋਲਦੇ ਸਨ ਉਹਨੂੰ ਸਤਿਜੁਗ ਕਹਿੰਦੇ ਸੀ। ਸਤਿ ਦਾ ਜੀਵਨ ਧਾਰ ਕੇ ਆਦਮੀ ਤਰ ਜਾਇਆ ਕਰਦਾ ਸੀ, ਤਪਸਿਆ ਬਹੁਤ ਕਰਦੇ ਸੀ -

*ਲਖ ਵਰ੍ਹਿਆਂ ਦੀ ਆਰਜਾ*
*ਵਕਤ ਗੁਜਾਰਨ ਪਿੰਨੀ ਸਾਂਈ।*

ਉਮਰਾਂ ਬਹੁਤ ਵੱਡੀਆਂ ਸੀ, ਲੇਕਿਨ ਹਿਰਸ ਨਹੀਂ ਸੀ, ਆਹ ਜਿਹੜੀ ਅੱਜ ਹੈ ਉਮਰ ਛੋਟੀ ਜਿਹੀ ਹੈ -

*ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥*
*ਅੰਗ - ੬੯੨*

ਵੱਡੇ-ਵੱਡੇ ਮਕਾਨ, ਵੱਡੀਆਂ-ਵੱਡੀਆਂ ਗਹਿਰੀਆਂ ਨੀਹਾਂ ਪੁੱਟਦੇ ਨੇ, ਵੱਡੇ-ਵੱਡੇ ਬੰਦੋਬਸਤ ਕਰਦਾ ਹੈ ਕਿ ਵੱਡੀਆਂ ਬਿਲਡਿੰਗਾਂ ਬਣਾਉਣੀਆਂ ਨੇ, ਕੋਈ ਮੁਨਿਆਦ ਪੱਕੀ ਚਾਹੀਦੀ ਹੈ, ਭੁਚਾਲ ਨਾਲ ਨਾ ਹਿੱਲੇ। ਪਹਿਲਿਆਂ ਜ਼ਮਾਨਿਆਂ 'ਚ ਕੀ ਸੀ, ਉਹ ਕਹਿੰਦੇ ਸੀ ਕਾਲ ਦਾ ਕੋਈ ਭਰੋਸਾ ਨਹੀਂ। ਇਥੇ ਰਹਿਣਾ ਤਾਂ ਹੈ ਨਹੀਂ। ਰਹਿਣ ਸਹਿਣ ਸਾਦਾ ਸੀ, ਜਿਹੋ ਜਿਹਾ ਥਾਂ ਮਿਲ ਗਿਆ, ਓਹੋ ਜਿਹੇ ਥਾਂ ਦਿਨ ਕੱਟ ਲਏ। ਮਾਰਕੰਡੇ ਦੀ ਉਮਰ ਬਹੁਤ ਵੱਡੀ ਸੀ, ਜੇ ਕਿਸੇ ਨੇ ਕਿਹਾ ਕਿ ਮਾਰਕੰਡਾ ਜੀ ਤੁਸੀਂ ਮਕਾਨ ਤਾਂ ਬਣਾ ਲਓ। ਉਹ ਕਹਿੰਦੇ ਕਿਸ ਲਈ, ਚਾਰ ਦਿਨ ਦੀ ਜਿੰਦਗਾਨੀ ਹੈ -

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ - ੬੯੨*

ਛੱਪਰ ਪਾ ਲੈਂਦਾ ਸੀ ਤੇ ਉਹਦੇ ਵਿਚ ਹੀ ਦਿਨ ਕੱਟ ਲਿਆ ਕਰਦਾ ਸੀ। ਸਮਾਂ ਬਦਲ ਗਿਆ, 12 ਲੱਖ 96 ਹਜ਼ਾਰ ਸਾਲ ਆਦਮੀਆਂ ਦਾ ਖਿਆਲ ਬਰੈਕਟ ਕੀਤਾ ਗਿਆ ਏਸ ਨੂੰ ਤ੍ਰੇਤਾ ਯੁੱਗ ਕਹਿੰਦੇ ਨੇ। 8 ਲੱਖ 64 ਹਜ਼ਾਰ ਸਾਲ ਦੇ ਵਿਚ ਆਦਮੀਆਂ ਦਾ ਖਿਆਲ ਫੇਰ ਬਰੈਕਟ ਕੀਤਾ ਗਿਆ ਤੇ ਉਹਨੂੰ ਦੁਆਪਰ ਯੁੱਗ ਕਹਿੰਦੇ ਨੇ ਹੁਣ ਵਾਰੀ ਆ ਗਈ ਕਲਜੁਗ ਦੀ ਇਹਦੀ ਉਮਰ 4 ਲੱਖ 32 ਹਜ਼ਾਰ ਸਾਲ ਦੀ ਹੈ। ਲੇਕਿਨ ਮਹਾਂਪੁਰਸ਼ਾਂ ਦਾ ਇਹ ਅਨੁਭਵ ਹੈ ਕਿ ਇਹ 4 ਲੱਖ 32 ਹਜ਼ਾਰ ਸਾਲ ਆਬਾਦੀ ਨਹੀਂ ਰਹਿਣੀ। ਲੋਕਾਂ ਦੇ ਖਿਆਲ ਐਨੇ ਦੂਸ਼ਿਤ ਹੋ ਜਾਣੇ ਨੇ, ਵਾਤਾਵਰਣ ਨੇ ਐਨਾ ਅਸ਼ੁੱਧ ਹੋ ਜਾਣਾ ਹੈ ਤੇ ਹਵਾ ਦੇ ਵਿਚ ਮਿਲਾਵਟ ਗੈਸਾਂ ਐਨੀਆਂ ਆ ਜਾਣੀਆਂ ਨੇ ਕਿ ਮਨੁੱਖ ਦੀ ਜੋ ਹੋਂਦ ਹੈ, ਉਹ ਬਹੁਤ ਥੋੜ੍ਹੀ ਰਹੇਗੀ। ਐਨੀ ਨਹੀਂ ਰਹਿੰਦੀ 4 ਲੱਖ 32 ਹਜ਼ਾਰ ਸਾਲ ਦੀ ਕਿਉਂਕਿ ਇਹ ਜੁੱਗ ਦੇ ਵਿਚ ਪਾਪ ਬਹੁਤੇ ਹੋਣ ਕਰਕੇ ਇਹਦੀ ਉਮਰ ਘਟ ਜਾਣੀ ਹੈ, ਸੌ ਸਾਲ ਦੀ ਉਮਰ ਮਨੁੱਖ ਦੀ ਕਲਜੁਗ 'ਚ ਰੱਖੀ ਹੈ ਲੇਕਿਨ ਸੌ ਸਾਲ ਦੀ ਕਿਸੇ ਵਿਰਲੇ ਦੀ ਹੁੰਦੀ ਹੈ। 60 ਤੋਂ ਹੀ ਗਿਰਨੇ ਸ਼ੁਰੂ ਹੋ ਜਾਂਦੇ ਨੇ। ਪਹਿਲਾਂ ਬੱਚੇ ਹੀ ਚਲੇ ਜਾਂਦੇ ਨੇ ਕਈ ਵਾਰੀ। ਪਹਿਲੇ ਜੁਗਾਂ 'ਚ ਬੱਚੇ ਨਹੀਂ ਸੀ ਜਾਇਆ ਕਰਦੇ ਮਾਂ ਬਾਪ ਦੇ ਹੁੰਦੇ। ਐਸਾ ਤਪ ਕੀਤਾ ਹੋਇਆ ਸੀ ਉਨ੍ਹਾਂ ਨੇ। ਸੋ ਇਹ ਜੋ ਕਲਜੁਗ ਹੈ ਇਹਦੇ ਵਿਚ ਅਸੀਂ ਕਰੀਏ ਕਿਵੇਂ? ਸਾਡਾ ਕੋਈ ਉਧਾਰ ਹੋਵੇ, ਅਸੀਂ ਆ ਤਾਂ ਗਏ ਕਲਜੁਗ 'ਚ। ਅਸੀਂ ਆਪਣੇ ਆਪ ਤਾਂ ਆਏ ਨਹੀਂ, ਸਾਨੂੰ ਭੇਜਿਆ ਗਿਆ ਹੈ। ਸਾਡੀ ਵਾਰੀ ਆਈ ਹੈ ਤੇ ਵਾਰੀ ਦੇ ਵਿਚ ਆ ਕੇ ਸਾਨੂੰ ਕਲਜੁਗ ਦੇ ਵਿਚ ਜਨਮ ਮਿਲ ਗਿਆ। ਮਹਾਰਾਜ ਕਹਿੰਦੇ ਘਬਰਾਓ ਨਾ, ਸਾਧਨ ਐਨਾ ਸੁਖਾਲਾ ਕਰ ਦਿਤਾ ਹੈ ਕਿ ਇਕ ਵਾਰੀ ਵੀ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਕਿੱਡੀ ਰਿਆਇਤ) ਦੇ ਦਿਤੀ ਕਿ ਜੇ ਇਕ ਵਾਰੀ ਵੀ ਧਿਆਨ ਆ ਜਾਏ ਵਾਹਿਗੁਰੂ ਦਾ ਉਹਦੀ ਕਾਲ ਦੀ ਫਾਸੀ ਕਟ ਜਾਂਦੀ ਹੈ, ਥੋੜ੍ਹੀ ਜਿਹੀ ਸੇਵਾ ਕਰ ਲਵੇ ਬਹੁਤ ਵੱਡਾ ਫਲ ਮਿਲਦਾ ਹੈ। ਪਹਿਲਾਂ ਫਲ ਐਨਾ ਨਹੀਂ ਸੀ ਮਿਲਦਾ, ਨਾਮ ਜਪਣ ਦਾ ਫਲ ਬੇਅੰਤ ਮਿਲਦਾ ਹੈ। ਕਹਿੰਦੇ ਨਾਮ ਦਾ ਜੁਗ ਆ ਗਿਆ –

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥* **ਅੰਗ – ੧੧੮੫**

ਸੋ ਇਹ ਬਚਨ ਯਾਦ ਕਰ ਲਓ, ਬੜੇ ਕੰਮ ਆਉਣਗੇ। ਕਲਜੁਗ ਦਾ ਸਮਾਂ, ਨਾਮ ਦੀ ਖੇਤੀ ਤੇ ਨਾਮ ਦੀ ਖੇਤੀ ਐਨੀ ਭਰਪੂਰ ਹੈ ਕਿ ਜਿਹਦੇ ਪੱਲੇ ਪੈ ਜਾਵੇ ਕਹਿੰਦੇ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
**ਅੰਗ – ੮੧**

ਜੱਗਾਂ ਦੀ ਕੀਮਤ ਸੀ, ਪੁੰਨਾਂ ਦੀ ਕੀਮਤ ਸੀ, ਇਕ ਪੁੰਨ ਇਥੇ ਕਰਿਆ ਜਾਵੇ, ਬ੍ਰਹਮਗਿਆਨੀ ਦੇ ਰਾਹੀਂ ਕੋਈ ਪੁੰਨ ਕਰ ਦਿਤਾ, ਪੂਰਨ ਮਹਾਤਮਾ ਦੇ ਰਾਹੀਂ ਪੁੰਨ ਕਰ ਦਿਤਾ, ਲੱਖ ਗੁਣਾਂ ਫੈਲ ਜਾਇਆ ਕਰਦਾ ਸੀ, ਲੇਕਿਨ ਕੀਮਤ ਤਾਂ ਸੀ ਨਾ। ਕਲਜੁਗ ਦੇ ਵਿਚ ਜਿਹੜਾ ਪੁੰਨ ਹੈ, ਹਰੀ ਦਾ ਜਸ ਤੇ ਨਾਮ ਜਪਣਾ –

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥*
**ਅੰਗ – ੯੬੨**

ਸੱਚੇ ਪਾਤਸ਼ਾਹ! ਕਲਜੁਗ ਦਾ ਆਦਮੀ ਮੈਂ-ਮੈਂ ਕਰਦਾ ਹੈ, ਆਪਣੇ ਥੋੜ੍ਹੇ ਜਿਹੇ ਪੁੰਨ ਕਰਨ ਦੇ ਨਾਲ, ਥੋੜ੍ਹੀ ਜਿਹੀ ਸੇਵਾ ਕਰਨ ਦੇ ਨਾਲ ਬਹੁਤ ਵੱਡੀ ਮਹਿਮਾ ਚਾਹੁੰਦਾ ਹੈ, ਬਹੁਤ ਵੱਡਾ ਉਹਦਾ ਫਲ ਚਾਹੁੰਦਾ ਹੈ ਤੇ ਪੁੰਨ ਲਗ ਜਾਣਗੇ? ਮਹਾਰਾਜ ਕਹਿੰਦੇ ਨਹੀਂ ਭਾਈ, ਪੁੰਨ ਦੇ ਵਿਚ ਜੇ ਬਹੁਤ ਧਿਆਨ ਵਾਲਾ ਹੋਏਗਾ ਤਾਂ, ਤਾਂ ਲੱਗ ਜਾਏਗਾ ਨਹੀਂ ਤਾਂ ਪੁੰਨ ਜਾਂਦਾ ਰਹੇਗਾ।–

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥*
**ਅੰਗ – ੧੪੨੮**

ਗੁਮਾਨ ਇਹਨੂੰ ਕੁਦਰਤੀ ਤੌਰ ਤੇ ਆਉਣਾ ਹੈ, ਗੁਰਦੁਆਰਾ ਬਣਾ ਕੇ ਗੁਮਾਨ ਆਏਗਾ ਕਿ ਮੈਂ ਬਣਾਇਆ ਹੈ। ਪ੍ਰੈਜੀਡੈਂਟਸ਼ਿਪ ਤੋਂ ਉਹਨੂੰ ਲਾਹ ਦਿਓ, ਨਿਰਾਸ ਹੋ ਜਾਏਗਾ ਕਿ ਮੇਰੀ ਕਦਰ ਹੀ ਨਹੀਂ ਕਰੀ ਇਨ੍ਹਾਂ ਲੋਕਾਂ ਨੇ। ਇਹ ਹੁਣ ਆ ਕੇ ਚੌਧਰੀ ਬਣ ਗਏ। ਮੈਂ ਜਦੋਂ ਬਣਾਉਂਦਾ ਸੀ ਉਦੋਂ ਕੋਈ ਨੇੜੇ ਨਹੀਂ ਸੀ ਆਉਂਦਾ। ਇਹਨੂੰ ਕਹਿੰਦੇ ਨੇ ਕਿ ਅਭਿਮਾਨ ਹੋ ਗਿਆ। ਮਹਾਰਾਜ ਕਹਿੰਦੇ ਨਿਹਫਲ ਹੋ ਗਿਆ। ਇਕ ਪੁੰਨ ਹੈ ਸੰਸਾਰ ਦੇ ਵਿਚ ਜਿਸ ਪੁੰਨ ਦੇ ਵਿਚ ਬੈਠੇ ਹੁਣ ਤੁਸੀਂ ਕਰ ਰਹੇ ਓਂ। ਕਲਜੁਗ ਦੇ ਵਿਚ ਵੱਡਾ ਪੁੰਨ ਗੋਬਿੰਦ ਦੇ ਗੁਣ ਗਾਉਣਾ ਹੈ। ਜਿਸਦੀ ਕੀਮਤ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਕੋਈ ਪਾ ਨਹੀਂ ਸਕਿਆ, ਨਾ ਨਾਮ ਦੀ ਕੀਮਤ ਨਾ ਪ੍ਰਮੇਸ਼ਰ ਦੇ ਗੁਣਾਂ ਦੀ ਕੀਮਤ। ਆਪੇ ਹੀ ਛੁਟਕਾਰਾ ਹੋ ਗਿਆ ਸਾਡਾ। ਸੇਵਾ ਕਰੀ ਕਿੰਨਾ ਫਲ ਦਿੰਦੀ ਹੈ। ਮੈਨੂੰ ਥੋੜ੍ਹੇ ਜਿਹੇ ਦਿਨ ਹੋਏ ਸੰਗਤ ਦੇ ਵਿਚ ਦੱਸਿਆ। ਇਥੇ ਕਹਿੰਦੇ ਅਸੀਂ ਰਾੜਾ ਸਾਹਿਬ ਗਏ, ਉੱਥੇ ਇਕ ਭੂਤ ਬੋਲੇ। ਉਹ ਭੂਤ ਕਹਿਣ ਲੱਗਿਆ ਕਿ ਦੇਖੋ ਤੁਹਾਨੂੰ ਮੈਂ ਇਕ ਗੱਲ ਦੱਸਾਂ। ਭੂਤ ਤਾਂ ਮੈਂ ਗਿਆ ਬਣ, ਮੇਰੇ ਕਰਮ ਮਾੜੇ ਸੀਗੇ ਪਰ ਮੈਂ ਇਕ ਗੱਲ ਦੱਸਦਾ ਹਾਂ, ਮੈਂ ਸਿਰਫ ਐਨਾ ਹੀ ਪੁੰਨ ਕਰਿਆ ਸੀ ਜ਼ਿੰਦਗੀ ਦੇ ਅੰਦਰ, ਮਹਾਤਮਾ ਪਹੁੰਚੇ ਸਾਡੇ ਪਿੰਡ ਆਏ, ਭੀੜ ਜ਼ਿਆਦਾ ਹੋ ਗਈ ਤੇ ਮੈਂ ਅੱਗੇ ਹੋ ਕੇ ਉਨ੍ਹਾਂ ਨੂੰ ਰਸਤਾ ਦਿਵਾ ਦਿਤਾ। ਲੋਕਾਂ ਨੂੰ ਪਰ੍ਹੇ ਹਟਾ ਦਿਤਾ ਸੰਗਤਾਂ ਨੂੰ ਕਿ ਲੰਘ ਜਾਣ ਦਿਓ ਤੁਸੀਂ। ਕਹਿੰਦਾ, ਉਹਦਾ ਇਹ ਪੁੰਨ ਹੋਇਆ ਕਿ ਜਮਦੂਤ ਜਦੋਂ ਮੈਨੂੰ ਲੈਣ ਆਏ ਤਾਂ ਕਹਿੰਦੇ ਇਹਨੂੰ ਮਾਰਨਾ ਨਹੀਂ ਹੈ। ਉਹ ਕਹਿਣ ਲੱਗੇ ਕਿਉਂ ਨਹੀਂ ਮਾਰਨਾ? ਕਹਿੰਦੇ ਇਹਨੇ ਮਹਾਤਮਾ ਨੂੰ ਰਸਤਾ ਦਿਖਾ ਕੇ ਲੰਘਾਇਆ ਸੀਗਾ ਭੀੜ ਦੇ ਵਿਚੋਂ। ਕਹਿੰਦਾ, ਉਹਦਾ ਪੁੰਨ ਮੈਨੂੰ ਇਹ ਮਿਲਿਆ ਕਿ ਮੈਨੂੰ ਜਮਾਂ ਦੀ ਮਾਰ ਨਹੀਂ ਪਈ। ਕਿਉਂਕਿ ਮਹਾਰਾਜ ਕਹਿੰਦੇ ਨੇ ਇਹ ਗੱਲ–

*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ ॥* **ਅੰਗ – ੧੩੨੮**

ਜੇ ਕੋਈ ਮਹਾਂਪੁਰਸ਼ਾਂ ਨੂੰ ਕੇਵਲ ਆਦਰ ਤੇ ਸਤਿਕਾਰ ਨਾਲ ਜੀ ਕਹਿ ਕੇ ਵੀ ਬੁਲਾ ਲੈਂਦਾ ਹੈ ਤਾਂ ਕਹਿੰਦੇ ਜਮਦੂਤ ਨਹੀਂ ਉਹਨੂੰ ਕੁੱਟਦੇ। ਕਿੱਡਾ ਵੱਡਾ ਪੁੰਨ ਹੋ ਗਿਆ। ਸੋ ਐਸਾ ਹੀ ਪੁੰਨ ਜੋ ਹੈ ਨਾਮ ਦਾ ਹੈ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* **ਅੰਗ – ੨੬**

ਜਦੋਂ ਅਸੀਂ ਸੇਵਾ ਕਰਦੇ ਹਾਂ, ਕਹਿੰਦੇ ਉਹਦਾ ਪੁੰਨ ਦਰਗਾਹ ਦੇ ਵਿਚ ਇਹ ਮਿਲਦਾ ਹੈ ਕਿ ਥਾਂ ਮਿਲ ਜਾਂਦਾ ਹੈ। ਕੱਲ੍ਹ ਹੀ ਮੈਂ ਕਹਿ ਰਿਹਾ ਸੀ ਇਥੇ ਸੇਵਾ ਚੱਲ ਰਹੀ ਸੀ ਤੇ ਮੇਰੇ ਮਨ 'ਚ ਆਇਆ, ਹਿਸਾਬ-ਕਿਤਾਬ ਜਿਹਾ ਮੈਂ ਲਾ ਲੈਂਦਾ ਹੁੰਦਾ ਹਾਂ। ਮੈਂ ਕਿਹਾ ਕਿ 8 ਵਜੇ ਤੋਂ ਆਏ ਨੇ ਪ੍ਰੇਮੀ ਸਾਰੇ, ਬੀਬੀਆਂ ਆਈਆਂ ਨੇ, ਇਨ੍ਹਾਂ ਨੇ ਨਾ ਇਕ ਸਕਿੰਟ ਵਾਸਤੇ ਦਮ ਲਿਆ, ਨਾ ਇਹ ਠਹਿਰੀਆਂ ਨੇ ਤੇ ਨਾ ਹੀ ਇਨ੍ਹਾਂ ਦੀ ਚਾਲ ਮੱਠੀ ਪਈ, ਓਨੀਓਂ ਤੇਜ਼ੀ ਹੈ ਜਿੰਨੀ ਸਵੇਰ ਵੇਲੇ ਸੀ, ਓਸ ਵੇਲੇ ਦੋ ਵੱਜ ਗਏ ਸੀ। ਛੇ ਘੰਟੇ ਸੇਵਾ ਕਰਦਿਆਂ ਨੂੰ ਹੋ ਗਏ ਸੀ। ਛੋਟੀਆਂ-ਛੋਟੀਆਂ ਬੱਚੀਆਂ ਇਕ ਵੀ ਨਾ ਥੱਕੀ। ਮੈਂ ਹੈਰਾਨ ਹੋ ਰਿਹਾ ਸੀ ਤੇ ਮੈਂ ਅੰਦਾਜ਼ਾ ਲਾਇਆ ਕਿ ਛੇ ਘੰਟੇ 'ਚ ਐਵਰੇਜ ਜੇ ਆਹੀ ਮੰਨ ਲਓ ਕਿ ਦੋ ਕਿਲੋਮੀਟਰ ਇਹ ਇਕ ਘੰਟੇ 'ਚ ਤੁਰੀਆਂ ਨੇ, ਬੀਬੀਆਂ ਤੇ ਭਾਈ ਤੁਰੇ ਨੇ ਕਿ ਇਹ ਅੱਠ ਘੰਟਿਆਂ ਦੇ ਅੰਦਰ ਕਿੰਨਾ ਚੱਲ ਗਏ। ਛੇ ਘੰਟਿਆਂ ਦੇ ਅੰਦਰ 12 ਕਿਲੋਮੀਟਰ ਚੱਲ ਗਏ। ਸਿਰ ਦੇ ਉਤੇ ਵਜ਼ਨ ਲੈ-ਲੈ ਕੇ। ਸਹਿਜ ਦੇ ਵਿਚ ਸੇਵਾ ਹੋਈ ਹੈ, ਮੈਂ ਕਿਹਾ ਬੇਟਾ! ਥੱਕ ਤਾਂ ਨਹੀਂ ਗਈਆਂ। ਕਹਿੰਦੀਆਂ ਨਹੀਂ ਪਿਤਾ ਜੀ ਅਸੀਂ ਨਹੀਂ ਥੱਕੀਆਂ। ਮੈਂ ਕਿਹਾ

ਅੱਜ 12 ਕਿਲੋਮੀਟਰ ਤੁਸੀਂ ਤੁਰੀਆਂ ਓਂ, ਗੁਰੂ ਦੀ ਸੇਵਾ ਦੇ ਵਿਚ ਵਜ਼ਨ ਚੁੱਕ-ਚੁੱਕ ਕੇ। ਤੁਹਾਡਾ ਘੱਟ ਤੋਂ ਘੱਟ ਵੀ ਮੈਂ ਅਨੁਮਾਨ ਲਾਵਾਂ, 12 ਲੱਖ ਕਿਲੋਮੀਟਰ ਤੁਹਾਡਾ ਦਰਗਾਹ ਦਾ ਰਸਤਾ ਸਾਫ ਹੋ ਗਿਆ। ਇਹ ਜੋ ਸੜਕ ਦੀ ਸੇਵਾ ਕਰੀ ਹੈ, ਪਤਾ ਨਹੀਂ ਕਿਹੜੇ ਬ੍ਰਹਮਗਿਆਨੀ ਦੇ ਚਰਨ ਇਥੇ ਪੈ ਜਾਣੇ ਨੇ ਤੇ ਜਿਨ੍ਹਾਂ ਨੇ ਸਿਰਾਂ ਤੇ ਚੁੱਕ ਕੇ ਪੱਥਰ ਪਾਏ ਨੇ, ਸੜਕਾਂ ਬਣਾਈਆਂ ਨੇ, ਮਿੱਟੀਆਂ ਢੋਈਆਂ ਨੇ, ਕਿੰਨੀ ਧੁੱਪ ਹੋਇਆ ਕਰਦੀ ਸੀ, ਉਨ੍ਹਾਂ ਦੇ ਪੁੰਨ ਕਿੰਨੇ ਹੋ ਗਏ ਹੋਣੇ ਨੇ। ਮੈਂ ਕਿਹਾ 12 ਕਰੋੜ ਮੀਲ ਤੋਂ ਜ਼ਿਆਦਾ ਤੁਹਾਡਾ ਰਸਤਾ ਉਸ ਸੜਕ ਨੇ ਸਾਫ ਕਰ ਦਿਤਾ। ਸੋ ਇਹ ਸੇਵਾ ਦਰਗਾਹ 'ਚ ਜਾ ਕੇ ਫਲਦੀ ਹੈ ਬੇਅੰਤ ਹੀ। ਉਥੇ ਥਾਂ ਮਿਲ ਜਾਇਆ ਕਰਦਾ ਹੈ। ਸੋ ਇਸੇ ਤਰ੍ਹਾਂ ਦੇ ਨਾਲ ਤੁਸੀਂ ਸਤਿਸੰਗ 'ਚ ਬੈਠੇ ਓਂ। ਇਕ ਬਹੁਤ ਵੱਡੇ ਯੱਗ ਦੇ ਵਿਚ ਬੈਠੇ ਓਂ। ਮਹਾਰਾਜ ਕਹਿੰਦੇ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - ੫੪੬***

ਸੋ ਓਸ ਗੁਰੂ ਦਾ, ਜੋ ਗੁਰੂ ਪ੍ਰਮੇਸ਼ਰ ਹੈ ਓਸ ਦਾ ਅਸੀਂ ਜਸ ਕਰ ਰਹੇ ਹਾਂ।

ਗੁਰੂ ਨਾਨਕ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਆਪ ਏਮਨਾਬਾਦ ਦੇ ਵਿਚ ਭਾਈ ਲਾਲੋ ਦੇ ਪਾਸ ਰਹਿ ਰਹੇ ਨੇ। ਆਪ ਨੇ ਐਸੀ ਬਿਰਤੀ ਧਾਰਨ ਕਰ ਲਈ ਕਿ ਰੋੜਾਂ ਦੀ ਸੇਜ ਵਿਛਾ ਲਈ, ਉਹਦੇ ਉਤੇ ਬਹਿ ਜਾਇਆ ਕਰਦੇ ਨੇ ਜਾ ਕੇ। ਸਾਰਾ ਦਿਨ ਬੈਠੇ ਰਹਿੰਦੇ ਨੇ ਤੇ ਭਾਈ ਬਾਲਾ ਜੀ ਨੂੰ ਤਾਂ ਪਹਿਲਾਂ ਹੀ ਭੇਜ ਦਿਤਾ। ਭਾਈ ਮਰਦਾਨੇ ਨੂੰ ਕਿਹਾ ਕਿ ਤੂੰ ਤਲਵੰਡੀ ਜਾਇ ਆ। ਘਰਵਾਲਿਆਂ ਦੀ ਖਬਰ ਸਾਰ ਲੈ ਆ ਤੇ ਜਲਦੀ ਆ ਜਾਈਂ ਵਾਪਸ, ਫੇਰ ਆਪਾਂ ਅੱਗੇ ਜਾਣਾ ਹੈ। ਭਾਈ ਮਰਦਾਨਾ ਜੀ, ਭਾਈ ਬਾਲਾ ਜੀ ਤਲਵੰਡੀ ਆ ਜਾਂਦੇ ਨੇ ਤੇ ਮਹਿਤਾ ਕਾਲੂ ਜੀ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਦੇ ਪਾਸੋਂ ਆਏ ਨੇ। ਉਸ ਵੇਲੇ ਭਾਈ ਬਾਲਾ ਜੀ ਪਹਿਲਾਂ ਪਹੁੰਚੇ ਸੀ ਤੇ ਭਾਈ ਬਾਲਾ ਜੀ ਨੂੰ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਕਿ ਬਾਲਾ! ਤੈਨੂੰ ਨਾਨਕ ਦੇ ਨਾਲ ਭੇਜਿਆ ਸੀ, ਉਹ ਮੋਦੀਖਾਨੇ ਦੀ ਸੇਵਾ ਕਰਦੇ ਸੀ, ਤੂੰ ਉਨ੍ਹਾਂ ਦਾ ਹੱਥ ਵਟਾਉਂਦਾ ਸੀ, ਦੇਹ ਖਬਰ ਨਾਨਕ ਦੀ ਕੀ ਹਾਲ ਚਾਲ ਹੈ?

ਭਾਈ ਬਾਲਾ ਕਹਿਣ ਲੱਗਿਆ, ਮਹਿਤਾ ਜੀ ਗੁਰੂ ਨਾਨਕ ਦੀ ਮਹਿਮਾ ਤਾਂ ਕਥਨ ਤੋਂ ਬਾਹਰ ਹੈ। ਅਗਾਧ ਬੋਧ ਹੈ ਓਹਦੀ ਲੀਲਾ। ਓਹਦੀ ਕ੍ਰਿਆ ਅਗੰਮ ਹੈ, ਜਿਹੜੀ ਮੇਰੇ ਤੋਂ ਦੱਸੀ ਨਹੀਂ ਜਾਂਦੀ। ਏਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮੁ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***

***ਭਾਈ ਗੁਰਦਾਸ ਜੀ, ਵਾਰ 34/1***

ਤੁਸੀਂ ਨਾਨਕ ਜੀ ਦਾ ਹਾਲ ਪੁੱਛਦੇ ਓਂ, ਉਨ੍ਹਾਂ ਦਾ ਹਾਲ ਤਾਂ ਕਹਿਣ ਸੁਣਨ ਤੋਂ ਬਾਹਰ ਹੈ। ਕਹਿਣ ਲੱਗੇ, ਬਾਲਾ! ਅਨਜਾਣਾਂ ਵਾਲੀਆਂ ਗੱਲਾਂ ਨਾ ਮੇਰੇ ਨਾਲ ਕਰ, ਮੈਂ ਤੇਰੇ ਤੋਂ ਪੁੱਛਦਾ ਹਾਂ ਕਿ ਨਾਨਕ ਦਾ ਕੀ ਹਾਲ ਹੈ? ਤੂੰ ਮੈਨੂੰ ਹੋਰ ਹੀ ਕਹਾਣੀਆਂ ਪਾਉਣ ਲੱਗ ਗਿਆ। ਬਾਲੇ ਨੇ ਕਿਹਾ ਜੀ ਉਹ ਤਾਂ ਕੁਲਾਂ ਤਾਰਨ ਆਇਆ ਹੋਇਆ ਹੈ। ਮਹਿਤਾ ਕਾਲੂ ਜੀ ਕਹਿੰਦੇ, ਮੂਰਖ ਜੱਟ ਗੱਲ ਤੇ ਆਉਂਦਾ ਹੀ ਨਹੀਂ ਹੈ। ਬਾਲੇ ਨੇ ਕਿਹਾ ਕਿ ਜੇ ਤੂੰ ਪੁੱਛਣਾ ਹੀ ਹੈ ਤਾਂ ਆਪਣੀ ਲੜਕੀ ਤੇ ਜਵਾਈ ਨੂੰ ਪੁੱਛ ਲੈ ਮੇਰੇ ਨਾਲ ਕਿਉਂ ਖਹਿਬੜਦੈਂ? ਮੈਂ ਕੁੱਛ ਲਿਤਾ ਹੈ, ਮੈਂ ਤਾਂ ਗੁਰੂ ਨਾਨਕ ਦੇ ਨਾਲ ਹਾਂ, ਮੈਂ ਆਪਣੀ ਖੇਤੀ ਬਾੜੀ ਵੀ ਛੱਡੀ ਹੋਈ ਹੈ। ਕਿੰਨੇ ਸਾਲ ਤੋਂ ਮੈਂ ਉਥੇ ਰਹਿ ਰਿਹਾ ਹਾਂ, ਸੇਵਾ ਕਰ ਰਿਹਾ ਹਾਂ ਤੇ ਤੂੰ ਮੈਨੂੰ ਉਲਟਾ ਤਾੜਨ ਲਗ ਗਿਆ। ਐਨਾ ਕਹਿ ਕੇ ਬਾਲਾ ਜੀ ਤਾਂ ਚੁੱਪ ਕਰਕੇ ਆਪਣੇ ਘਰ ਚਲੇ ਗਏ ਤੇ ਇਹ ਆਪਣੇ ਘਰ ਚਲਿਆ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ, ਕੁਝ ਸਮਾਂ ਲੰਘਣ ਤੋਂ ਬਾਅਦ, ਭਾਈ ਮਰਦਾਨਾ ਗੁਰੂ ਮਹਾਰਾਜ ਨੇ ਭੇਜਿਆ ਕਿ ਭਾਈ ਮਰਦਾਨਾ ਤੂੰ ਜਾਹ। ਤੇਰੇ ਨਾਲ ਮਹਿਤਾ ਜੀ ਲੜਨਗੇ, ਗੁੱਸੇ ਨਾ ਹੋਈਂ। ਸਹੀ-ਸਹੀ ਗੱਲ ਦੱਸ ਦੇਈਂ ਜੋ ਹੋਈ ਹੈ ਕਿਉਂਕਿ ਉਹਦਾ ਸੁਭਾਅ ਲੜਾਈ ਦਾ ਹੀ ਹੈ, ਬਚਪਨ ਤੋਂ ਹੀ ਗੱਲ ਸਮਝਦੇ ਨਹੀਂ ਹਨ, ਤੇਜ਼ ਹੋ ਜਾਂਦੇ ਨੇ, ਬਹੁਤ ਉਲਟੀਆਂ ਪੁਲਟੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੰਦੇ ਨੇ। ਸੁਣਨਗੇ, ਦੱਸ ਦੇਈਂ, ਨਹੀਂ ਸੁਣਨਗੇ, ਚੁੱਪ ਕਰ ਜਾਈਂ।

ਸੋ ਭਾਈ ਮਰਦਾਨੇ ਦਾ ਜਦੋਂ ਪਤਾ ਲੱਗਿਆ ਤਾਂ ਉਹਨੇ ਕੁਦਰਤੀ ਜਾਣਾ ਹੀ ਸੀ। ਜਾ ਕੇ ਦੁਆ ਸਲਾਮ ਕਰੀ, ਨਮਸਕਾਰ ਕਰੀ। ਪੁੱਛਿਆ ਮਹਿਤਾ ਜੀ ਨੇ ਕਿ ਨਾਨਕ ਜੀ ਦਾ ਕੀ ਹਾਲ ਹੈ? ਉਹ ਕਹਿੰਦਾ, ਮਹਿਤਾ ਜੀ! ਉਹ ਤਾਂ ਅੱਲਾ ਦੀ ਜਾਤ ਆਈ ਹੋਈ ਹੈ। ਉਹ ਸੰਸਾਰ ਦਾ ਉਧਾਰ ਕਰਨ ਵਾਲਾ ਆਪ ਅੱਲਾਹ ਮਨੁੱਖ ਰੂਪ ਵਿਚ ਆਇਆ ਹੈ। ਕਹਿੰਦਾ, ਮੈਂ ਤੈਨੂੰ ਹਾਲ ਪੁੱਛਦਾ ਹਾਂ ਤੂੰ ਹੋਰ ਹੀ ਗੱਲਾਂ ਕਰਨ ਲੱਗ ਗਿਆ? ਪਹਿਲਾਂ ਬਾਲੇ ਨੂੰ ਪੁਛਿਆਲ ਉਹ ਵੀ ਆਹੀ ਗੱਲਾਂ ਸੁਣਾ ਕੇ ਗਿਆ। ਮਰਦਾਨੇ ਨੇ ਕਿਹਾ ਕਿ ਤੁਸੀਂ ਮੰਨੋ, ਚਾਹੇ ਨਾ ਮੰਨੋ ਜੋ ਕੁਛ ਗੁਰੂ ਨਾਨਕ ਨੇ, ਅਸੀਂ ਕਹਿ ਨਹੀਂ ਸਕਦੇ। ਸਾਡੀ ਸਮਝ ਤਾਂ ਇਕ ਪਾਸੇ, ਫਰਿਸ਼ਤਿਆਂ ਦੀ ਸਮਝ 'ਚ ਨਹੀਂ ਆ ਰਹੇ ਉਹ। ਮੈਂ ਤੈਨੂੰ ਇਕੋ ਗੱਲ ਮੁਕਾ ਦਿਤੀ ਕਿ ਉਹ ਤਾਂ ਆਪ ਸ਼ਾਖਸਾਤ ਮਨੁੱਖ ਜਾਮੇ 'ਚ ਪ੍ਰਮੇਸ਼ਰ ਪ੍ਰਗਟ ਹੋਏ। ਉਨ੍ਹਾਂ ਦੇ ਕੌਤਕ ਨਿਰਾਲੇ ਨੇ ਸਾਰੇ। ਗੁੱਸੇ ਹੋ ਗਏ ਮਹਿਤਾ ਕਾਲੂ ਜੀ। ਕਹਿਣ ਲੱਗੇ ਕਿ ਉਹ ਤਾਂ ਵਿਗੜਿਆ ਹੀ ਹੈ, ਇਹ ਵੀ ਨਾਲ ਹੀ ਵਿਗੜ ਗਏ। ਮੈਨੂੰ ਆ ਕੇ ਕਹਿੰਦੇ ਨੇ ਕੁਲਾਂ ਦੇ ਤਾਰਨ ਆਇਆ ਹੈ, ਐਂ ਨਹੀਂ ਕਹਿੰਦੇ ਕਿ ਪੈਸਾ ਕਮਾ ਕੇ ਦਏਗਾ। ਕਹਿੰਦਾ, ਪੈਸਾ ਕੋਈ ਕਮਾਇਆ ਹੈ ਉਸਨੇ? ਭਾਈ ਮਰਦਾਨੇ ਨੇ ਕਿਹਾ ਕਿ ਪੈਸਾ, ਪੈਸਾ ਤਾਂ ਉਹਦੇ ਅੱਗੇ ਪਿਛੇ ਘੁੰਮਦਾ ਹੈ। ਉਹ ਤਾਂ ਸਾਰੀ ਦੁਨੀਆਂ ਨੂੰ ਰਿਜਕ ਦੇ ਰਿਹਾ ਹੈ। ਸਾਰੀ ਦੁਨੀਆਂ ਦਾ ਰਾਜ਼ਕ ਹੈ, ਮਹਿਤਾ ਜੀ ਤੁਸੀਂ ਸਮਝੋ ਪੁੱਤਰ ਕਰਕੇ ਨਾ ਜਾਣੋ, ਨਰਾਜ਼ ਹੋ ਗਿਆ, ਉਸ ਤੋਂ ਬਾਅਦ ਰਾਏ ਬੁਲਾਰ ਜੀ ਨੂੰ ਪਤਾ ਲੱਗਿਆ ਕਿ ਮਰਦਾਨਾ ਤੇ ਭਾਈ ਬਾਲਾ ਆਏ ਹੋਏ ਨੇ। ਮਨ ਵਿਚ ਬੜਾ ਹੀ ਚਾਓ ਜਾਗਿਆ ਕਿਉਂਕਿ ਸਭ ਤੋਂ ਜ਼ਿਆਦਾ ਜੇ ਪਿਆਰ ਗੁਰੂ ਨਾਨਕ ਪਾਤਸ਼ਾਹ

ਨੂੰ ਕੀਤਾ ਹੈ ਉਹ ਦੋ ਜਣਿਆ ਨੇ ਕੀਤਾ ਹੈ ਜਿਨ੍ਹਾਂ ਨੇ ਸਹੀ ਸਮਝਿਆ ਗੁਰੂ ਨਾਨਕ ਨੂੰ। ਪਹਿਲੀ ਹੈ ਬੇਬੇ ਨਾਨਕੀ, ਉਹਨੂੰ ਜਨਮ ਤੋਂ ਗਿਆਨ ਸੀ ਕਿ ਮੇਰਾ ਵੀਰ ਪਾਰਬ੍ਰਹਮ ਪ੍ਰਮੇਸ਼ਰ ਸੰਸਾਰ ਦਾ ਉਧਾਰ ਕਰਨ ਆਇਆ ਹੈ, ਉਹਦੇ ਅੰਦਰ ਐਨੀ ਸ਼ਕਤੀ ਸੀ ਉਹ ਸਭ ਕੁਛ ਜਾਣਦੀ ਸੀ ਲੇਕਿਨ ਉਤੋਂ ਚੁੱਪ ਸੀ, ਇਸੇ ਕਰਕੇ ਜਦੋਂ ਰੌਲਾ ਪਿਆ ਕਿ ਵੇਈਂ 'ਚ ਡੁੱਬ ਗਏ ਗੁਰੂ ਨਾਨਕ। ਤਾਂ ਕਹਿਣ ਲੱਗੀ ਕਿ ਮੇਰਾ ਵੀਰ ਵੇਈਂ ਵਿਚ ਡੁਬੇਗਾ? ਉਹ ਤਾਂ ਸਾਰੇ ਡੁੱਬੇ ਹੋਏ ਸੰਸਾਰ ਨੂੰ ਤਾਰਨ 'ਚ ਸਮਰੱਥ ਹੈ। ਤੁਸੀਂ ਕਿਹੜੀਆਂ ਕੱਚੀਆਂ ਗੱਲਾਂ ਕਰਦੇ ਓਂ। ਸਭ ਰੋਂਦੇ ਸੀ, ਕੇਵਲ ਬੇਬੇ ਨਾਨਕੀ ਨਹੀਂ ਸੀ ਰੋਈ। ਸਭ ਨੂੰ ਹੌਂਸਲਾ ਤੇ ਧੀਰਜ ਦਿੰਦੀ ਸੀ। ਦੂਸਰਾ ਸੀ ਰਾਇ ਬੁਲਾਰ। ਰਾਇ ਬੁਲਾਰ ਨੇ ਗੁਰੂ ਨਾਨਕ ਨੂੰ ਬਚਪਨ 'ਚੋਂ ਹੀ ਪਛਾਣ ਲਿਆ ਸੀ, ਓਸ ਵੇਲੇ ਤੋਂ ਹੀ ਬੜੀ ਭਾਰੀ ਸ਼ਰਧਾ ਉਹਦੇ ਮਨ ਵਿਚ ਪੈਦਾ ਹੋਈ। ਉਸ ਨੇ ਬੜੀ ਵਾਰੀ ਮਹਿਤਾ ਕਾਲੂ ਨੂੰ ਕਿਹਾ ਕਿ ਤੂੰ ਐਵੇਂ ਹੀ ਕਲੇਸ ਕਰਦੈਂ ਆਪਣੇ ਬੱਚੇ ਦੀ ਮਹਿਮਾ ਨੂੰ ਸਮਝ। ਜਿੰਨੇ ਤੈਨੂੰ ਪੈਸੇ ਚਾਹੀਦੇ ਨੇ, ਮੇਰੇ ਤੋਂ ਲੈ ਜਾਇਆ ਕਰ। ਗੁਰੂ ਨਾਨਕ ਨੂੰ ਤੰਗ ਨਾ ਕਰ। ਇਹ ਤਾਂ ਅੱਲਾਹ ਦੀ ਜ਼ਾਤ ਹੈ, ਮੇਰਾ ਮੁਰਸ਼ਦ ਹੈ। ਜਿਵੇਂ ਪੀਰ ਤੇ ਮੁਰਸ਼ਦ ਦਾ ਪਿਆਰ ਹੁੰਦਾ ਹੈ, ਮੁਰੀਦ ਦਾ ਪਿਆਰ ਹੁੰਦਾ ਹੈ, ਐਨਾ ਪਿਆਰ ਇਹਦੇ ਹਿਰਦੇ 'ਚ ਸੀ, ਭੇਜ ਤਾਂ ਦਿਤਾ ਇਹਨੇ ਸੁਲਤਾਨਪੁਰ ਪਰ ਕੋਈ ਦਿਨ ਨਹੀਂ ਸੀ ਜਾਂਦਾ ਕਿ ਜਿਸ ਦਿਨ ਇਹ ਗੁਰੂ ਨਾਨਕ ਯਾਦ ਕਰਕੇ ਅੱਖਾਂ 'ਚੋਂ ਹੰਝੂ ਨਹੀਂ ਸੀ ਸਿੱਟਿਆ ਕਰਦਾ, ਮਨ ਵਿਚ ਬੜੀ ਖਿੱਚ ਰਹਿੰਦੀ ਸੀ। ਹਰ ਵਕਤ ਲੋਚਦਾ ਸੀ ਕਿ ਗੁਰੂ ਨਾਨਕ ਆਵੇ ਤੇ ਮੈਨੂੰ ਦੀਦਾਰ ਦੇਵੇ।

ਅੱਜ ਜਦੋਂ ਪਤਾ ਲੱਗਿਆ ਕਿ ਭਾਈ ਮਰਦਾਨਾ ਆਏ ਨੇ ਤੇ ਭਾਈ ਬਾਲਾ ਜੀ ਵੀ ਆਏ ਹੋਏ ਨੇ। ਕਹਿਣ ਲੱਗੇ, ਭਾਈ ਮਰਦਾਨੇ ਨੂੰ ਬੁਲਾਓ ਭਾਈ। ਬਾਲਾ ਜੀ ਨੂੰ ਬੁਲਾਓ। ਦੋਹਾਂ ਨੂੰ ਬੁਲਾਇਆ, ਕਹਿਣ ਲੱਗੇ ਤੁਸੀਂ ਮੈਨੂੰ ਖਬਰ ਦਿਓ ਮੇਰੇ ਪਿਆਰੇ ਗੁਰੂ ਨਾਨਕ ਪਾਤਸ਼ਾਹ ਕਿਸ ਹਾਲ 'ਚ ਨੇ, ਕਿੱਥੇ ਛੱਡ ਕੇ ਆਏ ਓਂ ਤੁਸੀਂ। ਕਹਿਣ ਲੱਗੇ, ਰਾਇ ਬੁਲਾਰ ਜੀ! ਗੁਰੂ ਨਾਨਕ ਪਾਤਸ਼ਾਹ ਜਦੋਂ ਤੁਹਾਡੇ ਪਾਸੋਂ ਗਏ ਨੇ, ਉਨ੍ਹਾਂ ਨੇ ਜਾ ਕੇ ਜਦੋਂ ਨਵਾਬ ਨਾਲ ਮੁਲਾਕਾਤ ਕੀਤੀ, ਦੌਲਤ ਖਾਂ ਲੋਧੀ ਨਾਲ। ਦੌਲਤ ਖਾਂ ਲੋਧੀ ਨੇ ਇਕ ਗੱਲ ਕਹੀ ਕਿ ਐਸਾ ਜ਼ਹੀਨ ਮੈਂ ਨਹੀਂ ਕੋਈ ਬੰਦਾ ਦੇਖਿਆ। ਇਹ ਬੰਦਾ ਨਹੀਂ ਹੈ ਤਾਂ ਕੋਈ ਅਗੰਮੀ ਚੀਜ਼ ਹੈ। ਐਨਾ ਜ਼ਹੀਨ, ਇਹ ਤਾਂ ਮੇਰਾ ਪਰਾਈਮ ਮਨਿਸਟਰ ਬਣਨ ਦੇ ਕਾਬਿਲ ਹੈ।

ਗੁਰੂ ਨਾਨਕ ਨੂੰ ਕਿਹਾ ਕਿ ਮੈਂ ਤੈਨੂੰ ਸਭ ਤੋਂ ਵੱਡਾ ਵਜ਼ੀਰ ਬਣਾਉਣਾ ਚਾਹੁੰਦਾ ਹਾਂ, ਮਹਾਰਾਜ ਕਹਿੰਦੇ ਨਹੀਂ ਅਸੀਂ ਸੇਵਾ ਕਰਨ ਵਾਲਾ ਕੰਮ ਲੈਣਾ ਹੈ। ਸੋ ਉਸ ਵੇਲੇ ਅੱਠ ਵਜ਼ੀਰ ਹੋਇਆ ਕਰਦੇ ਸੀ, ਜਿਹਦੇ ਵਿਚੋਂ ਮੋਦੀ ਇਕ ਵਜ਼ੀਰ ਹੋਇਆ ਕਰਦਾ ਸੀ, ਜਿਹੜਾ ਹਰ ਥਾਂ ਦੇ ਉਤੇ ਰਾਸ਼ਨ ਪਹੁੰਚਾਉਂਦਾ ਸੀ। ਖਾਨਾ-ਏ-ਖਾਨਾ ਹੋਇਆ ਕਰਦਾ ਸੀ ਹੋਮ ਮਨਿਸਟਰ, ਵਜ਼ੀਰ-ਏ-ਆਜ਼ਮ ਹੋਇਆ ਕਰਦਾ ਸੀ, ਜਿਹਨੂੰ ਪਰਾਇਮ ਮਨਿਸਟਰ ਅੱਜਕਲ੍ਹ ਕਹਿੰਦੇ ਨੇ। ਦੀਵਾਨ ਹੋਇਆ ਕਰਦਾ ਸੀ, ਜਿਹੜਾ ਫਾਇਨੈਂਸ ਮਨਿਸਟਰ ਹੁੰਦਾ, ਬਖਸ਼ੀ ਹੋਇਆ ਕਰਦਾ ਸੀ ਫੌਜਾਂ ਦਾ ਮਨਿਸਟਰ। ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਬਹੁਤ ਅਹੁਦੇ ਵਾਲੀ ਜਗ੍ਹਾ ਮਿਲੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਆਪ ਆ ਕੇ ਹੱਥੀਂ ਕੰਮ ਕਰਦੇ ਰਹਿੰਦੇ। ਬੜੀ ਮਾਨਤਾ ਹੋਈ ਬਹੁਤ ਬੰਦੇ ਆਉਣੇ ਸ਼ੁਰੂ ਹੋ ਗਏ, ਸਾਧੂ ਮਹਾਤਮਾ, ਪੀਰ ਫਕੀਰ ਜਿੰਨੇ ਸੀ ਖੁਸ਼ ਹੋ ਗਏ। ਸਭ ਨੂੰ ਰਾਸ਼ਨ, ਸਭ ਡੇਰਿਆਂ 'ਚ ਰਾਸ਼ਨ, ਸਭ ਮੁਕਾਮਾਂ ਤੇ ਰਾਸ਼ਨ, ਸਭ ਟਿਕਾਣਿਆਂ ਤੇ ਰਾਸ਼ਨ ਸਹੀ ਜਾਣ ਲੱਗ ਗਿਆ ਤੇ ਬੜੀ ਭਾਰੀ ਖੁਸ਼ੀ ਫੈਲ ਗਈ ਸਾਰਿਆਂ ਦੇ ਅੰਦਰ ਕਿ ਐਸਾ ਰੱਬ ਵਰਗਾ ਅਸੀਂ ਦੇਖਿਆ ਨਹੀਂ ਤੇ ਕਹਿਣ ਲੱਗੇ ਰਾਇ ਜੀ! ਕਦੇ ਘਾਟਾ ਨਹੀਂ ਸੀ ਪੈਂਦਾ।

ਅਖੀਰ ਗੁਰੂ ਨਾਨਕ ਪਾਤਸ਼ਾਹ ਪ੍ਰਮੇਸ਼ਰ ਦੇ ਹੁਕਮ ਦੇ ਵਿਚ ਵੇਈਂ ਨਦੀ 'ਚ ਚੁੱਭੀ ਮਾਰੀ ਤੇ ਤਿੰਨ ਦਿਨ ਰੌਲਾ ਪੈ ਗਿਆ, ਗੁਰੂ ਨਾਨਕ ਡੁੱਬ ਗਿਆ, ਗੁਰੂ ਨਾਨਕ ਡੁੱਬ ਗਿਆ। ਬੇਬੇ ਨਾਨਕੀ ਨੇ ਕਿਹਾ ਕਿ ਨਹੀਂ, ਮੇਰਾ ਵੀਰ ਡੁੱਬਿਆ ਨਹੀਂ ਇਹ ਤਾਂ ਕੌਤਕ ਹੈ ਉਹਦਾ, ਉਹ ਤਾਂ ਸੰਸਾਰ ਨੂੰ ਤਾਰਨ ਵਾਲਾ ਹੈ ਉਹਨੇ ਕੀ ਡੁੱਬਣਾ ਹੈ। ਉਹ ਤਾਂ ਡੁੱਬਿਆਂ ਨੂੰ ਕੱਢ ਲੈਂਦਾ ਹੈ। ਸੋ ਉਸ ਵੇਲੇ ਜਦੋਂ ਤਿੰਨ ਦਿਨ ਲੰਘ ਗਏ, ਨਵਾਬ ਜਾਲ ਪੁਆਉਂਦਾ ਹੈ, ਜਿਧਰਲੇ ਪਾਸੇ ਨੂੰ ਪਾਣੀ ਜਾ ਰਿਹਾ ਹੈ ਤੇ ਗੁਰੂ ਨਾਨਕ ਉਪਰਲੇ ਪਾਸੇ ਜਾ ਕੇ ਸ਼ਮਸ਼ਾਨ ਭੂਮੀ 'ਚ ਨਿਕਲ ਗਏ, ਇਕੋ ਗੱਲ ਕਹਿ ਰਹੇ ਨੇ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ' ਜਾਂ ਬੋਲਦੇ ਹੀ ਨਹੀਂ ਸਮਾਧੀ ਲਾਈ ਬੈਠੇ ਨੇ। ਅਖੀਰ ਸ਼ੱਕ ਹੋਇਆ ਕਿ ਕਿਸੇ ਭੂਤ ਨੇ ਫੜ ਲਏ, ਮੁਲਾਂ ਭੇਜਿਆ ਗਿਆ ਉਹਨੇ ਬੇਅੰਤ ਮੰਤਰ ਕੀਤੇ। ਬੜਾ ਕਹਿੰਦਾ ਰਿਹਾ ਕਿ ਮੈਂ ਤੈਨੂੰ ਕੱਢ ਕੇ ਛੱਡਾਂਗਾ। ਕਹਿੰਦਾ, ਭੂਤ ਬੜਾ ਸਖਤ ਹੈ, ਬੋਲਦਾ ਨਹੀਂ, ਬੁਲਾ ਕੇ ਛੱਡਾਂਗਾ। ਉਹਨੇ ਇਕ ਬੱਤੀ ਬੜੀਆਂ ਹੀ ਭੈੜੀਆਂ ਦਵਾਈਆਂ ਦੀ ਹੁੰਦੀ ਹੈ ਬਦਬੂਦਾਰ, ਉਹਨੂੰ ਅੱਗ ਲਾ ਕੇ ਧੂੰਆਂ ਜਿਹੜਾ ਸੀ ਉਹ ਗੁਰੂ ਨਾਨਕ ਪਾਤਸ਼ਾਹ ਦੇ ਨੱਕ ਵਿਚ ਦੇਣਾ ਸ਼ੁਰੂ ਕਰ ਦਿਤਾ। ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਬਚਨ ਕੀਤੇ ਥੋੜ੍ਹੇ ਜਿਹੇ। ਉਹਦੇ ਨਾਲ ਮੁੱਲਾ ਸਿਜਦੇ 'ਚ ਆ ਗਿਆ ਰਾਇ ਸਾਹਿਬ! ਤੇ ਮੁਰੀਦ ਬਣ ਕੇ ਗਿਆ ਤੇ ਜਾ ਕੇ ਉਸਨੇ ਕਿਹਾ ਕਿ ਗੁਰੂ ਨਾਨਕ ਤਾਂ ਕੋਈ ਉਹਨੂੰ ਭੂਤ ਪ੍ਰੇਤ ਨਹੀਂ, ਉਹ ਤਾਂ ਪ੍ਰਮੇਸ਼ਰ ਨਾਲ, ਅੱਲਾਹ ਤਾਲਾ ਨਾਲ ਜੁੜੇ ਹੋਏ ਨੇ। ਮੁਰੱਕਬੇ 'ਚ ਨੇ, ਸਮਾਧੀ ਦੇ ਵਿਚ। ਤਾਂ ਉਸ ਵੇਲੇ ਨਵਾਬ ਨੂੰ ਸ਼ਿਕਾਇਤਾਂ ਕੀਤੀਆਂ ਕਿ ਮਹਾਰਾਜ ਘਾਟਾ ਪਾ ਕੇ ਜਾ ਕੇ ਪਾਖੰਡ ਕਰਿਆ ਹੈ। ਨਵਾਬ ਨੇ ਕਮੇਟੀ ਬਿਠਾ ਦਿਤੀ ਤੇ ਗੁਰੂ ਨਾਨਕ ਦਾ ਕਿੰਨਾ ਪੈਸਾ ਨਿਕਲਿਆ, 762 ਰੁਪਿਆ ਨਿਕਲਿਆ। ਓਸ ਵੇਲੇ ਜਦ ਇਕ ਰੁਪਈਏ ਦੇ ਚਾਰ ਕੁਇੰਟਲ ਛੋਲੇ ਆਇਆ ਕਰਦੇ ਸੀ ਤੇ ਹੁਣ ਦਾ ਜੇ ਰੁਪਈਏ ਦਾ, 1940-38-33 ਦਾ ਵੀ ਇਹ ਸੌ ਗੁਣਾਂ ਵੱਧ ਹੋ ਗਿਆ। ਮਤਲਬ 76000 ਰੁਪਿਆ ਉਨ੍ਹਾਂ ਦਾ ਵਾਧਾ ਨਿਕਲਿਆ। ਗੁਰੂ ਨਾਨਕ ਨੂੰ ਪੁਛਿਆ ਕਿ ਕੀ ਕਰੀਏ? ਉਨ੍ਹਾਂ ਨੇ ਕਿਹਾ ਕਿ ਸਾਧੂ ਸੰਤਾਂ ਨੂੰ ਵੰਡ ਦਿਓ, ਮੈਨੂੰ ਤਾਂ ਪੈਸੇ ਦੀ ਲੋੜ ਨਹੀਂ। ਓਸ ਵੇਲੇ ਸਹੁਰੇ ਪਿਤਾ ਮੂਲਾ ਜੀ ਆ ਗਿਆ, ਮੂਲੇ ਜੀ ਨੇ ਆ ਕੇ ਰੌਲਾ ਪਾਇਆ, ਮੁਕੱਦਮਾ ਕਰ ਦਿਤਾ ਕਿ ਇਸ ਪੈਸੇ ਦੇ ਉਤੇ ਗੁਰੂ ਨਾਨਕ ਦੇ ਬੱਚਿਆਂ

ਦਾ ਹੱਕ ਹੈ। ਇਹ ਸਾਧੂ ਸੰਤਾਂ ਨੂੰ ਨਹੀਂ ਵੰਡਣੇ ਚਾਹੀਦੇ। ਨਵਾਬ ਨੇ ਆਪਣੇ ਵਲੋਂ ਫੈਸਲਾ ਕਰ ਦਿਤਾ ਕਿ ਅੱਧਾ ਬੱਚਿਆਂ ਨੂੰ ਦੇ ਦਿਓ, ਅੱਧਾ ਸਾਧੂਆਂ ਨੂੰ ਦੇ ਦਿਓ। ਉਹ ਕਹਿਣ ਲੱਗੇ ਰਾਇ ਸਾਹਿਬ! ਏਸ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਟਿਕੇ ਨਹੀਂ ਹੈਗੇ ਤੇ ਉਥੋਂ ਭਾਈ ਬਾਲਾ ਕਹਿੰਦਾ ਮੈਂ ਤਾਂ ਆ ਗਿਆ। ਹੁਣ ਇਸ ਤੋਂ ਅੱਗੇ ਭਾਈ ਮਰਦਾਨੇ ਨੂੰ ਪਤਾ ਹੈ। ਮਰਦਾਨਾ ਕਹਿਣ ਲੱਗਿਆ ਕਿ ਨਵਾਬ ਸਾਹਿਬ! ਸਾਧੂਆਂ ਦਾ ਵੇਸ ਧਾਰ ਲਿਆ, ਫਕੀਰਾਂ ਵਾਲਾ ਗੁਰੂ ਨਾਨਕ ਨੇ। ਸਭ ਕੱਪੜੇ ਲੀੜੇ ਲਾਹ ਦਿਤੇ। ਦੋ ਚਾਦਰਾਂ ਲੈ ਲਈਆਂ ਦੋ ਪਟ ਦੀਆਂ ਤੇ ਇਕ ਦਸਤਾਰ ਸਿਰ ਤੇ ਛੋਟਾ ਪਰਨਾ ਬੰਨ੍ਹ ਲਿਆ, ਇਕ ਤੇੜ ਪਾ ਲਿਆ ਤੇ ਗਿਲਟੀ ਮਾਰ ਕੇ ਬੜਾ ਸਾਦਾ ਜਿਹਾ ਰੂਪ ਬਣਾ ਕੇ ਆਪ ਚੱਲ ਪਏ ਤੇ ਚਲਦੇ-ਚਲਦੇ ਭਾਈ ਲਾਲੋ ਕੋਲ ਏਮਨਾਬਾਦ ਪਹੁੰਚ ਗਏ। ਮੈਂ ਵੀ ਉਥੇ ਰਿਹਾ, ਕਾਫੀ ਸਾਨੂੰ ਤਕਲੀਫ ਰਹੀ ਤੇ ਗੁਰੂ ਨਾਨਕ ਪਾਤਸ਼ਾਹ ਇਕ ਥਾਂ ਰੋੜੀ ਸਾਹਿਬ ਬੈਠੇ ਰਹਿੰਦੇ ਸੀ, ਭਾਈ ਲਾਲੋ ਦੇ ਕੋਲ ਬੜੀ ਸ਼ਿਕਾਇਤ ਹੋਈ ਕਿ ਇਹ ਡੂੰਮ ਨੂੰ ਨਾਲ ਲਈ ਫਿਰਦਾ ਹੈ, ਗੁਰੂ ਨਾਨਕ ਦੀ ਬੜੀ ਨਿੰਦਿਆ ਹੋਈ ਉਥੇ। ਉਸ ਤੋਂ ਬਾਅਦ ਮਲਕ ਭਾਗੋ ਨੇ ਉਨ੍ਹਾਂ ਨੂੰ ਬੁਲਾਇਆ ਕਿ ਮੇਰੇ ਯੱਗ ਦੇ ਵਿਚ ਸ਼ਾਮਲ ਹੋਵੋ ਤੇ ਉਥੇ ਗੁਰੂ ਨਾਨਕ ਪਾਤਸ਼ਾਹ ਜਦੋਂ ਗਏ, ਉਹ ਕਹਿਣ ਲੱਗਿਆ ਕਿ ਪ੍ਰਸ਼ਾਦਾ ਛਕਾਉਣਾ ਹੈ ਅਸੀਂ ਤੁਹਾਨੂੰ। ਮਹਾਰਾਜ ਕਹਿੰਦੇ ਜੇ ਲੋੜ ਨਾ ਹੋਵੇ ਜ਼ਬਰਦਸਤੀ ਛਕਾਉਣਾ ਹੈ? ਕਹਿਣ ਲੱਗਿਆ, ਇਸ ਤਰ੍ਹਾਂ ਦੇ ਕੌਤਕ ਕੀਤੇ, ਇਸ ਤੋਂ ਪਹਿਲਾਂ ਨਵਾਬ ਐਨਾ ਕਾਇਲ ਹੋਇਆ ਦੌਲਤ ਖਾਂ ਕਿ ਗੁਰੂ ਨਾਨਕ ਨੂੰ ਲੈ ਕੇ ਨਮਾਜ਼ ਪੜ੍ਹਨ ਚਲਿਆ ਗਿਆ। ਗੁਰੂ ਨਾਨਕ ਨੇ ਉਨ੍ਹਾਂ ਨੂੰ ਦੱਸ ਦਿਤਾ ਕਿ ਨਵਾਬ ਸਾਹਿਬ! ਨਮਾਜ਼ ਐਉਂ ਨਹੀਂ ਪੜ੍ਹੀਦੀ, ਚਾਹੇ ਪੂਜਾ ਕਰ ਲਓ, ਚਾਹੇ ਨਮਾਜ਼ ਪੜ੍ਹ ਲਓ, ਚਾਹੇ ਕੁੱਛ ਹੋਰ ਕਰ ਲਓ, ਜਦੋਂ ਤੱਕ ਤੁਹਾਡਾ ਮਨ ਸਾਥ ਨਹੀਂ ਦਿੰਦਾ, ਚਿੱਤ ਸਾਥ ਨਹੀਂ ਦਿੰਦਾ, ਕੋਈ ਲਾਭ ਨਹੀਂ ਹੋਇਆ ਕਰਦਾ। ਓਸ ਥਾਂ ਤੇ ਗੁਰੂ ਨਾਨਕ ਨੇ ਜੋ ਉਨ੍ਹਾਂ ਨੂੰ ਉਪਦੇਸ਼ ਦਿਤਾ-

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥*** ***ਅੰਗ - ੨੯੫***

ਰਾਇ ਬੁਲਾਰ ਕਹਿਣ ਲੱਗਿਆ ਕਿ ਭਾਈ ਮਰਦਾਨਾ ਇਹ ਕਿਸ ਤਰ੍ਹਾਂ ਹੋਈ? ਮੈਨੂੰ ਖੋਲ੍ਹ ਕੇ ਦੱਸੋ। ਕਹਿੰਦਾ ਰਾਇ ਜੀ! ਜਿਸ ਵਕਤ ਗੁਰੂ ਨਾਨਕ ਬਾਹਰ ਬੈਠੇ ਸੀ ਕਬਰਸਤਾਨ ਦੇ ਵਿਚ, ਮੜ੍ਹੀਆਂ 'ਚ ਉਸ ਵੇਲੇ ਇਕ ਬਚਨ ਕਹਿ ਰਹੇ ਸੀ-

***ਨਾ ਹਮ ਹਿੰਦੂ ਨ ਮੁਸਲਮਾਨ ॥***
***ਅਲਹ ਰਾਮ ਕੇ ਪਿੰਡੁ ਪਰਾਨ ॥*** ***ਅੰਗ - ੧੧੩੬***

ਨਵਾਬ ਦੇ ਨਾਲ ਬਚਨ ਹੋਏ, ਸ਼ਿਕਾਇਤ ਕੀਤੀ ਨਵਾਬ ਦੇ ਕੋਲ ਕਿ ਨਵਾਬ ਸਾਹਿਬ! ਗੁਰੂ ਨਾਨਕ ਸ਼ਰ੍ਹਾ ਦੀਆਂ ਧੱਜੀਆਂ ਉਡਾ ਰਿਹਾ ਹੈ। ਹਿੰਦੂ, ਹਿੰਦੂ ਨਹੀਂ ਹੋਣਗੇ ਪਰ ਮੋਮਨ ਤਾਂ ਮੋਮਨ ਨੇ, ਸ਼ਰ੍ਹਾ ਨੂੰ ਮੰਨਦੇ ਨੇ, ਰੋਜ਼ੇ ਰਖਦੇ ਨੇ, ਨਮਾਜ਼ਾਂ ਪੜ੍ਹਦੇ ਨੇ, ਮਸਜਿਦ ਜਾਂਦੇ ਨੇ, ਇਨ੍ਹਾਂ ਨੂੰ ਕੋਈ ਕਿਵੇਂ ਕਹਿ ਸਕਦਾ ਹੈ ਕੋਈ ਮੁਸਲਮਾਨ ਨਹੀਂ ਹੈ ਕਿਉਂਕਿ ਇਸਲਾਮ ਦਾ ਰਾਜ ਸੀ, ਇਸਲਾਮ ਦੇ ਕਾਨੂੰਨ ਸੀ। ਕੁਰਾਨ ਸ਼ਰੀਫ ਦੇ ਹਿਸਾਬ ਨਾਲ ਕਾਨੂੰਨ ਚਲਦੇ ਸੀ, ਸੋ ਕੁਦਰਤੀ ਸੀ ਕਿ ਗੁਰੂ ਨਾਨਕ ਦੀ ਪੇਸ਼ੀ ਹੋਣੀ ਸੀ। ਉਥੇ ਗੁਰੂ ਨਾਨਕ ਨੇ ਨਵਾਬ ਦੀ ਨਿਸ਼ਾ ਕਰਾ ਦਿਤੀ।

***ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥***
***ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥***
***ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥***
***ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥***

***ਅੰਗ - ੧੪੧***

ਉਹ ਕਹਿਣ ਲੱਗੇ ਕਿ ਜੇ ਪੰਜ ਨਮਾਜ਼ਾਂ ਪੜ੍ਹਨੀਆਂ ਨੇ ਤਾਂ ਐਸ ਤਰ੍ਹਾਂ ਨਾਲ, ਆਹ ਭਾਵਨਾ ਰੱਖ ਕੇ ਪੜ੍ਹ। ਬਹੁਤ ਜ਼ਿਆਦਾ ਓਥੇ ਬਚਨ ਹੋਏ ਕੁਰਾਨ ਸ਼ਰੀਫ ਦੇ। ਗੁਰੂ ਨਾਨਕ ਨੇ ਸਾਰਿਆਂ ਨੂੰ ਨਿਰੁੱਤਰ ਕਰ ਦਿਤਾ ਤੇ ਨਵਾਬ ਦੌਲਤ ਖਾਂ ਐਨਾ ਕਾਇਲ ਹੋਇਆ ਕਿ ਉਹਨੇ ਕਿਹਾ ਕਿ ਗੁਰੂ ਨਾਨਕ ਨਾ ਹਿੰਦੂ ਹੈ, ਨਾ ਮੁਸਲਮਾਨ ਹੈ, ਇਹ ਤਾਂ ਅੱਲਾਹ ਦੀ ਜਾਤ ਹੈ।

ਹੇ ਨਾਨਕ! ਤੇਰੀ ਨਿਗ੍ਹਾ ਦੇ ਵਿਚ ਹਿੰਦੂ ਤੇ ਮੁਸਲਮਾਨ ਦੇ ਵਿਚੋਂ ਕੌਣ ਚੰਗਾ ਹੈ? ਗੁਰੂ ਨਾਨਕ ਕਹਿੰਦੇ, ਨਵਾਬ ਸਾਹਿਬ! ਜਾਤ ਨਾਲ ਸਬੰਧ ਨਹੀਂ ਹੁੰਦਾ, ਅਮਲਾਂ ਨਾਲ ਸਬੰਧ ਹੁੰਦਾ ਹੈ, ਜਿਹਦੇ ਅਮਲ ਚੰਗੇ ਨੇ, ਉਹ ਚੰਗਾ ਹੈ। ਜਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

***ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥***
***ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥***

***ਅੰਗ - ੪੬੯***

ਅੱਗੇ ਨਹੀਂ ਜਾਤ ਨੂੰ ਪੁਛਿਆ ਜਾਂਦਾ, ਉਥੇ ਤਾਂ ਕੀਤੇ ਹੋਏ ਕਰਮਾਂ ਦਾ ਫਲ ਹੋਣਾ ਹੈ -

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥***

***ਅੰਗ - ੯੫੩***

ਕਹਿੰਦੇ, ਨਵਾਬ ਸਾਹਿਬ! ਨਾ ਕੋਈ ਹਿੰਦੂ ਹੋ ਕੇ ਤਰ ਸਕਦਾ ਹੈ, ਨਾ ਮੁਸਲਮਾਨ ਹੋ ਕੇ ਤਰ ਸਕਦਾ ਹੈ, ਦਰਗਾਹ 'ਚ ਮਾਣ ਉਹਦਾ ਹੀ ਪੈਂਦਾ ਹੈ ਜਿਹਨੇ ਇਥੇ ਗੁਨਾਹਾਂ ਤੋਂ ਤੋਬਾ ਕਰੀ ਹੋਈ ਹੈ ਤੇ ਨੇਕ ਕੰਮ ਕਰਦੇ ਨੇ। ਅਮਲ ਜਿਹਦੇ ਸ਼ੁੱਧ ਨੇ, ਉਹ ਵੱਡਾ ਹੈ, ਜਿਹਦੇ ਅਮਲ ਗਲਤ ਨੇ, ਉਹਦੀ ਜਾਤ ਚਾਹੇ ਕੋਈ ਹੈ, ਉਹ ਛੋਟਾ ਹੈ, ਤੇ ਨਵਾਬ ਕਹਿਣ ਲੱਗਿਆ ਹੇ ਨਾਨਕ! ਮਸਜਿਦ ਤੇ ਮੰਦਰ ਦੇ ਵਿਚ ਕੀ ਫਰਕ ਹੈ? ਕਹਿੰਦੇ, ਦੋਵੇਂ ਪ੍ਰਮੇਸ਼ਰ ਦੇ ਨਾਮ ਲੈਣ ਵਾਲੇ ਥਾਂ ਨੇ। ਦੋਹਾਂ ਦਾ ਹੀ ਸਤਿਕਾਰ ਹੈ, ਦੋਵੇਂ ਪੂਜਣਯੋਗ ਨੇ।

***'ਚਲਦਾ.......।'***

# ਆਤਮ ਗਿਆਨ

*ਪ੍ਰਵਚਨ - ਸੰਤ ਬਾਬਾ ਵਰਿਆਮ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-36)*

ਇਹ ਵੀ ਸਵਾਲ ਹੈ ਕਿ ਵਿਛੜੇ ਮਿਲ ਵੀ ਜਾਂਦੇ ਹਨ ਕਿ ਨਹੀਂ? ਮਹਾਰਾਜ ਕਹਿੰਦੇ ਸ਼ਬਦ ਦਾ ਮਿਲਾਵਾ ਹੋ ਜਾਂਦਾ ਹੈ ਜੇਕਰ ਸ਼ਬਦ ਵਿਚ ਆ ਜਾਵੇ, ਫੇਰ ਮੇਲ ਹੈ ਪਰ ਸਰੀਰ ਦਾ ਮੇਲਾ ਨਹੀਂ ਹੁੰਦਾ। ਰੂਹਾਂ ਦੁਬਾਰਾ ਨਹੀਂ ਮਿਲਦੀਆਂ, ਜਿਹੜਾ ਵਿੱਛੜ ਗਿਆ, ਵਿਛੜ ਗਿਆ। ਸਮੁੰਦਰ ਦੀਆਂ ਲਹਿਰਾਂ ਉਠਦੀਆਂ ਹਨ, ਜੇ ਪਿਛਲੀਆਂ ਲਹਿਰਾਂ ਕਹਿਣ ਕਿ ਅਸੀਂ ਮੂਹਰਲੀਆਂ ਨੂੰ ਮਿਲ ਲਈਏ, ਇਹ ਤਾਂ ਹੋ ਨਹੀਂ ਸਕਦਾ ਕਿਉਂਕਿ ਉਹ ਤਾਂ ਕੰਢੇ ਤੇ ਆ ਕੇ ਫੇਰ ਪਾਣੀ ਦਾ ਰੂਪ ਬਣ ਜਾਂਦੀਆਂ ਹਨ। ਪਰ ਜਿਹੜੇ ਅਗਿਆਨਮਈ ਸਰੀਰ ਹਨ, ਜੀਵ ਆਤਮਾਵਾਂ ਹਨ, ਉਨ੍ਹਾਂ ਨੂੰ ਅਸੀਂ ਜਾਣਦੇ ਨਹੀਂ, ਰੰਗ ਰੂਪ ਨਹੀਂ ਜਾਣਦੇ ਕਿ ਮੈਂ ਕਿਹੋ ਜਿਹਾ ਹਾਂ। ਸ਼ੀਸ਼ੇ ਦੇ ਅੱਗੇ ਖੜ੍ਹੇ ਹੋ ਕੇ ਦੇਖ ਲਵਾਂਗੇ ਕਿ ਇਹ ਸਾਡਾ ਸਰੀਰ ਹੈ ਪਰ ਇਸ ਦੇ ਅੰਦਰ ਜਿਹੜੀਆਂ ਚੀਜ਼ਾਂ ਰਹਿੰਦੀਆਂ ਹਨ, ਉਨ੍ਹਾਂ ਨੂੰ ਨਹੀਂ ਜਾਣਦੇ। ਸਾਡੇ ਤੇ ਭੁੱਲ ਪਈ ਹੋਈ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਨਹੀਂ ਜਾਣਦੇ, ਇਸ ਕਰਕੇ ਦੁਖੀ ਹੋ ਰਹੇ ਹਾਂ। ਸਾਡੀ ਕੈਮੀਕਲ ਸੁਰਤਿ ਹੈ, ਇਲੈਕਟਰੋਨਿਕ ਤੇ ਮੈਗਨੈਟਿਕ ਲਹਿਰਾਂ ਨਾਲ ਦਿਮਾਗ ਜਿਉਂਦਾ ਹੈ। ਜੇ ਇਹ ਰੁਕ ਜਾਣ ਤਾਂ ਮਰ ਜਾਂਦਾ ਹੈ। ਜਿਹੜੀ ਸਾਡੀ ਅਸਲੀ ਸੁਰਤਿ ਹੈ ਉਸ ਦਾ ਸਾਨੂੰ ਪਤਾ ਨਹੀਂ ਲਗਦਾ। ਇਸ ਲਈ ਸਮਰੱਥ ਗੁਰੂ ਨੂੰ ਮਿਲ ਕੇ ਅਸਲੀ ਸੁਰਤਿ ਤੱਕ ਪਹੁੰਚਣ ਦਾ ਯਤਨ ਕਰਨਾ ਚਾਹੀਦਾ ਹੈ।

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* *ਅੰਗ- ੮*

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* *ਅੰਗ- ੩੩੯*

ਜਦੋਂ ਸੁਰਤਿ ਘੜ ਹੋ ਜਾਂਦੀ ਹੈ ਤਾਂ ਸਿੱਧੀ ਆ ਜਾਂਦੀ ਹੈ, ਤੀਸਰੀ ਅੱਖ ਖੁਲ੍ਹ ਜਾਂਦੀ ਹੈ, ਨਿਗ੍ਹਾ ਹੋਰ ਹੋ ਜਾਂਦੀ ਹੈ, ਫੇਰ ਸਾਰੇ ਪ੍ਰਮੇਸ਼ਰ ਹੀ ਦਿਖਾਈ ਦਿੰਦਾ ਹੈ। ਪਤਾ ਲੱਗ ਗਿਆ ਕਿ ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ, ਅੱਖਾਂ ਤਾਂ ਉਹੀ ਹੁੰਦੀਆਂ ਹਨ ਪਰ ਅਨੁਭਵ ਦੀ ਅੱਖ ਖੁਲ੍ਹਣ ਕਰਕੇ ਦ੍ਰਿਸ਼ਟੀ ਦੇ ਅੰਦਰ ਫਰਕ ਪੈ ਜਾਂਦਾ ਹੈ। ਇਸੇ ਲਈ ਮਹਾਰਾਜ ਜੀ ਕਹਿੰਦੇ ਹਨ ਕਿ ਪ੍ਰੇਮੀਓ! ਜਨਮ ਬਰਬਾਦ ਨਾ ਕਰੋ, 'ਮੈਂ' ਤੇ 'ਮੇਰੀ' ਵਾਲੀ ਸੁਰਤਿ ਦਾ ਤਿਆਗ ਕਰੋ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ- ੪੦੭*

ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ- 1168

ਬੇਨਤੀ ਕਰੀਏ ਸੱਚੇ ਪਾਤਸ਼ਾਹ ਜੀ! ਕੈਂਸਰ ਦੇ ਮਰੀਜ਼ ਨੂੰ ਜੇ ਡਾਕਟਰ ਕਹੇ ਕਿ ਕੈਂਸਰ ਨੂੰ ਭੁੱਲ ਜਾ ਇਹ ਤਾਂ ਉਸ ਦੇ ਵਸ ਤੋਂ ਬਾਹਰ ਹੈ। ਇਸੇ ਤਰ੍ਹਾਂ ਜੇ ਸਾਡੇ ਵਸ ਵਿਚ ਹੋਵੇ, ਐਨੇ ਬਚਨ ਸੁਣ ਕੇ ਸਾਨੂੰ ਵੀ ਗਿਆਨ ਹੋ ਜਾਵੇ। ਸਾਥੋਂ ਹਉਮੈ ਵਾਲੀ ਸੁਰਤਿ ਨਹੀਂ ਵਿਸਾਰੀ ਜਾਂਦੀ, ਸਾਨੂੰ ਕੋਈ ਢੰਗ ਦੱਸੋ। ਮਹਾਰਾਜ ਕਹਿੰਦੇ ਕਿ ਨਾਮ ਦਾ ਗਿਆਨ ਨਾ ਹੋਣ ਕਰਕੇ ਇਹ ਬਾਤ ਹੋ ਰਹੀ ਹੈ। ਪਹਿਲਾਂ ਸਾਰੀ ਪ੍ਰਕਿਰਤੀ ਵਿਚ, ਸਾਰੀ ਸ੍ਰਿਸ਼ਟੀ ਵਿਚ ਐਸੀ ਚੀਜ਼ ਲੱਭੋ ਜਿਸ ਨੂੰ ਖਾ ਕੇ ਬਿਮਾਰੀ ਦੂਰ ਹੋ ਜਾਵੇ।

*ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥*
*ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥*
*ਅੰਗ- ੧੨੮੭*

ਤਿੰਨ ਚੀਜ਼ਾਂ ਆ ਗਈਆਂ, ਇਕ ਨਾਮ, ਇਕ ਗੁਰੂ ਤੇ ਇਕ ਬੇਸੁਰਤੀ (ਹਉਮੈ) ਆ ਗਈ। ਜਿਹੜਾ ਅਸਲੀ ਡਾਕਟਰ ਹੈ ਉਹ ਤਾਂ ਗੁਰੂ ਹੈ। ਗੁਰੂ ਕੋਲ ਨਾਮ ਹੁੰਦਾ ਹੈ ਕਿਉਂਕਿ ਨਾਮ ਦਾ ਦਾਤਾ ਗੁਰੂ ਬਿਨਾਂ ਹੋਰ ਕੋਈ ਨਹੀਂ ਹੁੰਦਾ।

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥*
*ਅੰਗ- ੬੪੯*

ਅਸੀਂ ਕਹਿੰਦੇ ਹਾਂ ਕਿ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਲਿਆ, ਉਨ੍ਹਾਂ ਨੇ ਨਾਮ ਦੇ ਦਿਤਾ। ਸਾਧ ਸੰਗਤ ਜੀ! ਪੰਜ ਪਿਆਰੇ ਗੁਰਮੰਤਰ ਦਿੰਦੇ ਹਨ, ਉਹ ਮੰਤਰ ਜਦੋਂ ਸਿੱਧ ਹੋ ਜਾਂਦਾ ਹੈ ਫੇਰ ਨਾਮ ਅੰਦਰ ਪ੍ਰਗਟ ਹੋ ਜਾਂਦਾ ਹੈ ਕਿਉਂਕਿ ਨਾਮ ਸਾਡੇ ਅੰਦਰ ਹੈ। ਉਥੇ ਹਰ ਵਕਤ ਆਤਮਿਕ ਸੰਗੀਤ ਵਜਦਾ ਹੈ ਤੇ ਨਾਮ ਦਾ ਐਨਾ ਅਨੰਦ ਹੈ ਕਿ ਦੱਸਿਆ ਨਹੀਂ ਜਾ ਸਕਦਾ। ਜਿੱਥੇ ਕ੍ਰੋਧ ਦਾ ਵਾਸਾ ਹੈ ਉਥੇ ਕੰਬਣੀ ਹੈ, ਘਬਰਾਹਟ ਹੈ, ਪਤਾ ਲਗ ਜਾਂਦਾ ਹੈ, ਹੁਣ ਅਰਲ ਬਰਲ ਬੋਲੇਗਾ। ਇਸੇ ਤਰ੍ਹਾਂ ਨਾਮ ਬੇਕੀਮਤੀ ਹੈ। ਜਿਥੇ ਨਾਮ ਦਾ ਵਾਸਾ ਹੈ ਉਥੇ ਅਨੰਦ ਤੇ ਸ਼ਾਂਤੀ ਹੈ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*

*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ- ੮੧*

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ- ੨੯੩*

ਨਾਮ ਦਾ ਤੇ ਹਉਮੈ ਦਾ ਆਪਸ ਵਿਚ ਵਿਰੋਧ ਹੈ ਇਸ ਕਰਕੇ ਐਸੀ ਚੀਜ਼ ਟੋਲ ਲੈ ਕਿ ਹਉਮੈ ਦਾ ਖਾਤਮਾ ਹੋ ਜਾਵੇ। ਜੇ ਸਾਰੇ ਕ੍ਰਿਆਮਾਨ, ਸੰਚਤ ਤੇ ਪ੍ਰਾਲਬਧ ਕਰਮਾਂ ਨੂੰ ਸਰੀਰ ਤੋਂ ਨਿਆਰਾ ਹੋ ਕੇ ਭੋਗਿਆ ਜਾਵੇ ਅਤੇ 'ਮੈਂ' ਧਾਰਨ ਨਾ ਕਰੇ। ਪਰ ਉਹ ਚੀਜ਼ ਮਿਲਦੀ ਕਿਥੋਂ ਹੈ, ਕਹਿੰਦੇ ਪਿਆਰਿਆ! ਉਹ ਸੌਦਾ ਸਤਿਗੁਰ ਦੀ ਹੱਟ ਤੋਂ ਮਿਲਦਾ ਹੈ ਕਿਉਂਕਿ ਸਤਿਗੁਰ ਹੀ ਸੱਚਾ ਸ਼ਾਹ ਤੇ ਨਾਮ ਦਾ ਦਾਤਾ ਹੈ।

*ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥*
*ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥*

*ਅੰਗ- ੪੪੯*

*ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ- ੨੮੩*

ਹੁਣ ਉਸ ਦਾ ਮੁੱਲ ਹੈ ਕਿ 'ਮੈਂ' ਛੱਡਣੀ ਪਵੇਗੀ ਪਰ ਜਦੋਂ 'ਮੈਂ' ਨਹੀਂ ਛੱਡਣੀ ਤਾਂ ਦੁਕਾਨ ਤੋਂ ਸੌਦਾ ਕਿਵੇਂ ਮਿਲ ਜਾਵੇਗਾ? 'ਮੈਂ' ਨੂੰ ਛੱਡ ਕੇ ਮਰਨਾ ਕਬੂਲ ਕਰਨਾ ਪਵੇਗਾ। ਜਿਹੜੀ ਮੈਂ, ਮੇਰੀ ਦੀ ਹਉਮੈ ਹੈ ਇਸ ਨੂੰ ਗੁਰੂ ਚਰਨਾਂ ਵਿਚ ਭੇਟਾ ਕਰਨ ਨਾਲ ਨਾਮ ਧਨ ਦਾ ਵਣਜਾਰਾ ਬਣ ਜਾਵੇਂਗਾ। ਫੇਰ ਦਿਨ ਰਾਤ ਨਾਮ ਜਪ ਕੇ ਨਾਮ ਦੇ ਗੱਡੇ ਭਰ ਲੈ, ਬੈਖਰੀ ਵਿਚ, ਪਸੰਤੀ ਵਿਚ, ਮਧਮਾ ਵਿਚ, ਸਵਾਸ-ਸਵਾਸ, ਅਨਹਦ ਦੀ ਮਦਦ ਨਾਲ, ਪਰਾ ਵਿਚ, ਨਾਮ ਜਪਦੇ-ਜਪਦੇ ਤੇਰਾ ਭੰਡਾਰਾ ਭਰ ਜਾਵੇਗਾ। ਪ੍ਰੇਮੀਆਂ! ਫੇਰ ਇਕੱਲਾ ਨਾ ਰਹੀਂ, ਸੰਤਾਂ ਦੀ ਸੰਗਤ ਵਿਚ ਰਹੀਂ, ਨਹੀਂ ਤਾਂ ਪੰਜ ਚੋਰ ਬੜੇ ਡਾਢੇ ਹਨ, ਲੁੱਟ ਲੈਣਗੇ। ਜਦ ਤੂੰ ਨਾਮ ਦਾ ਵਪਾਰੀ ਹੋ ਗਿਆ, ਨਾਮ ਧਨ ਪੱਲੇ ਹੋ ਗਿਆ ਫੇਰ ਆ ਕੇ ਦੇਵਤੇ ਵੀ ਫੁੱਲ ਵਰਸਾਉਂਦੇ ਹਨ, ਸਾਰੇ ਧੰਨ-ਧੰਨ ਕਰਦੇ ਹਨ। ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਜਦੋਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਸੰਸਾਰ ਦੀ ਯਾਤਰਾ ਪੂਰੀ ਕਰਕੇ ਸਚਖੰਡ ਨੂੰ ਜਾ ਰਹੇ ਸਨ ਤਾਂ ਅਸਮਾਨ ਵਿਚ ਉਸ ਵੇਲੇ ਚਾਨਣਾ ਹੀ ਚਾਨਣਾ ਹੋ ਗਿਆ ਸੀ। ਸੁਗੰਧੀਆਂ ਨਾਲ ਵਾਤਾਵਰਣ ਭਰ ਗਿਆ ਤੇ ਅਨੇਕਾਂ ਤਰ੍ਹਾਂ ਦੇ ਸਾਜਾਂ ਦੀਆਂ ਧੁਨੀਆਂ ਸੁਣਾਈ ਦੇ ਰਹੀਆਂ ਸਨ ਜਿਨ੍ਹਾਂ ਬਾਰੇ ਦੱਸਿਆ ਨਹੀਂ ਜਾ ਸਕਦਾ। ਸਾਰੇ ਲੋਕਾਂ ਦੇ ਦੇਵਤੇ ਤੇ ਮੁਕਤ ਆਤਮਾਵਾਂ ਸਭ ਜੈ-ਜੈ ਕਾਰ ਕਰ ਰਹੀਆਂ ਸਨ ਕਿ ਗੁਰਮੁਖ ਪਿਆਰਾ ਜਨਮ ਜਿੱਤ ਕੇ ਆਇਆ ਹੈ। ਜਦੋਂ ਜੇਤੂ ਘਰ ਆਵੇ ਉਸ ਦਾ ਸਤਿਕਾਰ ਹੁੰਦਾ ਹੈ ਤੇ ਜਿਹੜਾ ਹਾਰ ਕੇ ਆਵੇ ਉਸ ਤੇ ਲਾਹਨਤਾਂ ਪੈਂਦੀਆਂ ਹਨ। ਸੋ ਪਿਆਰਿਓ! ਜੀਵਨ ਦੀ ਬਾਜ਼ੀ ਹਾਰ ਕੇ ਨਹੀਂ ਸਗੋਂ ਜਿੱਤ ਕੇ ਪੱਤ ਸੇਤੀ ਆਪਣੇ ਘਰ ਜਾਓ। ਗੁਰੂ ਘਰ ਵਿਚ ਪੰਜ ਪਿਆਰੇ ਗੁਰੂ ਮੰਤਰ ਦਿੰਦੇ ਹਨ ਤੇ ਗੁਰਮੁਖ ਪਿਆਰੇ ਜੁਗਤੀ ਦਸਦੇ ਹਨ, ਗੁਰ ਮੰਤਰ ਨੂੰ ਜਪਣ ਦੇ ਫਲ ਨਾਲ ਹਉਮੈ ਦਾ ਨਾਸ਼ ਹੋ ਜਾਵੇਗਾ।

*ਵਾਹਿਗੁਰੂ ਗੁਰਮੰਤ੍ਰੁ ਹੈ ਜਪਿ ਹਉਮੈ ਖੋਈ।*
*ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ।*

*(ਵਾਰ ਭਾਈ ਗੁਰਦਾਸ ਜੀ - ੧੩/੨)*

ਇਹ ਜੀਵ ਵਾਹਿਗੁਰੂ ਦੀ ਅੰਸ ਹੁੰਦਾ ਹੋਇਆ ਵੀ ਵਾਹਿਗੁਰੂ ਨਾਲੋਂ ਟੁੱਟ ਕੇ, ਮਨ ਦੇ ਪਿੱਛੇ ਲੱਗ ਕੇ ਹਉਮੈ ਦੇ ਰੋਗ ਨਾਲ ਦੁਖੀ ਹੋ ਰਿਹਾ ਹੈ। ਹਉਮੈ ਦਾ ਰੋਗ ਵੀ ਬਹੁਤ ਵੱਡਾ ਹੈ ਪਰ ਇਸ ਦਾ ਇਲਾਜ ਵੀ ਵਿੱਚੇ ਪਿਆ ਹੈ, ਉਹ ਇਹ ਹੈ ਕਿ ਗੁਰਮੰਤਰ ਦੀ ਕਮਾਈ ਕਰੇ ਜਿਸ ਨੂੰ ਜਪ-ਜਪ ਕੇ ਹਉਮੈ ਦਾ ਖਾਤਮਾ ਹੋਣਾ ਹੈ। ਆਪਾ ਗਵਾ ਕੇ ਆਪਣੇ ਸਵੈ ਸਰੂਪ ਨੂੰ ਲੱਭਣਾ ਹੈ। ਹੁਣ ਨਿਰੀਆਂ ਫੋਕੀਆਂ ਗੱਲਾਂ ਨਾਲ ਤਾਂ ਗਿਆਨ ਨਹੀਂ ਹੋਣਾ, ਇਸ ਚੱਕਰ ਵਿਚੋਂ ਨਿਕਲਣ ਵਾਸਤੇ ਕਰੜੀ ਮਿਹਨਤ ਕਰਨੀ ਪਵੇਗੀ।

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥*

*ਅੰਗ- ੯੪੭*

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥*

*ਅੰਗ- ੪੬੫*

ਜਿਤਨੀ ਦੇਰ ਤਕ ਇਸ ਦੇ ਅੰਦਰ ਹਉਮੈ ਹੈ ਉਤਨੀ ਦੇਰ ਤਕ ਇਹ ਜੀਵ ਫਸਿਆ ਹੋਇਆ ਹੈ, ਇਸ ਦੇ ਕਰਮ ਇਸ ਨੂੰ ਫਸਾਉਂਦੇ ਹਨ। ਜਿਸ ਵੇਲੇ ਇਸ ਨੂੰ ਪ੍ਰਤੱਖ ਗਿਆਨ ਹੋਵੇਗਾ ਉਸ ਵੇਲੇ ਹਉਮੈ ਰੂਪੀ ਅਗਿਆਨ ਦਾ ਹਨ੍ਹੇਰਾ ਦੂਰ ਹੋਵੇਗਾ। ਜਿਵੇਂ ਹਨ੍ਹੇਰਾ ਦੂਰ ਹੋਣ ਨਾਲ ਪ੍ਰਤੱਖ ਰੱਸੀ ਦੇਖ ਲਈ ਜਿਸ ਨੂੰ ਪਹਿਲਾਂ ਸੱਪ ਸਮਝ ਕੇ ਡਰਦਾ ਸੀ। ਸੋ ਇਸ ਦਾ ਇਕੋ ਇਕ ਇਲਾਜ ਹੈ ਕਿ ਪੰਜ ਪਿਆਰਿਆਂ ਪਾਸੋਂ ਗੁਰਮੰਤਰ ਦੀ ਦਾਤ ਲੈ ਕੇ ਐਨਾ ਨਾਮ ਜਪੋ ਕਿ ਹਉਮੈ ਤੱਕ ਪਹੁੰਚ ਕੇ ਹਉਮੈ ਦਾ ਭਿਆਨਕ ਰੋਗ ਕੱਟਿਆ ਜਾਵੇ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥*

*ਅੰਗ- ੪੬੬*

ਹਉਮੈ ਨੇ ਸਾਨੂੰ ਵਾਹਿਗੁਰੂ ਨਾਲੋਂ ਤੋੜ ਦਿਤਾ ਹੋਇਆ ਹੈ, ਜਿਤਨਾ ਚਿਰ ਆਪਣੇ ਅਸਲੇ ਨਾਲ ਨਹੀਂ ਮਿਲਦੇ ਉਤਨਾ ਚਿਰ ਜੰਮਦੇ ਤੇ ਮਰਦੇ ਰਹਾਂਗੇ। ਜਿਹੜੀਆਂ ਬੇਨਤੀਆਂ ਕੀਤੀਆਂ ਗਈਆਂ ਹਨ ਇਨ੍ਹਾਂ ਨੂੰ ਹਿਰਦੇ ਅੰਦਰ ਵਸਾਓ ਤਾਂਕਿ ਸਤਿਸੰਗ ਕਰਨ ਦਾ ਲਾਭ ਪ੍ਰਾਪਤ ਹੋਵੇ। ਇਸ ਸਮੱਸਿਆ ਨੂੰ ਹੱਲ ਕਰਨ ਦਾ ਇਰਾਦਾ ਬਣਾਓ। ਜੋ ਇਰਾਦਾ ਕਰ ਲਿਆ ਜਾਵੇ ਤਾਂ ਪੂਰਾ ਹੋ ਜਾਂਦਾ ਹੈ ਤੇ ਮੁੜ ਅਗਲੇ ਜਨਮ ਵਿਚ ਗੁਰੂ ਦਾ ਮੇਲ ਹੋ ਜਾਇਆ ਕਰਦਾ ਹੈ।

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*

*ਅੰਗ- ੧੦੯੬*

ਇਸ ਸਫਰ ਤੇ ਚੱਲ ਕੇ ਆਪਣਾ ਕਦਮ ਅੱਗੇ ਵਧਾਉਂਦਾ ਜਾਵੀਂ ਫੇਰ ਪਿਛੇ ਮੁੜ ਕੇ ਨਾ ਵੇਖੀਂ ਤਾਂ ਸਫਰ ਤਹਿ ਹੋ ਜਾਵੇਗਾ। ਜੇ 100 ਜਨਮ ਵਿਚ ਵੀ ਪੂਰਾ ਹੋ ਜਾਵੇ ਤਾਂ ਵੀ ਵੱਡੀ ਗੱਲ ਹੈ। ਇਸ ਵਿਚ ਕੋਈ ਹਿਸਾਬ ਕਿਤਾਬ ਨਹੀਂ, ਪਤਾ ਨਹੀਂ ਕਦ ਉਸ ਦੀ ਮਿਹਰ ਹੋ ਜਾਵੇ। ਵਾਹਿਗੁਰੂ ਦੀ ਰਹਿਮਤ ਮੰਗਦਾ ਰਿਹਾ ਕਰ, ਅਰਦਾਸ ਕਰ ਕਿ ਮੈਂ ਤੈਥੋਂ ਵਿਛੜ ਕੇ ਦੁਖੀ ਹੋ ਰਿਹਾਂ ਹਾਂ। ਮੇਰੇ ਵਿਚੋਂ ਅਉਗਣ ਕੱਢ ਦੇ, ਮੇਰੇ ਵਿਚੋਂ ਮੈਂ-ਮੇਰੀ ਕੱਢ ਦੇ, ਤੂੰ 'ਮੈਂ' ਬਣ ਜਾ, ਮੈਂ 'ਤੂੰ' ਬਣ ਜਾਵਾਂ। ਜਦੋਂ ਮੈਂ ਨਾ ਰਹੇਗੀ ਫੇਰ ਇਕੋ ਹੋ ਜਾਵੇਗਾ, ਉਸ ਵੇਲੇ ਅਸਲੀ ਚੀਜ਼ ਪ੍ਰਤੱਖ ਹੋ ਕੇ ਜਿਉਂ ਦੀ ਤਿਉਂ ਪ੍ਰਗਟ ਹੋ ਜਾਵੇਗੀ। ਆਪਣੇ ਅਸਲੀ ਸਰੂਪ ਦਾ ਪਤਾ ਲੱਗ ਜਾਵੇਗਾ ਜਿਸ ਨੂੰ ਭੁੱਲਿਆ ਹੋਇਆ ਸੀ ਕਿ ਮੈਂ ਕੌਣ ਹਾਂ ਤੇ ਕਿਥੋਂ ਆਇਆ ਹਾਂ?

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥ ਰਹਾਉ ॥*
*ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ ॥*
*ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ ॥*
*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*

*ਅੰਗ- ੯੯੯*

ਸਮਝ ਆ ਜਾਵੇਗੀ ਕਿ ਹਉਮੈ ਭਾਵਨਾ ਕਰਕੇ ਹੀ ਜਨਮ ਮਰਨ ਦਾ ਚੱਕਰ ਹੈ, ਇਹੀ ਧੀਆਂ, ਪੁੱਤਰ, ਜ਼ਮੀਨਾਂ, ਜਾਇਦਾਦਾਂ ਬਣਾਉਂਦੀ ਹੈ। ਇਹੋ ਜੀਵ ਨੂੰ ਮਾਇਆ ਦੇ ਬੰਧਨਾਂ ਵਿਚ ਫਸਾਉਂਦੀ ਹੈ। ਇਸੇ ਤਰ੍ਹਾਂ ਗੁਰਸਿੱਖ ਵੀ ਵਿਧੀ ਨਾਲ ਪੰਜਾਂ ਪਿਆਰਿਆਂ ਤੋਂ ਗੁਰਮੰਤਰ ਲੈ ਕੇ, ਰਹਿਤ-ਬਹਿਤ ਵਿਚ ਪੂਰਾ ਰਹਿ ਕੇ, ਸਤਸੰਗਤ ਕਰਕੇ, ਨਾਮ ਦੀ ਕਮਾਈ ਕਰਕੇ, ਨਾਮ ਜਪਣ ਵਾਲੇ ਗੁਰਮੁਖਾਂ ਦੀ ਸੰਗਤ ਕਰਕੇ ਅਤੇ ਨਿਸ਼ਕਾਮ ਸੇਵਾ ਕਰਕੇ ਹਉਮੈ ਦੇ ਸਾਰੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਜਨਮ ਮਰਨ ਤੇ ਚੁਰਾਸੀ ਦਾ ਗੇੜ ਖਤਮ ਕਰਕੇ ਸਦਾ ਵਾਸਤੇ ਵਾਹਿਗੁਰੂ ਵਿਚ ਅਭੇਦ ਹੋ ਜਾਂਦਾ ਹੈ।

## 6. ਮੁਰਦਾ ਹੋਇ ਮੁਰੀਦ.....।

ਸੰਸਾਰ ਤੇ ਆਉਣ ਦਾ ਸਾਡਾ ਪਰਮ ਮਨੋਰਥ ਹੈ ਕਿ ਸਮਰੱਥ ਗੁਰੂ ਧਾਰਨ ਕਰਕੇ ਬੰਦਗੀ ਕੀਤੀ ਜਾਵੇ ਤੇ ਆਪਣੇ ਪਰਮ ਸੋਮੇ ਵਾਹਿਗੁਰੂ ਵਿਚ ਅਭੇਦਤਾ ਪ੍ਰਾਪਤ ਕੀਤੀ ਜਾਵੇ। ਬਾਕੀ ਜਿਹੜੇ ਸਾਡੇ ਹੋਰ ਮਨੋਰਥ ਹਨ ਉਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਗਿਣਿਆ ਨਹੀਂ ਕਿਉਂਕਿ ਇਨ੍ਹਾਂ ਦੀ ਕੋਈ ਕੀਮਤ ਨਹੀਂ ਪੈਂਦੀ, ਇਸ ਕਰਕੇ ਐਵੇਂ ਫਜ਼ੂਲ ਖਪਣ ਦਾ ਕੋਈ ਫਾਇਦਾ ਨਹੀਂ ਹੋਇਆ ਕਰਦਾ। ਇਥੇ ਹੁਕਮ ਦੀ ਖੇਡ ਚੱਲ ਰਹੀ ਹੈ। ਜਿਸ ਨੇ ਹੁਕਮ ਦੀ ਪਛਾਣ ਕਰ ਲਈ ਉਸ ਨੇ ਵਾਹਿਗੁਰੂ ਨੂੰ ਜਾਣ ਲਿਆ।

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ ਅੰਗ - ੧*

*ਸਭ ਮਹਿ ਸਚਾ ਏਕੋ ਸੋਈ*
*ਤਿਸ ਕਾ ਕੀਆ ਸਭੁ ਕਛੁ ਹੋਈ ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥*

*ਅੰਗ- ੧੩੫੦*

ਹੁਕਮ ਦੇ ਬੰਨ੍ਹੇ ਹੋਏ ਅਸੀਂ ਚੱਲ ਰਹੇ ਹਾਂ, ਜਿਹੜੇ ਅਸੀਂ ਕਰਮ ਕੀਤੇ ਹਨ, ਉਹ ਸ਼ਕਤੀਸ਼ਾਲੀ ਹਨ ਕਿਉਂਕਿ ਅਸੀਂ ਭੋਗਣੇ ਹਨ। ਕਰਮਾਂ ਦੇ ਭੋਗਣ ਵਾਸਤੇ ਸਾਨੂੰ ਉਸੇ ਤਰ੍ਹਾਂ ਦਾ ਆਲਾ ਦੁਆਲਾ ਤੇ ਮਾਹੌਲ ਮਿਲਦਾ ਰਹੇਗਾ। ਉਸ ਦੇ ਵਿਚ ਸਾਡੀ ਪ੍ਰਾਲਬਧ ਹੁੰਦੀ ਹੈ ਜੋ ਅਸੀਂ ਖਾਣਾ, ਪੀਣਾ, ਪਹਿਨਣਾ ਹੁੰਦਾ ਹੈ ਤੇ ਜਿਥੇ ਰਹਿਣਾ ਹੁੰਦਾ ਹੈ। ਇਹ ਕੁਝ ਵੱਡੇ ਲੇਖ ਹਨ। ਜਿਵੇਂ ਅਖਬਾਰ ਦੀਆਂ ਸੁਰਖੀਆਂ ਹੁੰਦੀਆਂ ਹਨ। ਜੀਵ ਜਦੋਂ ਜੀਵਨ ਦੇ ਸਫਰ ਵਾਸਤੇ ਤੁਰਦਾ ਹੈ, ਤਾਂ ਇਸ ਦੇ ਮੱਥੇ ਉਤੇ ਲਿਖਿਆ ਜਾਂਦਾ ਹੈ ਕਿ ਫਲਾਣੀ ਤਾਰੀਖ ਨੂੰ ਐਨੇ ਵਜੇ ਦੁਨੀਆਂ ਵਿਚ ਜਨਮ ਲਵੇਗਾ। ਮਾਂ ਦੇ ਪੇਟ 'ਚ ਇਸ ਦੀ ਰਾਖੀ ਪ੍ਰਭੂ ਆਪ ਕਰਦਾ ਹੈ। ਕਈ ਜੀਵਾਂ ਦਾ ਐਸਾ ਵੀ ਸਮਾਂ ਲਿਖਿਆ ਹੁੰਦਾ ਹੈ ਕਿ ਮਾਤਾ ਦੇ ਪੇਟ ਵਿਚ ਹੀ ਜਾਂ ਜਨਮ ਲੈਂਦੀ ਸਾਰ ਹੀ ਖਤਮ ਹੋ ਜਾਂਦੇ ਨੇ। ਉਨ੍ਹਾਂ ਨੇ ਕੁਝ ਐਸੇ ਮਾੜੇ ਕਰਮ ਕੀਤੇ ਹੁੰਦੇ ਹਨ ਕਿ ਵਾਰੀ ਤਾਂ ਆਈ ਸੀ ਪਰ ਕੱਟ ਗਈ, ਧੱਕਾ ਪੈਣ ਤੇ ਦੂਜੇ ਪਾਸੇ ਚਲੇ ਜਾਂਦੇ ਹਨ। ਜਿਹੜੇ ਅਸੀਂ ਸੰਸਾਰੀ ਜੀਵ ਹਾਂ, ਸਾਡੇ ਮੱਥੇ ਉਤੇ ਵੀ ਦੁਖ-ਸੁਖ ਦੇ ਲੇਖ ਤੇ ਸਰੀਰ ਛੱਡਣ ਦਾ ਕਾਰਨ, ਸਮਾਂ ਤੇ ਥਾਂ ਲਿਖਿਆ ਹੋਇਆ ਹੈ।

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*

*ਅੰਗ - ੭੪*

ਦੂਸਰਾ ਹੈ ਕਿ ਇਸ ਨੂੰ ਰਿਸ਼ਤੇਦਾਰ ਕਿਹੜੇ ਮਿਲਣੇ ਹਨ, ਦੁਖ ਦੇਣ ਵਾਲੇ, ਸੁਖ ਦੇਣ ਵਾਲੇ, ਮਦਦ ਕਰਨ ਵਾਲੇ, ਛਲ-ਕਪਟ ਕਰਨ ਵਾਲੇ ਜਾਂ ਮਿੱਤਰ, ਇਹ ਸਾਰਾ ਕੁਝ ਲਿਖ ਦਿਤਾ ਜਾਂਦਾ ਹੈ। ਇਸ ਕਰਕੇ

ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਮਾੜੇ ਕਰਮਾਂ ਦਾ ਕਿਸੇ ਨੂੰ ਦੋਸ਼ ਨਾ ਦਿਓ।

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ- ੪੩੩*

ਤੀਸਰਾ ਹੁੰਦਾ ਹੈ ਕਿ ਸਮਰੱਥ ਗੁਰੂ ਦਾ ਮਿਲ ਜਾਣਾ। ਜੇਕਰ ਪੁੰਨ ਕਰਮ ਹੋਣ ਤਾਂ ਹੀ ਗੁਰੂ ਮਿਲਿਆ ਕਰਦਾ ਹੈ। ਆਪਣੇ ਆਪ ਕੁਝ ਨਹੀਂ ਹੁੰਦਾ, ਸਭ ਕੁਝ ਕਰਮਾਂ ਦੇ ਪ੍ਰਬੰਧ ਵਿਚ ਹੋਇਆ ਕਰਦਾ ਹੈ। ਹੁਣ ਇਸ ਵਿਚ ਆਉਂਦਾ ਹੈ ਕਿ ਜੀਵ ਨੂੰ ਸੁਤੰਤਰਤਾ ਹੈ ਕਿ ਨਹੀਂ? ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਜੀਵ ਨੂੰ ਕਰਮ ਕਰਨ ਦੀ ਸੁਤੰਤਰਤਾ ਹੈ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਅੰਗ- ੯੧੮*
*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਅੰਗ- ੪੬੯*

ਕਰਮ ਕਰਨ ਵਾਸਤੇ ਸਾਨੂੰ ਵਾਹਿਗੁਰੂ ਨੇ ਬੁੱਧੀ ਪ੍ਰਦਾਨ ਕੀਤੀ ਹੈ, ਆਪਣੀ ਮਰਜ਼ੀ ਹੈ, ਜੇ ਚੰਗੇ ਕੰਮ ਕਰਾਂਗੇ ਤਾਂ ਸੁਖ ਮਿਲੇਗਾ, ਜੇ ਅਸੀਂ ਮਾੜੇ ਕਰਾਂਗੇ ਤਾਂ ਦੁੱਖ ਭੋਗਣਾ ਪਵੇਗਾ। ਮਾੜੇ ਚੰਗੇ ਦੋਵੇਂ ਸੰਚਿਤ ਹੋ ਕੇ, ਹੁਕਮ ਅਨੁਸਾਰ ਭੋਗਣ ਵਾਸਤੇ ਪ੍ਰਾਲਬਧ ਕਰਮ ਬਣ ਜਾਇਆ ਕਰਦੇ ਹਨ। ਪਿਛਲੇ ਜਨਮ ਦਾ ਤਪ, ਸਾਧੂ ਦਾ ਮਿਲਾਪ, ਸਾਧੂਆਂ ਦੀ ਸੇਵਾ, ਸੰਗਤਾਂ ਦੀ ਸੇਵਾ ਕਰਨ ਕਰਕੇ ਜਦੋਂ ਅਗਲੇ ਜਨਮ ਵਿਚ ਆਉਂਦਾ ਹੈ ਜੇ ਵਿਚਾਲੇ ਰਹਿ ਜਾਵੇ ਤਾਂ ਯੋਗਭ੍ਰਿਸ਼ਟ ਕਹਿੰਦੇ ਹਨ। ਯੋਗਭ੍ਰਿਸ਼ਟ ਜਗਿਆਸੂ ਨੂੰ ਜੇਕਰ ਬਚਪਨ ਵਿਚ ਕੋਈ ਮਹਾਤਮਾ ਮਿਲ ਜਾਵੇ ਤਾਂ ਉਸ ਦੇ 5-10 ਜਨਮ ਜੱਦੋ ਜਹਿਦ ਕਰਦਿਆਂ ਲੰਘ ਜਾਂਦੇ ਹਨ। ਉਸ ਦੇ ਮੱਥੇ ਤੇ ਫੇਰ ਲੇਖ ਲਿਖਿਆ ਜਾਂਦਾ ਹੈ ਕਿ ਇਸ ਨੂੰ ਪੂਰਾ ਗੁਰੂ ਮਿਲੇਗਾ।

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ- ੪੫੦*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ- ੧੨*

ਜਿਹੜਾ ਅਸਲੀ ਕੰਮ ਹੈ ਉਹ ਵਾਹਿਗੁਰੂ ਨੂੰ ਮਿਲਣ ਦਾ ਹੈ ਤੇ ਬਾਕੀ ਹੋਰ ਕੰਮ ਫਜ਼ੂਲ ਹਨ ਕਿਉਂਕਿ ਮਨੁੱਖਾ ਸਰੀਰ ਪਾ ਕੇ ਬੜੀ ਮੁਸ਼ਕਲ ਨਾਲ ਇਹ ਵਾਰੀ ਹੱਥ ਆਈ ਹੈ। ਕੋਈ ਵਿਰਲਾ-ਵਿਰਲਾ ਪੁਰਸ਼ ਹੈ ਜਿਹੜਾ ਇਸ ਗੱਲ ਨੂੰ ਮਨ ਵਿਚ ਵਸਾਉਂਦਾ ਹੈ। ਬਾਕੀਆਂ ਨੂੰ ਇਹ ਗੱਲ ਸਮਝ ਵਿਚ ਹੀ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਦੇ ਹਾਲੇ ਪੁੰਨ ਕਰਮ ਨਹੀਂ ਬਣੇ।

'ਚਲਦਾ..........।'

*(ਪੰਨਾ 10 ਦੀ ਬਾਕੀ)*

ਅਵਸਥਾ ਵਿਚ ਜੀਵ ਇਸਤ੍ਰੀ ਨੂੰ ਪ੍ਰਭੂ-ਪਤੀ ਦਾ ਮਿਲਾਪ ਪ੍ਰਾਪਤ ਹੋ ਗਿਆ (ਧਨ ਪਿਰ ਮੇਲੋ), ਹਿਰਦਾ ਰਸ ਭਰਪੂਰ ਹੋ ਗਿਆ, ਆਤਮਕ ਅਨੰਦ ਵਿਚ ਖਿੜ ਗਿਆ। ਜਿਵੇਂ ਤੇਲ ਮਿਲਣ ਤੇ ਦੀਵੇ ਦੀ ਰੌਸ਼ਨੀ ਵਧ ਜਾਂਦੀ ਹੈ, ਤਿਵੇਂ ਜੀਅ ਉਤਸ਼ਾਹ ਭਰਪੂਰ ਹੋ ਕੇ ਆਤਮਕ ਅਨੰਦ ਮਾਣਦਾ ਹੈ, ਵਿਗਸਦਾ ਹੈ (ਧਨ ਓਮਾਹੈ ਸਰਸੀ)

ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥
ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ ॥

ਜਿਸ ਜੀਵ ਇਸਤ੍ਰੀ ਨੂੰ ਵਿਕਾਰਾਂ ਨੇ ਘੇਰਿਆ ਹੋਇਆ ਹੈ, ਵਿਕਾਰਾਂ ਨੇ ਮਾਰ ਮੁਕਾਇਆ ਹੈ, ਉਹ ਤਾਂ ਮੁਰਦਾ ਸਰੀਰ ਹੈ, ਉਹ ਆਤਮਕ ਤੌਰ ਤੇ ਮਰ ਚੁੱਕੀ ਹੈ (ਅਵਗਣ ਮਾਰੀ ਮਰੈ) ਉਹ ਜ਼ਿੰਦਗੀ ਦੇ ਰਹੱਸ ਨੂੰ ਜਾਣ ਨਹੀਂ ਸਕਦੀ, ਆਤਮਕ ਸੂਝ ਤੋਂ ਕੋਰੀ ਹੁੰਦੀ ਹੈ (ਨ ਸੀਝੈ), ਪਰ ਇਸ ਦੇ ਵਿਪਰੀਤ ਜਿਸ ਜੀਵ ਇਸਤ੍ਰੀ ਨੇ ਪ੍ਰਭੂ ਦੀ ਕ੍ਰਿਪਾ ਸਦਕਾ, ਉਤਮ ਸੰਸਕਾਰਾਂ ਸਦਕਾ, ਪ੍ਰਭੂ ਦੇ ਗੁਣਾਂ ਦੀ ਸਿਫਤ ਸਾਲਾਹ ਰਾਹੀਂ ਵਿਕਾਰਾਂ ਨੂੰ ਮਾਰ ਲਿਆ ਹੈ, ਉਹ ਵਿਕਾਰਾਂ ਤੋਂ ਬਚ ਨਿਕਲਦੀ ਹੈ ਤੇ ਪ੍ਰਭੂ ਮਿਲਾਪ ਦੇ ਯੋਗ ਹੋ ਜਾਂਦੀ ਹੈ (ਗੁਣਿ ਮਾਰੀ ਤਾ ਮਰਸੀ)

ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥੧੨॥

ਗੁਰੂ ਜੀ ਫੁਰਮਾਨ ਕਰਦੇ ਹਨ ਜਿਨ੍ਹਾਂ ਜੀਵਾਂ ਉਪਰ ਕ੍ਰਿਪਾ ਕਰਕੇ ਪ੍ਰਭੂ ਆਪਣੇ ਨਾਮ ਦੀ ਬਖਸ਼ਿਸ਼ ਕਰਦਾ ਹੈ, ਆਪਣੀ ਭਗਤੀ ਦਿੰਦਾ ਹੈ, ਉਹ ਵਿਕਾਰਾਂ ਵਲ ਨਹੀਂ ਭਟਕਦੇ, ਸਗੋਂ ਹਿਰਦੇ ਰੂਪੀ ਨਿਜ ਘਰ ਵਿਚ ਟਿਕੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਅੰਦਰ ਸਦਾ ਹੀ ਪ੍ਰਭੂ ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ (ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ) ਉਹ ਸਦਾ ਇਹੀ ਜੋਦੜੀ ਕਰਦੇ ਹਨ ਕਿ ਸੱਚੇ ਪਾਤਸ਼ਾਹ, ਸਾਨੂੰ ਆਪਣਾ ਦੀਦਾਰ ਬਖਸ਼ਸ਼ ਕਰ, ਆਪਣਾ ਮਿਲਾਪ ਬਖਸ਼, ਸਾਨੂੰ ਆ ਮਿਲ (ਮਿਲਹੁ), ਸਾਡੇ ਅੰਦਰੋਂ ਵਿਛੋੜਾ ਪਾਣ ਵਾਲੇ ਦਰਵਾਜ਼ੇ ਦੇ ਕਿਵਾੜ ਖੋਲ੍ਹ ਦਿਉ (ਕਪਟ ਦਰ ਖੋਲਹੁ) ਤੈਥੋਂ ਹੋਇਆ ਵਿਛੋੜਾ ਬਰਦਾਸ਼ਤ ਤੋਂ ਬਾਹਰ ਹੈ। ਇਕ ਘੜੀ ਦਾ ਵਿਛੋੜਾ ਛੇ ਮਹੀਨੇ ਦਾ ਵਿਛੋੜਾ, ਜਾਪਦਾ ਹੈ (ਏਕ ਘੜੀ ਖਟੁ ਮਾਸਾ)। ਜਾਗਰੂਪ ਇਨਸਾਨ ਪ੍ਰਮਾਤਮਾ ਦੀ ਯਾਦ ਤੋਂ ਇਕ ਘੜੀ ਦਾ ਵਿਛੋੜਾ ਵੀ ਸਹਾਰ ਨਹੀਂ ਸਕਦਾ -

*ਆਖਾ ਜੀਵਾ ਵਿਸਰੈ ਮਰਿ ਜਾਉ॥ ਅੰਗ - ੯*

# ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ

*ਸੰਤ ਬਾਬਾ ਹਰਪਾਲ ਸਿੰਘ ਜੀ*

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਰਹਾਉ ॥*
*ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥*
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥*
*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥ ੫ ॥*
*ਜੋਗ ਸਿਧ ਆਸਣ ਚਉਰਾਸੀਹ*
*ਏ ਭੀ ਕਰਿ ਕਰਿ ਰਹਿਆ ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥ ੬ ॥*
*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*
*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥* *ਅੰਗ- ੬੪੧*

*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥*
*ਅੰਗ- ੧੩੬੯*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਭਾਗਾਂ ਵਾਲੇ ਪ੍ਰੇਮੀ ਹਨ ਜੋ ਦੂਰੋਂ-ਨੇੜਿਓਂ ਚੱਲ ਕੇ ਸੰਗਤ ਵਿਚ ਆਏ ਹਨ। ਵਿਚਾਰ ਸਤਿਸੰਗ ਦੇ ਵਿਚ ਕੀ ਹੁੰਦੀ ਹੈ? ਕੇਵਲ ਤੇ ਕੇਵਲ ਨਾਮ ਨਾਲ ਜੁੜਨ ਦੀ ਵਿਚਾਰ ਹੁੰਦੀ ਹੈ। ਉਸ ਵਾਸਤੇ ਕੋਈ ਸਾਖੀ, ਕੋਈ ਪ੍ਰਮਾਣ, ਦਿਤੇ ਜਾਂਦੇ ਹਨ। ਉਨ੍ਹਾਂ ਨਾਲ ਵੀ -

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥* *ਅੰਗ- ੧੧੯੨*

ਜੁਗਤ ਨਾਲ ਮੁਕਤ ਹੋ ਜਾਇਆ ਕਰਦੀ ਹੈ। ਸਤਿਸੰਗ ਭਾਗਾਂ ਤੋਂ ਬਗੈਰ ਨਹੀਂ ਮਿਲਦੀ।

*ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ*
*॥ ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥* *ਅੰਗ- ੬੧੮*

ਇਕ ਸਤਿਸੰਗ ਮੰਡਲ ਹੈ, ਉਸ ਵਿਚ ਸਾਰੇ ਹੀ ਜਾਂਦੇ ਹਨ, ਪਿਆਰ ਵਾਲੇ ਇਕੱਠੇ ਹੋ ਕੇ ਆਹ ਜਿਹੜੀ ਇਕ ਰੂਹਾਨੀ ਖੁਰਾਕ ਹੈ, ਇਸ ਨੂੰ ਸਤਿਸੰਗ ਦੇ ਵਿਚੋਂ ਪੂਰਾ ਕਰਦੇ ਹਾਂ। ਪਿਆਰ ਵਾਲੇ ਪ੍ਰੇਮੀ ਇਸ ਅਸਥਾਨ 'ਤੇ ਪਹੁੰਚੇ ਹਨ -

*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਕਿੰਨਾ ਸੁਹਾਵਣਾ ਸਮਾਂ ਸਾਨੂੰ ਪ੍ਰਾਪਤ ਹੋਇਆ ਹੈ-

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥* *ਅੰਗ- ੨੬੫*

ਸਤਿਸੰਗ ਦੇ ਵਿਚ ਜੁਗਤ ਮਿਲ ਜਾਂਦੀ ਹੈ। ਕਲਜੁਗ ਦਾ ਸਮਾਂ ਹੈ। ਵਿਸ਼ਿਸ਼ਟ ਜੀ ਤੇ ਵਿਸ਼ਵਾਮਿੱਤਰ ਦਾ ਆਪਸ ਵਿਚ ਇਸ ਗੱਲ ਨੂੰ ਲੈ ਕੇ ਸੰਵਾਦ ਹੋ ਗਿਆ ਕਿ ਤਪ ਦਾ ਫਲ ਜ਼ਿਆਦਾ ਹੈ ਕਿ ਸਤਿਸੰਗ ਦਾ।

ਵਿਸ਼ਵਾਮਿੱਤਰ ਜੀ ਬਹੁਤ ਤਪੀਏ ਸਨ। ਉਹ ਕਹਿਣ ਲੱਗੇ ਕਿ ਤਪ ਦਾ ਫਲ ਜ਼ਿਆਦਾ ਹੈ। ਵਿਸ਼ਿਸਟ ਜੀ ਕਹਿੰਦੇ, ਨਹੀਂ, ਸਤਿਸੰਗ ਦਾ ਫਲ ਬਹੁਤਾ ਹੈ। ਤੁਸੀਂ ਸੁਣਿਆ ਹੈ ਹੁਣੇ ਹੀ ਕਿ ਸ਼ੇਸ਼ ਨਾਗ, ਨਿੱਤ ਨਵੇਂ 2 ਹਜ਼ਾਰ ਨਾਮ ਉਚਾਰਨ ਕਰਦਾ ਹੈ ਤਾਂ ਇਸ ਗੱਲ ਦਾ ਨਿਸਤਾਰਾ ਕਰਨ ਵਾਸਤੇ, ਸ਼ੇਸ਼ ਨਾਗ ਜੀ ਕੋਲ ਪਹੁੰਚਦੇ ਨੇ। ਪਹਿਲਾਂ ਸ਼ਿਵ ਜੀ, ਬ੍ਰਹਮਾ, ਵਿਸ਼ਨੂੰ ਜੀ ਕੋਲ ਗਏ-

*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*
*ਅੰਗ- ੭*

ਕਹਿੰਦੇ ਨੇ ਚਲੋ ਹੁਣ ਸ਼ੇਸ਼ਨਾਗ ਜੀ ਨੂੰ ਪੁੱਛਦੇ ਹਾਂ, ਸਾਰੇ ਇਕੱਠੇ ਹੋ ਕੇ ਉਥੇ ਪਹੁੰਚਦੇ ਨੇ। ਉਹ ਕਹਿੰਦੇ ਮੈਨੂੰ ਤਾਂ ਵਿਹਲ ਨਹੀਂ। ਮੈਂ ਨਿੱਤ ਨਵੇਂ ਨਾਮ ਪ੍ਰਮੇਸ਼ਰ ਦੇ ਉਚਾਰਨ ਕਰਦਾ ਹਾਂ। ***'ਧੌਲੁ ਧਰਮੁ ਦਇਆ ਕਾ ਪੂਤੁ ॥'*** ਧਰਤੀ ਉਸ ਦੇ ਸਹਾਰੇ ਖੜ੍ਹੀ ਹੈ। ਇਸ ਕਰਕੇ ਪਹਿਲਾਂ ਮੈਨੂੰ ਮਹਾਤਮ ਦਿਓ, ਫੇਰ ਵਿਚਾਰ ਵਾਸਤੇ ਮੈਂ ਸਮਾਂ ਕੱਢ ਸਕਦਾ ਹਾਂ। ਵਿਸ਼ਵਾਮਿੱਤਰ ਜੀ ਨੇ ਹਜ਼ਾਰਾਂ ਸਾਲ ਦੀ ਤਪਸਿਆ ਦਾ ਫਲ ਵੀ ਦਿਤਾ ਪਰ ਧਰਤੀਆਂ ਡੋਲਣ ਤੋਂ ਨਾ ਰੁਕ ਸਕੀਆਂ ਤੇ ਵਸ਼ਿਸ਼ਟ ਜੀ ਨੇ ਇਕ ਘੜੀ ਦਾ ਸਤਿਸੰਗ,

ਸਾਢੇ ਚੌਵੀ ਮਿੰਟ ਦਾ, ਐਨਾ ਫਲ ਦਿਤਾ ਕਿ ਧਰਤੀਆਂ ਅਡੋਲ ਹੋ ਗਈਆਂ, ਸਥਿਰ ਹੋ ਗਈਆਂ। ਤਾਂ ਹੁਣ ਉਹ ਕਹਿਣ ਲੱਗੇ, ਆਪੇ ਹੀ ਨਿਸ਼ਤਾਰਾ ਹੋ ਗਿਆ। ਕਿੱਥੇ ਹਜ਼ਾਰਾਂ ਸਾਲ ਦਾ ਤਪ ਤੇ ਕਿੱਥੇ ਆਹ ਇਕ ਘੜੀ ਦਾ ਸਤਿਸੰਗ। ਕਿੰਨਾ ਸਤਿਸੰਗ ਦਾ ਮਹਾਤਮ ਹੈ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥* ਅੰਗ- ੧੩੭੭

ਇਹਦਾ ਲਾਭ ਹੀ ਲਾਭ ਹੈ। ਜਦੋਂ ਸਤਿਸੰਗੀ ਜਨ ਇਕੱਠੇ ਹੋ ਕੇ ਸਤਿਸੰਗ ਕਰਦੇ ਹਨ। ਕਲਜੁਗ ਵਿਚ ਸਭ ਤੋਂ ਵੱਡਾ ਪੁੰਨ ਵੀ ਇਹੀ ਹੈ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥* ਅੰਗ- ੯੬੨

***'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥'*** ਪਹਿਲਾਂ ਪਾਠ ਪੜ੍ਹਦੇ ਸਨ। ਟੀਕੇ ਪੜ੍ਹਨੇ, ਵਿਆਕਰਣ ਪੜ੍ਹਨੀ, ਬੜਾ ਲੰਮਾ ਸਮਾਂ ਇਨ੍ਹਾਂ 'ਚ ਹੀ ਲਾ ਦਿੰਦੇ। ਪਰ ਜਿਹੜੀ-

*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ*
*ਫਿਰਹਿ ਜਿਉ ਬੇਤਾਲਿਆ ॥* ਅੰਗ- ੯੧੯

ਉਹ ਜੋ ਅਸਲ ਬਾਣੀ ਕਹਿੰਦੀ ਹੈ ਉਹ ਕਰਦੇ ਨਹੀਂ-

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* ਅੰਗ- ੭੯੭

ਇਹ ਆਦੇਸ਼ ਹਨ, ਜੇ ਆਦੇਸ਼ 'ਤੇ ਹੀ ਰੁਕ ਜਾਓ। ਮੀਲ ਪੱਥਰ ਲੱਗਿਆ ਹੁੰਦਾ ਹੈ ਕਿ ਐਨੇ ਕਿਲੋਮੀਟਰ ਰਹਿ ਗਏ। ਇਥੇ ਕਿਲੋਮੀਟਰ ਨੇ, ਅਮਰੀਕਾ, ਕੈਨੇਡਾ ਵਗੈਰਾ 'ਚ ਮੀਲ ਹਨ। ਲਿਖਿਆ ਹੁੰਦਿਆਂ ਹੈ, ਕਿ ਇਸ ਪਾਸੇ ਵਲ ਨੂੰ ਆਓ, ਸਫਰ ਤਹਿ ਹੋ ਜਾਵੇਗਾ। ਪਰ ਜੇ ਉਸ ਮੀਲ ਪੱਥਰ 'ਤੇ ਹੀ ਬੈਠ ਗਏ, ਅੱਗੇ ਚੱਲੇ ਨਾ, ਫੇਰ ਸਫਰ ਕਿਵੇਂ ਤਹਿ ਹੋਵੇਗਾ। ਇਸ ਕਰਕੇ ਬਾਣੀ ਰਾਹ ਦਿਖਾ ਰਹੀ ਹੈ, ਦਿਸ਼ਾ ਦਿਖਾ ਰਹੀ ਹੈ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥* ਅੰਗ- ੬੨੮

ਬਾਣੀ ਨਾਮ ਦੀ ਦਸ ਪਾਉਂਦੀ ਹੈ ਕਿ ਪਿਆਰਿਓ, ਇਸ ਪਾਸੇ ਵਲ ਨੂੰ ਚੱਲੋ। ਜੇ ਨਹੀਂ ਚਲਦੇ ਫੇਰ ਤਾਂ ਕੁਝ ਵੀ ਕਰੀ ਚੱਲੋ -

*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
ਅੰਗ- ੬੪੧

ਵਿਵੇਕ ਬੁੱਧ ਦੀ ਵਿਚਾਰ ਨਾਲ ਗੱਲ ਸਮਝ ਆਉਂਦੀ ਹੈ ਕਿ ਕੀ ਕਰਨਾ ਚਾਹੀਦਾ ਹੈ। ਅਸੀਂ ਕਰਨ ਕੀ ਆਏ ਹਾਂ। ਸਾਡਾ ਮਨੁਖੀ ਤਨ ਦਾ ਪ੍ਰਯੋਜਨ ਕੀ ਹੈ। ਅਸਲ 'ਚ ਜੋ ਪ੍ਰਯੋਜਨ ਹੈ ਮਾਨਸ ਤਨ ਦਾ, ਉਹ ਨਾਮ ਜਪਣਾ ਹੈ, ਸੇਵਾ ਕਰਨੀ ਹੈ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥* ਅੰਗ- ੧੧੫੯

ਇਹ ਮਾਨੁਖ ਤਨ ਇਸ ਵਾਸਤੇ ਨਹੀਂ ਮਿਲਿਆ ਕਿ ਅਸੀਂ ਪਰਿਵਾਰਾਂ 'ਚ ਖਚਿਤ ਹੋ ਕੇ, ਕਾਰੋਬਾਰਾਂ 'ਚ ਦਿਨ ਰਾਤ ਲੰਘਾ ਦਿਤਾ, ਅਸਲ ਤਾਂ ਹੈ ਕਿ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* ਅੰਗ - ੧੨

ਨਾਮ ਨਾਲ ਜੁੜਨਾ ਤੇ ਇਹ ਸਮਾਂ ਇਸ ਵਾਸਤੇ ਹੀ ਮਿਲਿਆ ਹੈ। ਇਹ ਵਾਰੀ ਸੇਵਾ ਤੇ ਸਿਮਰਨ ਵਾਸਤੇ ਮਿਲੀ ਹੈ। ਪਰ ਇਨਸਾਨ ਸੰਸਾਰ 'ਤੇ ਆ ਕੇ ਕੀ ਕਰਨ ਲਗ ਗਿਆ -

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥* ਅੰਗ- ੧੫੬

ਸਮਾਂ ਲੰਘਦਾ ਜਾ ਰਿਹਾ ਹੈ, ਰਾਤ ਸੌਂ ਕੇ ਵਿਸ਼ੇ-ਵਿਕਾਰਾਂ ਵਿਚ ਤੇ ਦਿਨ ਖਾ ਪੀ ਕੇ, ਕਿੰਨਾਂ ਸਮਾਂ ਲੰਘ ਗਿਆ ਇਸੇ ਤਰ੍ਹਾਂ।

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥* ਅੰਗ- ੧੩੮

ਸੰਸਾਰ ਦੀ ਹਾਲਤ ਐਸੀ ਬਣ ਚੁੱਕੀ ਹੈ ਕਿ ਸਾਰਾ ਦਿਨ ਮਜੂਰੀ ਕਰਦੇ, ਦੌੜੇ ਹੀ ਫਿਰਦੇ ਹਾਂ। ਅੱਜ ਜ਼ਮਾਨੇ ਦੀ ਦੌੜ, ਇਕ ਦੂਜੇ ਤੋਂ ਅੱਗੇ ਨਿਕਲਣ ਦੇ ਯਤਨ ਹਨ। ਜਦੋਂ ਨਾਮ ਦੇ ਨਾਲ ਜੁੜਨ ਦਾ ਸਮਾਂ ਹੈ ਉਦੋਂ-

*ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥*
ਅੰਗ- ੧੧੪੩

ਇਹਨੂੰ ਕਿੰਨਾ ਭਾਰ ਲਗਦਾ ਹੈ। ਬਹੁਤ ਔਖਾ ਹੈ-

*ਕਲਜੁਗ ਨਾਨਕ ਨਾਮੁ ਸੁਖਾਲਾ।* *ਭਾਈ ਗੁਰਦਾਸ ਜੀ*

ਮਹਾਂਪੁਰਸ਼ਾਂ ਨੇ ਕ੍ਰਿਪਾ ਕੀਤੀ ਕਿ ਕਲਜੁਗੀ ਜੀਵਾਂ ਦੇ ਭਲੇ ਵਾਸਤੇ ਸਤਿਸੰਗ ਦੀ ਪਰੰਪਰਾ ਚਲਾਈ। ਸ਼ੁਰੂ

ਤੋਂ ਹੀ ਸਤਿਸੰਗ ਚਲਿਆ ਆਉਂਦੈ, ਸਤਿਜੁਗ ਤੋਂ ਹੀ।

ਤਾਰਾ ਰਾਣੀ, ਰਾਜਾ ਹਰੀ ਚੰਦ ਦੀ ਪਤਨੀ -

*ਰਾਤੀ ਜਾਇ ਸੁਣਹਿ ਗੁਰਬਾਣੀ।*

ਗੁਰਬਾਣੀ ਸੁਣਨ ਜਾਂਦੀ ਸੀ। ਸਤਿਸੰਗ ਕਰਨ ਜਾਂਦੀ ਸੀ। ਸਤਿਸੰਗ ਕਰੋ। ਸਾਰੇ ਕੰਮ ਹੋਣਗੇ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥*
*ਦੁਸਟ ਦੂਤ ਪਰਮੇਸਰਿ ਮਾਰੇ ॥*
*ਜਨ ਕੀ ਪੈਜ ਰਖੀ ਕਰਤਾਰੇ ॥* *ਅੰਗ- ੨੦੧*

ਉਸ ਘਰ ਦੇ ਵਿਚ ਸਥਿਰ ਹੋਣ ਦੀ ਲੋੜ ਹੈ। ਇਸੇ ਤਰ੍ਹਾਂ ਸਰੀਰ ਦੇ ਅੰਦਰ ਜਿੱਥੇ ਨਾਮ ਹੈ ਉਸ ਵਿਚ ਅਸਥਿਤੀ ਹੋ ਜਾਵੇ। ਕਿੰਨਾ ਸੁਹਾਵਣਾ ਹੋ ਜਾਵੇ। ਉਹ ਸਰੀਰ ਵੀ ਪੂਜਣਯੋਗ ਬਣ ਜਾਂਦਾ ਹੈ। ਉਥੇ ਜਿੱਥੇ ਵੀ ਚਰਨ ਪਾ ਦੇਵੇ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥*
*ਅੰਗ- ੩੧੯*

ਸਤਿਸੰਗ ਵਿਚ ਹਰ ਕੋਈ ਨਹੀਂ ਆ ਸਕਦਾ। ਸਤਿਸੰਗ 'ਚ ਤਾਂ ਜਦੋਂ ਕੋਈ ਪੂਰਬਲਾ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਵੇ, ਉਹ ਸਤਿਸੰਗ 'ਚ ਪਹੁੰਚਦਾ ਹੈ। ਇਥੇ ਆ ਕੇ ਵੀ ਜੇ ਕਰਮ ਨਾ ਬਣੇ ਹੋਣ ਤਾਂ ਨੀਂਦ ਆ ਜਾਂਦੀ ਹੈ, ਗੱਲ ਬਾਤ ਚਲਾ ਲੈਂਦੇ ਨੇ, ਉਠ ਕੇ ਫੇਰ ਘਰਾਂ ਨੂੰ ਹੀ ਚਲੇ ਜਾਂਦੇ ਨੇ। ਸਤਿਸੰਗ ਦਾ ਲਾਭ ਨਹੀਂ ਮਿਲਦਾ। ਕਿਉਂਕਿ ਕਰਮ ਫਲ ਦੇਣ ਵਾਸਤੇ ਤਿਆਰ ਨਹੀਂ ਹੋਏ। ਸੰਚਿਤ ਕਰਮ ਜਦੋਂ ਫਲ ਦੇਣ ਵਾਸਤੇ ਤਿਆਰ ਹੋ ਜਾਣ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਰਸੀਏ ਪੁਰਸ਼ ਦੀ ਸੰਗਤ ਮਿਲੀ, ਖੁਸ਼ਕ ਨਹੀਂ ਗਿਆਨਵਾਨ ਦੀ। ਭਗਤੀ ਸਹਿਤ ਗਿਆਨ, ਰਸੀਏ ਪੁਰਸ਼ ਫੇਰ ਇਕੱਠੇ ਹੋ ਕੇ ਸਤਿਸੰਗ ਕਰਦੇ ਹਨ। ਬਾਕੀ ਤਾਂ ਫੇਰ ਅਹੰਕਾਰ ਦੇ ਵਿਚ ਕੀਤੇ ਕਰਮਾਂ ਦੇ ਵਿਚ ਬੰਨ੍ਹੇ ਜਾਂਦੇ ਹਨ ਕਿਉਂਕਿ -

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*
*ਅੰਗ- ੧੪੨੮*

*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਰਹਾਉ ॥*
*ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ*
*॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥*
*ਅੰਗ- ੬੪੧*

ਹੁਣ ਮੋਨੀ ਕਿਵੇਂ ਬੈਠੇ ਨੇ, ਕਿੰਨੇ-ਕਿੰਨੇ ਸਾਲ ਦੇ। ਪਰ ਪਾਤਸ਼ਾਹ ਨੇ ਪ੍ਰਵਾਨ ਨਹੀਂ ਕੀਤਾ -

*ਬੋਲੈ ਨਾਹੀ ਹੋਇ ਬੈਠਾ ਮੋਨੀ ॥*
*ਅੰਤਰਿ ਕਲਪ ਭਵਾਈਐ ਜੋਨੀ ॥* *ਅੰਗ- ੧੩੪੮*

ਕਲਪਣਾ ਬੰਨ੍ਹ ਕੇ ਰਖਦੀ ਹੈ। ਨਿਕਲਣ ਨਹੀਂ ਦਿੰਦੀ ਇਸ ਮੰਡਲ 'ਚੋਂ। ਠੀਕ ਹੈ ਬੋਲਣ ਤੋਂ ਤਾਂ ਪਰਹੇਜ਼ ਕਰ ਲਿਆ ਪਰ -

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥* *ਅੰਗ- ੧*

ਚਾਹੇ ਕਿੰਨੀ ਦੇਰ ਹੀ ਬੈਠੇ ਰਹੋ, ਪਰ ਉਹਦੇ ਵਿਚ ਤਾਂ ਕਾਮਨਾਵਾਂ ਹਨ। ਅਸਲ 'ਚ ਤਾਂ ਇੰਦ੍ਰੀਆਂ ਦਾ ਮੋਨ ਹੋਇਆ ਕਰਦਾ ਹੈ। ਇਨ੍ਹਾਂ ਨੂੰ ਮਾੜੇ ਪਾਸੇ ਤੋਂ ਜਾਣ ਤੋਂ ਰੋਕਣਾ -

*ਮੋਨਿ ਭਇਓ ਕਰਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ॥* *ਅੰਗ- ੬੪੧*

'ਕਰਪਾਤੀ' ਜਿਵੇਂ ਹੱਥਾਂ 'ਤੇ ਹੀ ਲੈ ਕੇ ਛਕਦੇ ਨੇ। ਜਿਵੇਂ ਜੈਨ ਮੁਨੀ 24 ਘੰਟੇ 'ਚ ਉਹਨਾਂ ਨੇ ਇਕੋ ਵਾਰ ਛਕਣਾ ਹੁੰਦਾ ਹੈ, ਉਹ ਵੀ ਹੱਥਾਂ 'ਤੇ।

*ਜੈਨ ਮਾਰਗ ਸੰਜਮ ਅਤਿ ਸਾਧਨ ॥* *ਅੰਗ- ੨੬੫*

ਬਹੁਤ ਔਖੇ ਸਾਧਨ ਕਰਦੇ ਨੇ। ਦਿਗੰਬਰ ਰਹਿੰਦੇ ਨੇ, ਵਸਤਰ ਨਹੀਂ ਪਹਿਨਦੇ। ਕਿੱਡਾ ਉਹਨਾਂ ਦਾ ਹੱਠ ਹੈ। ਪਰ ਜੇ ਉਹ ਅਸਲ ਨਾਮ ਤਕ ਨਹੀਂ ਪਹੁੰਚੇ। ਕਈਆਂ ਨੇ ਐਸੇ ਪ੍ਰਣ ਕੀਤੇ ਹੁੰਦੇ ਨੇ, ਕਿਸੇ ਜਗ੍ਹਾ 'ਤੇ ਰੁਕਣਾ ਹੀ ਨਹੀਂ ਇਕ ਰਾਤ ਤੋਂ ਵੱਧ। ਪਰ ਇਹਨਾਂ ਕਰਮਾਂ ਨੂੰ ਖਾਸ ਮਹੱਤਤਾ ਨਹੀਂ ਦਿਤੀ -

*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥*
*ਅੰਗ- ੬੪੨*

ਅੰਦਰੋਂ ਜੇ ਨਹੀਂ ਮੈਲ ਗਈ, ਤੀਰਥਾਂ 'ਤੇ ਨਾਹੁੰਦਾ ਫਿਰੀ ਜਾਹ, ਉਹਦਾ ਐਨਾ ਫਲ ਨਹੀਂ ਮਿਲਦਾ। ਮਿਲਦਾ ਜ਼ਰੂਰ ਹੈ ਜੇ ਵਿਧੀ ਪੂਰਵਕ ਕਰਦੇ ਹਾਂ। ਕਹਿੰਦੇ ਫਿਰਦੇ ਹਾਂ ਕਿ ਮੈਂ ਐਨੀ ਵਾਰ ਗਿਆ, ਐਨਾ ਇਸ਼ਨਾਨ ਕੀਤਾ, ਪਰ ਕੀ ਹੋਇਆ -

*ਪਾਪ ਕਰਹਿ ਪੰਚਾਂ ਕੇ ਬਸਿ ਰੇ ॥*
*ਤੀਰਥਿ ਨਾਇ ਕਹਹਿ ਸਭਿ ਉਤਰੇ ॥* *ਅੰਗ- ੧੩੪੮*

ਪੰਜ ਇਹਨੂੰ ਭੁਲਾ ਦਿੰਦੇ ਨੇ। ਤੀਰਥਾਂ 'ਤੇ ਜਾਂਦੇ ਹਾਂ, ਉਹ ਵੀ ਪੂਰੀ ਵਿਧੀਪੂਰਵਕ ਤੀਰਥ ਯਾਤਰਾ ਕੀਤੀ ਜਾਵੇ, ਤਾਂ ਫਲ ਮਿਲਦਾ ਹੈ ਜੇ ਉਥੇ ਸਤਿਸੰਗ ਹੋਵੇ। ਜੇ ਸਾਧੂ ਇਕੱਠੇ ਹੁੰਦੇ ਨੇ ਕੁੰਭ ਲਗਦਾ ਹੈ, ਸਤਿਸੰਗ ਹੁੰਦਾ ਹੈ, ਅੰਤਰੰਗ ਸਾਧਨ ਦਸਦੇ ਹਨ, ਫੇਰ ਤਾਂ ਠੀਕ ਹੈ।

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥* *ਅੰਗ- ੬੮੭*

ਅਸਲ ਤੀਰਥ ਤਾਂ ਨਾਮੁ ਹੈ। ਪਰ ਹੋਇਆ ਕੀ-

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥*
*ਅੰਗ- ੭੮੯*

*ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥*
*ਅੰਗ- ੮੧੫*

ਮਨ ਤਾਂ ਵਸ ਆਉਂਦਾ ਨਹੀਂ -

*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥*
*ਅੰਗ- ੨੯੮*

ਜੇ ਸਾਧੂ ਸੰਗ ਹੋਵੇ, ਉਹ ਸਿਖਿਆ ਐਸੀ ਦੇਣਗੇ, ਦੀਖਸ਼ਾ ਐਸੀ ਦੇਣਗੇ ਕਿ ਤੂੰ ਮਨ ਨੂੰ ਸਾਧ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਜੇ ਅੰਦਰੋਂ ਨਹੀਂ ਤਬਦੀਲੀ ਆਈ, ਫੇਰ ਨਹੀਂ ਗੱਲ ਬਣਦੀ। ਅਸਲ 'ਚ ਮਿਸਾਲ ਨਾਲ ਮਹਾਂਪੁਰਸ਼ ਦਸ ਦਿੰਦੇ ਨੇ। ਕਬੀਰ ਸਾਹਿਬ ਨੂੰ ਵੀ ਪੰਡਤਾਂ ਨੇ ਕਿਹਾ ਕਿ ਤੀਰਥ ਇਸ਼ਨਾਨ ਲਈ ਚੱਲੋ। ਕਹਿੰਦੇ ਮੈਂ ਇਕ ਵਾਰੀ ਚੱਲਿਆ ਸੀ ਪਰ -

*ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨ੍ਹਿ ਫੁਰਮਾਈ ਗਾਇ॥ ਅੰਗ- ੧੩੭੫*

ਤੈਨੂੰ ਕੀਹਨੇ ਕਿਹਾ ਹੈ ਕਿ ਮੈਂ ਇਥੇ ਰਹਿੰਦਾ ਹਾਂ। ਰਹਿੰਦਾ ਤਾਂ ਤੇਰੇ ਅੰਦਰ ਹੀ ਹਾਂ। ਤੂੰ ਕਿਸ ਪਾਸੇ ਵਲ ਚੱਲ ਪਿਆ। ਕਹਿੰਦੇ, ਚਲੋ ਜੇ ਤੁਸੀਂ ਕਹਿੰਦੇ ਹੀ ਹੋ ਤਾਂ ਸਾਡੀ ਆਹ ਜਿਹੜੀ ਕੌੜ ਤੁੰਬੇ ਦੀ ਬਣੀ ਹੋਈ ਲਉਕੀ ਹੈ ਇਹਨੂੰ ਲੈ ਜਾਓ। ਉਹਨੂੰ ਉਹ ਲੈ ਗਏ। ਸਾਰੇ ਤੀਰਥਾਂ 'ਤੇ ਇਸ਼ਨਾਨ ਕਰਾ ਕੇ ਲਿਆਏ।

*ਲਉਕੀ ਅਠਸਠਿ ਤੀਰਥ ਨ੍ਹਾਈ ॥*
*ਕਉਰਾਪਨੁ ਤਊ ਨ ਜਾਈ ॥ ੨ ॥*
*ਕਹਿ ਕਬੀਰ ਬੀਚਾਰੀ ॥ ਭਵ ਸਾਗਰੁ ਤਾਰਿ ਮੁਰਾਰੀ ॥*
*ਅੰਗ- ੬੫੬*

ਸੁਭਾਅ ਤਾਂ ਫੇਰ ਵੀ ਨਾ ਬਦਲਿਆ। ਕਉੜ ਤੁੰਬੇ ਦੀ ਬਣੀ ਤੂੰਬੀ ਤੀਰਥਾਂ 'ਤੇ ਇਸ਼ਨਾਨ ਕਰਵਾ ਵੀ ਲਿਆਏ ਉਸ ਨੂੰ। ਜਦੋਂ ਉਹਦਾ ਪ੍ਰਸ਼ਾਦ ਵੰਡਣ ਲੱਗੇ, ਸਾਰੇ ਥੂ-ਥੂ ਕਰਦੇ ਨੇ ਕਿ ਇਹ ਤਾਂ ਕੌੜੀ ਦੀ ਕੌੜੀ ਰਹਿ ਗਈ। ਭਾਵ ਸੁਭਾਅ ਨਹੀਂ ਬਦਲਿਆ - '***ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥*** ' ਕਿੰਨੇ ਹੀ ਯਤਨ ਕਰ ਲਓ ਜਿਹੜੀ ਅੰਦਰ ਮਨ ਨੂੰ ਮੈਲ ਲੱਗੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਹੁਣ ਤੀਰਥਾਂ ਦੇ ਕੰਢੇ 'ਤੇ ਵੀ ਬੈਠ ਗਿਆ। ਤੀਰਥਾਂ 'ਤੇ ਜਾ ਕੇ ਕੀ ਕਰਦਾ ਹੈ, ਪਿਆਰ ਹੈ, ਮਨ 'ਚ ਤਾਂ ਵਿਕਾਰ ਨੇ। ਮਨ ਵਿਸ਼ਿਆਂ ਨਾਲ ਭਰਿਆ ਪਿਆ ਹੈ। ਨਾਮ 'ਚ ਨਿਵਾਸ ਕਿਵੇਂ ਹੋ ਜਾਵੇ? ਹੋਰ ਵੀ ਕਰਮ ਕਰਦਾ ਫਿਰਦਾ ਹੈ -

*ਕਨਿਕ ਕਾਮਿਨੀ ਹੈਵਰ ਗੈਵਰ*
*ਬਹੁ ਬਿਧਿ ਦਾਨੁ ਦਾਤਾਰਾ ॥ ਅੰਗ- ੬੪੨*

ਪਹਿਲੇ ਸਮਿਆਂ 'ਚ ਇਸਤ੍ਰੀ ਨੂੰ ਵੀ ਸ਼ਿੰਗਾਰ ਲਾ ਦਾਨ ਕਰ ਦਿੰਦੇ। ਪਰ ਇਹ ਕਰਮ ਨਹੀਂ ਫਲਦਾਇਕ ਹਨ।

*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥*
*ਅੰਗ - ੬੪੨*

ਕਿਉਂ ਨਹੀਂ ਫਲਦਾਇਕ ਹੁੰਦੇ ਇਹ ਕਿਉਂਕਿ ਕਲਜੁਗ ਦਾ ਸਮਾਂ ਹੈ।

ਇਹ ਤਾਂ ਸਤਿਪੁਰਸ਼ਾਂ ਕੋਲ ਜੁਗਤੀਆਂ ਹੁੰਦੀਆਂ, ਉਹ ਦਸਦੇ ਨੇ ਕਿ ਪਿਆਰਿਆ ਜੇ ਤੂੰ ਦਾਨ ਵੀ ਕਰਦਾ ਹੈਂ ਤਾਂ ਸੱਜੇ ਹੱਥ ਨਾਲ ਕੀਤਾ ਦਾਨ, ਖੱਬੇ ਹੱਥ ਤਕ ਨਾ ਪਤਾ ਲੱਗੇ। ਜਿਵੇਂ ਦਰਖ਼ਤ ਦੀ ਜੜ੍ਹ ਹੈ, ਜਦੋਂ ਇਕ ਜਗ੍ਹਾ ਤੋਂ ਪੁੱਟ ਕੇ ਦੂਜੀ ਜਗ੍ਹਾ 'ਤੇ ਲਾਉਣਾ ਹੋਵੇ। ਉਸ ਦਰਖ਼ਤ ਦੀ ਜੜ੍ਹ ਨੂੰ ਹਵਾ ਨਾ ਲੱਗੇ। ਹਵਾ ਲੱਗ ਗਈ ਤਾਂ ਫੇਰ ਉਹ ਦਰਖ਼ਤ ਸੁੱਕ ਜਾਂਦਾ ਹੈ। ਨਹੀਂ ਫਲੀਭੂਤ ਹੁੰਦਾ, ਇਸ ਕਰਕੇ -

*ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ਅੰਗ- ੪੬੬*

ਕਿ ਹਜ਼ਾਰਾਂ ਗੁਣਾਂ ਮਿਲੇ ਵੀ ਤੇ ਸੋਭਾ ਵੀ ਹੋਵੇ।

ਇਕ ਮਾਈ ਨੇ ਪ੍ਰਸ਼ਾਦਾ ਛਕਾਇਆ, ਕੋਠੇ ਚੜ੍ਹ ਗਈ। ਮਹਾਂਪੁਰਸ਼ ਕਹਿਣ ਲੱਗੇ ਕਿ ਕੀ ਵੇਖਦੀ ਹੈਂ? ਕਹਿੰਦੀ, ਮੈਂ ਵੇਖਦੀ ਹਾਂ ਕਿ ਮੈਨੂੰ ਬਬਾਨ ਲੈਣ ਆਉਂਣਗੇ?

ਮਹਾਂਪੁਰਸ਼ ਕਹਿਣ ਲੱਗੇ, ਕਿੱਥੇ ਮਾਈ -

*ਅਹਿਰਣ ਦੀ ਚੋਰੀ ਕਰੇ, ਸੂਈ ਕਰ ਦੀ ਦਾਨ।*
*ਕੋਠੇ ਚੜ੍ਹ ਕੇ ਦੇਖਦੀ ਕਿੱਥੋਂ ਆਣ ਬਿਬਾਨ।*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥*
*ਅੰਗ- ੧੩੭੯*

ਇਸ ਕਰਕੇ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- ੧੩੪*

ਹੁਣ ਹੋਰ ਵੀ ਅੱਗੇ ਦਸਿਆ ਹੈ -

*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥*
*ਅੰਗ- ੬੪੨*

ਛੇ ਤਰ੍ਹਾਂ ਦੇ ਖਟ ਕਰਮ ਹੁੰਦੇ ਨੇ। ਜਿਵੇਂ ਪੰਡਤ ਕਰਦੇ ਨੇ, ਵਿਦਿਆ ਪੜ੍ਹਨੀ, ਵਿਦਿਆ ਪੜ੍ਹਾਉਣੀ, ਯੱਗ ਕਰਨਾ, ਯੱਗ ਕਰਾਉਣਾ, ਦਾਨ ਦੇਣਾ, ਦਾਨ ਲੈਣਾ। ਇਹ ਖੱਟ ਕਰਮ ਹਨ। ਪਰ ਇਹ ਕਰਮ ਕਰਨ ਤੋਂ ਬਾਅਦ ਵੀ ਜੇ ਨਾਮ 'ਚ ਅਸਥਿਤੀ ਨਹੀਂ ਤਾਂ, ਇਕ ਫੋਕਟ ਕਰਮ ਹੀ ਬਣਾ ਜਾਂਦਾ ਹੈ। ਅਸਲ 'ਚ ਤਾਂ ਨਾਮ 'ਚ ਅਸਥਿਤ ਹੋ ਗਏ, ਨਾਮ ਨਾਲ ਜੁੜ ਗਏ, ਫੇਰ ਇਹ ਸਾਰੇ ਕਰਮ ਹੀ ਫਲੀਭੂਤ ਹੋ ਜਾਂਦੇ ਹਨ, ਨਹੀਂ ਤਾਂ ਪਿਆਰੇ -

*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥* ਅੰਗ - ੬੪੨

*ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥*
ਅੰਗ- ੬੪੩

ਗੱਲ ਨੁਕਤੇ ਦੀ ਹੈ। ਸਤਿਸੰਗ 'ਚ ਸਾਧੂ ਦਸਦੇ ਨੇ ਕਿ ਤੂੰ ਮੈਂ ਨੂੰ 'ਤੂੰ' ਵਿਚ ਬਦਲ ਦੇ। 'ਮੈਂ' 'ਤੂੰ' ਹੋ ਜਾ-

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥* ਅੰਗ- ੧੩੭੫

ਸਾਰਾ ਕੁਝ ਤੂੰ ਓਸ ਦਾ ਸਮਝ ਕੇ ਕਰ। ਇਕ ਡਿਊਟੀ ਸਮਝ ਕੇ ਕਰ। ਜ਼ਿੰਮੇਵਾਰੀ ਤੋਂ ਨਾ ਭੱਜ। ਜ਼ਿੰਮੇਵਾਰੀਆਂ ਨਿਭਾਉਂਦਾ ਹੋਇਆ ਜੁਗਤ ਨਾਲ ਮੁਕਤ ਹੋ ਸਕਦਾ ਹੈਂ। ਤੂੰ ਸਤਿਸੰਗ ਕਰ, ਅੰਤਰੰਗ ਸਾਧਨ ਕਰ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* ਅੰਗ- ੨੯੩

ਕਿਉਂਕਿ ਅਸੀਂ ਹਉਂ ਦੇ ਅਧੀਨ ਕੰਮ ਕਰਦੇ ਹਾਂ। ਕਰਮ ਕਰਦੇ ਹਾਂ। ਸਾਡੇ ਕੀਤੇ ਹੋਏ ਕਰਮ ਕਿਉਂ ਨਹੀਂ ਫਲ ਦਿੰਦੇ ਕਿਉਂਕਿ ਅਸੀਂ ਸਭ ਕੁਝ 'ਮੈਂ' 'ਚ ਕਰਦੇ ਹਾਂ, ਹਉਂ 'ਚ ਕਰਦੇ ਹਾਂ -

*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥ ੫ ॥*
*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ*
*॥ ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥* ਅੰਗ- ੬੪੨

ਜੋਗੀ ਲੰਮੀਆਂ ਉਮਰਾਂ ਪ੍ਰਾਣਾਯਾਮ ਨਾਲ ਕਰ ਲੈਂਦੇ ਹਨ। ਜਦੋਂ ਕਾਲ ਆਉਂਦੈ ਹੈ ਇਹਨਾਂ ਨੂੰ ਪਤਾ ਲਗ ਜਾਂਦਾ ਹੈ, ਦਸਮ ਦੁਆਰ 'ਚ ਸਵਾਸ ਚੜ੍ਹਾ ਲੈਂਦੇ ਹਨ। 'ਜਮ ਆਵਤ ਹੈ ਪਰ ਪਾਵਤ ਨਾਹੀ।' ਉਹ ਸਮਾਂ ਲੰਘਾ ਲੈਂਦੇ ਨੇ, ਸਵਾਸ ਰੋਕ ਲੈਂਦੇ ਨੇ, ਉਮਰਾਂ ਲੰਮੀਆਂ ਹੋ ਜਾਂਦੀਆਂ ਨੇ। ਅੱਜ ਵੀ ਹਿਮਾਲਿਆ ਤੋਂ ਉਪਰ ਚਲੇ ਜਾਓ, ਡਾ. ਸਵਾਮੀ ਰਾਮ ਜੀ ਦੇਹਰਾਦੂਨ ਵਾਲਿਆਂ ਨੇ ਬਹੁਤ ਖੋਜ ਕੀਤੀ। ਮਹਾਂਪੁਰਸ਼ਾਂ ਦੇ ਬੜੇ ਪ੍ਰੇਮੀ ਸਨੇਹੀ, ਮਿੱਤਰ ਪਿਆਰੇ, ਉਨ੍ਹਾਂ ਦੇ 'ਆਤਮ ਮਾਰਗ' ਵਿਚ ਲੇਖ ਛਪਦੇ ਹਨ। ਉਹਨਾਂ ਨੇ ਕਿੱਡੀ ਵੱਡੀ ਖੋਜ ਕੀਤੀ ਤੇ ਵੱਡੀਆਂ-ਵੱਡੀਆਂ ਉਮਰਾਂ ਦੇ ਸਾਧੂ ਗੁਫਾਵਾਂ ਦੇ ਵਿਚ ਬੈਠੇ ਨੇ। ਪਰ ਉਡੀਕ ਤਾਂ ਲੰਮੀ ਹੋ ਗਈ। ਆਉਣ ਜਾਣ ਦਾ ਚੱਕਰ ਨਹੀਂ ਖਤਮ ਹੋਇਆ।

*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*
ਅੰਗ- ੬੪੨

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
ਅੰਗ- ੭੦੭

ਕਿੰਨਾ ਕੁਝ ਵੀ ਹੋਵੇ ਜੇ ਨਾਮ 'ਚ ਨਹੀਂ ਅਸਥਿਤ ਹੋ ਸਕੇ। ਨਹੀਂ ਸ਼ਾਂਤੀ ਮਿਲਦੀ। ਇਸੇ ਕਰਕੇ ਵਿਧੀ ਪੁੱਛੀਏ ਗੁਰੂ ਮਹਾਰਾਜ ਨੂੰ ਕਿ ਇਹ ਕਿਵੇਂ ਮਨ ਸ਼ਾਂਤ ਹੋਵੇ। ਨਾਮ ਤੋਂ ਬਗੈਰ ਕਿਤੇ ਸ਼ਾਂਤੀ ਨਹੀਂ। ਅਸਲ ਸਤਿਸੰਗ ਉਸੇ ਨੂੰ ਕਿਹਾ ਮਹਾਰਾਜ ਜੀ ਨੇ ਜਿੱਥੇ ਨਾਮ ਦੀ ਵਿਚਾਰ ਹੋਵੇ। ਨਾਮ 'ਚ ਅਸਥਿਤ ਹੋ ਜਾਣਾ ਹੀ ਵੱਡੀ ਪ੍ਰਾਪਤੀ ਹੈ। ਨਹੀਂ ਤਾਂ ਕੀ ਹੁੰਦਾ ਹੈ -

*ਜਤੀ ਸਦਾਵਹਿ ਜੁਗਤਿ ਨ ਜਾਣਹਿ*
*ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥*
*ਮਃ ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ*
*ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥*
ਅੰਗ- ੪੬੯

ਇਸ ਕਰਕੇ ਅਸਲ ਗੱਲ ਤਾਂ ਨਾਮ 'ਤੇ ਜਾ ਕੇ ਸਾਰੀ ਪ੍ਰਾਪਤੀ ਹੋਣੀ ਹੈ। ਨਹੀਂ ਤਾਂ ਇਹ ਆਵਾਗਣ ਦਾ ਚੱਕਰ, ਦੁਖ-ਸੁਖ ਸਾਡੇ ਗਲ ਪਏ ਹੋਏ ਨੇ। ਅਸੀਂ ਖੁਸ਼ੀ-ਗਮੀ 'ਚ ਫਸੇ ਹੋਏ ਹਾਂ। ਸਤਿ, ਚਿੱਤ, ਅਨੰਦ ਦਾ ਉਹ ਦੇਸ਼ ਜੋ ਪ੍ਰਿਅ ਹੈ ਉਥੇ ਨਹੀਂ ਪਹੁੰਚ ਸਕੇ ਤੇ ਇਸੇ ਵਿਚ ਫਸ ਕੇ ਰਹਿ ਗਏ।

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥* ਅੰਗ- ੬੯੫

ਜਿਹੜਾ ਇਹਨੂੰ ਅੰਦਰੋਂ ਖੋਜਣ ਦੀ ਜੁਗਤ ਪ੍ਰਾਪਤ ਕਰ ਲਵੇ, ਉਹ ਅਸਲ ਪ੍ਰਾਪਤੀ ਹੈ ਜ਼ਿੰਦਗੀ ਦੀ। ਉਹ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* ਅੰਗ- ੬੪੨

ਜਦੋਂ ਤਕ ਕੋਈ ਪੂਰਬਲਾ ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਨਾ ਹੋਵੇ, ਨਹੀਂ ਸਤਿਸੰਗ 'ਚ ਪਹੁੰਚ ਸਕਦੇ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-49)*

ਇਸ ਪ੍ਰਸ਼ਨ ਉੱਤਰ ਨੂੰ ਗੁਰੂ ਜੀ ਨੇ ਆਪ ਸੂਹੀ ਮ: ੧ ਘਰ ੭ ਵਿਚ ਵਰਣਨ ਕੀਤਾ ਹੈ -***ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥ ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥ ਰਹਾਉ ॥ ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥ ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥ ਅੰਗ- 730***

ਇਹ ਗੱਲ ਤਾਂ ਸਮਝੀ, ਇਹ ਤਾਂ ਤੂੰ ਪ੍ਰਾਪਤ ਹੋ ਚੁੱਕਿਆਂ ਦੀ ਅਵਸਥਾ ਆਖੀ ਹੈ, ਤੂੰ ਸਾਧਕੀ ਤੇ ਤਪੀ ਜਾਪਦਾ ਹੈਂ, ਪਰ ਤੂੰ ਅਜੇ ਖੁੱਲ੍ਹਾ ਜਾਪਦਾ ਹੈਂ, ਤੂੰ ਜੋਗ ਦਾ ਭੇਖ ਲੈ ਕੇ ਦੀਖਯਾ ਪਾਉ! ਜੋਗ ਸਭ ਤੋਂ ਉੱਤਮ ਮਾਰਗ ਹੈ, ਜੋਗੀ ਬਣ, ਦਰਸ਼ਨ ਲੈ, ਮੁੰਦਰਾ ਪਹਿਨ ਤੇ ਕਿਸੇ ਦਾ ਹੋ ਕੇ ਰਹੁ, ਐਵੇਂ ਰਹਿਣਾ ਠੀਕ ਨਹੀਂ ਹੈ। ਤਦੋਂ ਗੁਰੂ ਜੀ ਨੇ ਉੱਤਰ ਦਿਤਾ - ਚਿੰਨ੍ਹਾਂ ਦੇ ਧਾਰਨ ਨਾਲ ਜੋਗੀ ਨਹੀਂ ਬਣ ਸਕੀਦਾ। ਗੋਦੜੀ, ਡੰਡਾ, ਭਸਮ, ਮੁੰਦਰਾ, ਸਿਰ ਦਾ ਮੁੰਡਣ, ਸਿੰਙੀ ਵਜਾਉਣੀ, ਇਨ੍ਹਾਂ ਦੇ ਧਾਰਨ ਕਰਨ ਦਾ ਨਾਮ ਜੋਗ ਨਹੀਂ ਹੈ। ਜੋਗ ਗੱਲਾਂ ਨਾਲ ਨਹੀਂ ਹੋ ਸਕਦਾ, ਫਿਰ ਮੜ੍ਹੀਆਂ ਤੇ ਮਸਾਣਾਂ ਵਿਚ ਜਾ ਬੈਠਣਾ ਜੋਗ ਪ੍ਰਾਪਤੀ ਨਹੀਂ ਹੈ, ਨਾ ਦੇਸਾਂ ਪਰਦੇਸਾਂ ਵਿਚ ਘੁੰਮਣਾ ਤੀਰਥੀ ਨ੍ਹਾਉਣਾ ਜੋਗ ਹੈ। ਨਾ ਸਰੀਰ ਅਕੜਾਕੇ ਅੱਖਾਂ ਮੀਟ ਕੇ ਯਾ ਕਿਸੇ ਸ਼ੈ ਤੇ ਨਜ਼ਰ ਜਮਾ ਕੇ ਬੈਠੇ ਰਹਿਣ ਦਾ ਨਾਮ ਜੋਗ ਹੈ, ਜਿਸ ਨੂੰ ਤਾੜੀ ਕਹਿੰਦੇ ਹੋ।

ਜੋਗੀ - ਫਿਰ ਜੋਗ ਕਿਸ ਦਾ ਨਾਮ ਹੈ?

ਗੁਰੂ ਜੀ - ਪਹਿਲਾਂ ਸਤਿਗੁਰ ਮਿਲੇ, ਫਿਰ ਸ਼ੱਕ ਸ਼ੁਭੇ ਦੂਰ ਹੋਣ, ਮਨ ਧਾਂਵਦੇ ਨੂੰ ਬੰਨ੍ਹ-ਬੰਨ੍ਹ ਰਖੀਏ ਤੇ ਮਨ ਦੇ ਵਿਚ ਹੀ ਮਨ ਨਾਲ ਪਰਚਾ ਪਾਈਏ ਕਿ ਮਨ ਨਾਮ ਜਪੇ, ਅਰਥਾਤ ਨਾਮ ਜਪਦਿਆਂ ਜੇ ਮਨ ਭੱਜੇ ਤਾਂ ਮਨ ਹੀ ਹੋਵੇ ਰੋਕਣ ਵਾਲਾ। ਜੇ ਮਨ ਟਿਕੇ ਤਾਂ ਮਨ ਹੀ ਹੋਵੇ ਪਤੀਜਕੇ ਸੁਖੀ ਹੋਣ ਵਾਲਾ, ਫੇਰ ਅੰਮ੍ਰਿਤ ਚੋਂਦਾ ਹੈ। ਉਹ ਇਸ ਤਰ੍ਹਾਂ ਕਿ ਸਹਿਜ ਦੀ ਸਮਾਧੀ ਲਗ ਜਾਂਦੀ ਹੈ ਜੋ ਰਸ ਰੂਪ ਹੁੰਦੀ ਹੈ। ਹਠ ਦੀ ਸਮਾਧੀ ਨਹੀਂ ਪਰ ਸਹਿਜ ਦੀ ਸਮਾਧੀ, ਅਰਥਾਤ ਉਠਦੇ ਬਹਿੰਦੇ ਟੁਰਦੇ ਫਿਰਦੇ ਗ੍ਰਿਹਸਤ ਦੇ ਵਿਚ ਹੀ ਮਨ ਸੁਤੇ ਸਿਧ ਸਾਂਈਂ ਵਿਚ ਲਿਵ ਲਾਈ ਰੱਖੇ ਤੇ ਆਤਮ ਖੇੜੇ ਵਿਚ ਰਹੇ। ਜੋ ਸਿੰਙੀ ਵਿਚ ਫੂਕ ਨਾਲ ਵਜਾ ਕੇ ਸ਼ਬਦ ਕੱਢਦੇ ਹੋ, ਉਹ ਸ਼ਬਦ ਨਹੀਂ ਹੈ। ਪਰ ਸ਼ਬਦ ਹੋਵੇ ਜੋ ਵਜਾਉਣ ਤੋਂ ਬਿਨਾਂ ਵੱਜੇ ਤੇ ਜਿਸ ਦਾ ਫਲ ਹੋਵੇ ਨਿਰਭੈ ਪਦ ਦੀ ਪ੍ਰਾਪਤੀ, ਇਸ ਤਰ੍ਹਾਂ ਦਾ ਜੋਗ ਪਾ ਕੇ ਦੂਰ ਬਨਾਂ ਪਹਾੜਾਂ ਵਿਚ ਨਾ ਲੁਕ ਬਹੀਏ ਪਰ ਮਾਇਆ ਜੋ ਸੁਰਮੇਂ ਵਾਂਗ ਕਾਲੀ ਤੇ ਕਾਲਿਆਂ ਕਰਨ ਵਾਲੀ ਹੈ, ਉਸ ਦੇ ਵਿਚ ਵਸੀਏ, ਐਸੀ ਜੁਗਤ ਪ੍ਰਾਪਤ ਕਰੀਏ ਕਿ ਵਿਚ ਵਸਦਿਆਂ ਨਿਰ-ਅੰਜਨ ਰਹੀਏ ਅਰਥਾਤ ਮਾਇਆ ਆਪਣੀ ਕਾਲਕ ਨਾ ਲਾ ਸਕੇ। ਇਹ ਜੀਵਨ ਜੀਉਂਦਿਆਂ ਮਰ ਰਹਿਣ ਦਾ ਜੀਵਨ ਹੈ; ਅਰਥਾਤ ਜੋ ਮਨ ਮਾਇਆ ਦੇ ਮੋਹ ਵਿਚ ਜੀਉਂਦਾ ਹੈ ਉਹ ਮਾਇਆ ਵਿਚ ਵਸਦਾ ਮਾਇਆ ਦੇ ਮੋਹ ਤੋਂ ਅਤੀਤ ਕਰਤਾਰ ਦੇ ਨਾਲ ਲਿਵ ਲੱਗੀ ਦੇ ਜੀਵਨ ਵਿਚ ਜੀਵੇ। ਬਨਾਂ ਵਿਚ ਭੱਜ ਕੇ ਨਾ ਮਾਇਆ ਤੋਂ ਬਚੀਏ, ਵਿਚੇ ਰਹਿ ਕੇ ਮਾਇਆ ਦੇ ਅਸਰ ਤੋਂ ਗਿਰਾਉਟ ਨਾ ਖਾਈਏ, ਇਹ ਜੀਵਤ ਮਰਨਾ ਹੈ।

ਇਹ ਵਾਰਤਾਲਾਪ ਸਤਿਗੁਰੂ ਜੀ ਨੇ ਇਕ ਸ਼ਬਦ ਵਿਚ ਵਰਣਨ ਕੀਤੀ ਹੈ -

*ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੧ ॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥ ੧ ॥ ਰਹਾਉ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੨ ॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥*

*ਨਿਝਰੁ ਝਰੈ ਸਹਜ  ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੩ ॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥ ੪ ॥ ੧ ॥ ੮ ॥ ਅੰਗ - ੭੩੦*

ਜਾਪਦਾ ਹੈ ਕਿ ਸਿੱਧ ਸਮਝ ਗਏ ਕਿ ਗੁਰੂ ਜੀ ਗੱਲ ਪੂਰੀ ਪਤੇ ਦੀ ਕਰਦੇ ਹਨ ਤੇ ਇਨ੍ਹਾਂ ਨੇ ਕੋਈ ਨਵੀਂ ਉਚੀ ਗੱਲ ਚਲਾਣੀ ਹੈ। ਇਨ੍ਹਾਂ ਨੇ ਬਹਿਸ ਨਾਲ ਨਹੀਂ ਸਾਡੇ ਰਾਹੇ ਟੁਰਨਾ, ਇਨ੍ਹਾਂ ਨੂੰ ਕਿਸੇ ਹੋਰ ਤਰ੍ਹਾਂ ਕਾਬੂ ਕਰੀਏ। ਤਦ ਰਾਤ ਨੂੰ ਜਦ ਜੋਗੀਆਂ ਵਿਚ ਪਿਆਲੇ ਦੇ ਦੌਰ ਚੱਲਣ ਦਾ ਵਕਤ ਆਇਆ ਤਾਂ ਗੁਰੂ ਜੀ ਨੂੰ ਸੱਦ ਘੱਲਿਆ ਤੇ ਭੰਗਰ ਨਾਥ ਨੇ ਆਪ ਪਿਆਲਾ ਭਰ ਕੇ ਗੁਰੂ ਜੀ ਦੇ ਅੱਗੇ ਕੀਤਾ। ਤਦ ਸਤਿਗੁਰਾਂ ਨੇ ਪੁਛਿਆ, ਭੰਗਰ ਨਾਥ, ਇਹ ਕੀ ਹੈ ਤੇ ਇਸ ਦੇ ਪੀਣ ਦਾ ਕੀ ਫਲ ਹੈ?

ਜੋਗੀ - ਇਹ ਪਿਆਲਾ ਹੈ ਰਸ ਦਾ। ਇਸ ਦੇ ਪੀਣੇ ਨਾਲ ਸਮਾਧੀ ਲਗਦੀ ਹੈ, ਫਿਰ ਮਸਤੀ ਵਿਚ ਅੰਮ੍ਰਿਤ ਧਾਰ ਚੋਂਦੀ ਹੈ ਤੇ ਅਨਾਹਦ ਸ਼ਬਦ ਵਜਦਾ ਹੈ ਤੇ ਉਸ ਮਸਤੀ ਵਿਚ ਦਰਸ਼ਨ ਹੁੰਦਾ ਹੈ।

ਗੁਰੂ ਜੀ - ਜੋਗੀ ਜੀ! ਇਹ ਜੋ ਤੁਸਾਂ ਰਸ ਬਣਾਇਆ ਹੈ, ਇਹ ਤਾਂ ਔਸ਼ਧੀਆਂ ਦਾ ਰਸ ਹੈ ਤੇ ਨਸ਼ਾ ਦੇਂਦਾ ਹੈ ਤੇ ਮੱਤ ਮਾਰਦਾ ਹੈ। ਫਿਰ ਇਹ ਨਸ਼ਾ ਚੜ੍ਹ ਕੇ ਬਾਉਰਿਆਂ ਕਰਕੇ ਉਤਰ ਜਾਂਦਾ ਹੈ ਤੇ ਮਗਰੋਂ ਟੋਟ ਪੈਂਦੀ ਹੈ। ਇਸ ਦੀ ਮਸਤੀ ਵਿਚ ਜੋ ਸ਼ਬਦ ਹੁੰਦਾ ਹੋਊ ਉਹ ਦਿਮਾਗ ਦੀ ਖੁਸ਼ਕੀ ਹੈ, ਜੋ ਨਸ਼ੇ ਵਿਚ ਦਰਸ਼ਨ ਹੋਣਗੇ ਸੋ ਭ੍ਰਾਂਤੀ। ਆਪਣੇ ਹੀ ਸੋਚੇ ਸਮਝੇ ਦੇਖੇ ਹੋਏ ਸਾਮਾਨ ਰੂਪ ਧਾਰੀ ਹੁੰਦੇ ਹਨ। ਜਿਥੇ ਹੋਸ਼ ਮਾਰੀ ਜਾਏ ਓਥੇ ਸ਼ਬਦ ਗਿਆਨ ਤੇ ਦਰਸ਼ਨ ਕਿੱਥੇ? ਓਥੇ ਤਾਂ ਤਮੋਗੁਣੀ ਹੋਵੇਗੀ। ਹੇ ਭੰਗਰ ਨਾਥਾ! ਅਸਾਂ ਨੇ ਜੋ ਸੁਰਾ ਬਣਾਈ ਹੈ ਸੋ ਸੁਣੋ - ਧਿਆਨ ਦੀ ਔਖਧੀ ਪਾਈ ਹੈ ਤੇ ਕਰਨੀ ਦੀ ਕਸ ਪਾਈ ਹੈ, ਪ੍ਰੇਮ ਦਾ ਪੋਚਾ ਤੇ ਗਿਆਨ ਦੀ ਅੱਗ ਬਾਲੀ ਹੈ, ਭਾਉ ਦਾ ਭਾਂਡਾਂ ਹੈ, ਸੁਰਤ ਦੀ ਨਾਲ ਹੈ। ਇਉਂ ਤਾਂ ਚੁਆਈ ਹੈ ਇਹ ਸੁਰਾ। ਫੇਰ ਚੁਆ ਕੇ ਅਸਾਂ ਇਹ ਦਇਆ ਦੀ ਸੁਰਾਹੀ ਵਿਚ ਪਾ ਕੇ ਰੱਖੀ ਹੈ ਤੇ ਸਹਜ ਦੇ ਪਿਆਲੇ ਪਾ ਕੇ ਪੀਤੀ ਹੈ, ਇਸ ਦਾ ਫਲ ਇਹ ਹੈ ਕਿ ਅੱਠ ਪਹਿਰ ਨਸ਼ਾ ਚੜ੍ਹਿਆ ਰਹਿੰਦਾ ਹੈ। ਉਸ ਨਸ਼ੇ ਦਾ ਰੂਪ ਕੀ ਹੈ ਕਿ ਹਰ ਜਾਏ ਹਰ ਰੰਗੇ ਕਰਤਾਰ ਪਿਆਰਾ ਦਿਸਦਾ ਹੈ। ਆਪਣੀ ਹੋਂਦ ਤੇ ਆਪਣੇ ਆਨੰਦ ਵਿਚ, ਸੁਗੰਧੀ ਵਾਂਗੂੰ ਵਿਆਪਕ ਤੇ ਸੂਖਮ, ਪਰ ਪ੍ਰਤੀਤ ਦੇਣਹਾਰ। ਇਹ ਦਰਸ਼ਨ ਨਾ ਹੱਦ ਵਾਲਾ ਆਨੰਦ ਦੇ ਰਿਹਾ ਹੈ, ਸਾਡੀ ਇਹੀ ਰੌ ਸਦਾ ਲਿਵ ਹੈ। ਇਹੋ ਸਾਡੀ ਸੁਰਾ ਹੈ।

ਇਸ ਵੇਲੇ ਜੋ ਗੱਲਬਾਤ ਛਿੜੀ ਸੀ ਲੰਮੇਰੀ ਹੋ ਗਈ, ਜਿਸ ਵਿਚ ਗੁਰੂ ਜੀ ਨੇ ਉਹਨਾਂ ਦਾ ਪਿਆਲਾ ਪੀਣਾ ਨਾ ਮੰਨਿਆ ਤੇ ਨਾ ਉਹ ਉਕਤ ਜੁਗਤ ਨਾਲ ਗੁਰੂ ਜੀ ਨੂੰ ਮਨਾ ਸਕੇ। ਹੋਰ ਵਿਸ਼ਿਆਂ ਤੇ ਬੀ ਵਾਰਤਾਲਾਪ ਵਿਚ ਉਹ ਜਿੱਤ ਨਾ ਪਾ ਸਕੇ। ਤਦ ਉਹਨਾਂ ਨੂੰ ਖਿਝ ਚੜ੍ਹ ਗਈ। ਹਾਰ ਦਾ ਫਲ ਖਿੱਝ ਪ੍ਰਸਿੱਧ ਹੈ। ਪਹਿਲੇ ਤਾਂ ਉਹਨਾਂ ਨੂੰ ਡਰਾ ਧਮਕਾ ਕੇ ਬਦਸਲੂਕੀ ਕਰਕੇ ਭਜਾ ਨਾ ਸਕੇ। ਦੂਜੇ ਉਹਨਾਂ ਨੂੰ ਸ਼ਰਾਬ ਪਿਲਾ ਕੇ ਮਸਤ ਕਰਕੇ ਆਪਣੇ ਨਾਲ ਨਾ ਰਲਾ ਸਕੇ। ਤੀਜੇ ਬਹਿਸ ਵਿਚ ਹਰਾ ਨਾ ਸਕੇ। ਹੁਣ ਚੌਥੀ ਖੇਡ ਉਨ੍ਹਾਂ ਨੇ ਇਹ ਰਚਾਈ ਕਿ ਜੋ ਨਾਟਕਾ ਚੇਟਕਾਂ ਵਿਚ ਉਹ ਆਪ ਨੂੰ ਤਕੜੇ ਸਮਝਦੇ ਸੇ ਉਹਨਾਂ ਵਿਚ ਗੁਰੂ ਜੀ ਨੂੰ ਸ਼ਕਤੀਹੀਨ ਸਾਬਤ ਕਰਨ। ਗੁਰੂ ਜੀ ਸਿੱਧੀਆਂ ਤੇ ਕਰਾਮਾਤਾਂ ਨੂੰ ਮੁਕਤੀ ਮਾਰਗ ਵਿਚ ਸੁਖਦਾਈ ਨਹੀਂ, ਸਗੋਂ ਬੰਧਨ ਦੱਸਿਆ ਕਰਦੇ ਸੇ। ਸਤਿਨਾਮ ਵਿਚ ਸਹਿਜ ਸਮਾਧੀ ਲੱਗੀ ਰਹਿਣ ਨੂੰ ਆਪ ਅਸਲ ਕਰਾਮਾਤ ਦਸਦੇ ਸੇ। ਆਪ ਧੁਰੋਂ ਅਵਤਾਰ ਹੋ ਕੇ ਆਏ ਸੇ; ਸਦਾ ਅਕਾਲ ਪੁਰਖ ਦੀ ਲਿਵ ਵਿਚ ਵਸਦੇ ਸੇ। ਤਾਕਤਾਂ ਆਪ ਅੱਗੇ ਮੌਜੂਦ ਸਨ, ਜਿਨ੍ਹਾਂ ਨੂੰ ਵਰਤਦੇ ਨਹੀਂ ਸੀ। ਜੇ ਕਦੇ ਕੋਈ ਆਤਮ ਸ਼ਕਤੀ ਵਰਤੀ ਹੈ ਤਾਂ ਉਪਕਾਰ ਹਿਤ ਜਾਂ ਕਿਸੇ ਦੇ ਮਨ ਨੂੰ ਹਠ (ਜ਼ਿੱਦ) ਤੋਂ ਕੱਢਣ ਹਿਤ ਯਾ ਜੋਗੀਆਂ ਆਦਿਕਾਂ ਨੂੰ ਉਨ੍ਹਾਂ ਦੀਆਂ ਸਿੱਧੀਆਂ ਦੀ ਤੁੱਛਤਾ ਦੱਸਣ ਨਮਿਤ। ਏਕਾਗਰ ਮਨ ਤਾਕਤਵਰ ਹੁੰਦਾ ਹੈ ਤੇ ਏਥੇ ਤਾਂ ਸਾਂਈਂ ਨਾਲ ਸਦਾ ਜੁੜੇ ਮਨ ਵਾਲੇ ਧੁਰੋਂ ਆਏ ਦਾਤਾ ਜੀ ਸਨ। ਤਾਕਤਾਂ ਸ਼ਕਤੀਆਂ ਦਾ ਜ਼ੋਰ ਸਿੱਧ ਲਾਉਣ, ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਸਿੱਧਾਂ ਆਪਣੀਆਂ ਗੋਦੜੀਆਂ ਤੇ ਮ੍ਰਿਗਛਾਲਾ ਆਦਿ ਮਾਨਸਿਕ ਸ਼ਕਤੀ ਨਾਲ ਹਵਾ ਵਿਚ ਉਡਾਈਆਂ ਤਾਂ ਮਰਦਾਨੇ ਆਖਿਆ ਮਹਾਰਾਜ! ਇਹਨਾਂ ਨੂੰ ਸਿੱਧਾ ਕਰੋ ਤੇ ਇਹਨਾਂ ਦਾ ਮਾਨ ਤੋੜੋ। ਨਹੀਂ ਤਾਂ ਮੈਨੂੰ ਸਰਮ ਆਸੀ। ਤਾਂ ਗੁਰੂ ਜੀ ਦੀ ਖੜਾਂਵ ਉਡੀ ਤੇ ਜੋਗੀਆਂ ਦੇ ਸਾਮਾਨ ਅੱਗੇ ਭੱਜੇ ਪਏ ਫਿਰਨ ਜਾਂ ਸਿੱਧਾਂ ਹਾਰ ਮੰਨੀ ਤਾਂ ਖੜਾਂਵ ਬੀ ਹੇਠ ਉਤਰੀ।

*'ਚਲਦਾ.........।'*

# ਭਾਈ ਨੰਦ ਲਾਲ ਜੀ
## ਗਜ਼ਲਾਂ

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-45)*

### 5.

**ਰਹਿ-ਰਸਾਨਿ ਰਾਹਿ ਹੱਕ ਆਮਦ ਅਦਬ**
**ਹਮ ਬਦਿਲ ਯਾਦਿ ਖੁਦਾ ਵ ਹਮ ਬਲਬ।**

ਰੱਬ ਦੇ ਰਸਤੇ ਟੁਰਨ ਵਾਲੇ ਪਾਂਧੀਆਂ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਦਿਲ ਵਿਚ ਵੀ ਉਸ ਦੀ ਯਾਦ ਹੋਵੇ ਅਤੇ ਉਨ੍ਹਾਂ ਦੇ ਬੁਲ੍ਹਾਂ ਪਰ ਵੀ ਉਸ ਦਾ ਸਿਮਰਨ।

**ਹਰ ਕੁਜਾ ਦੀਦੇਮ ਅਨਵਾਰਿ ਖੁਦਾ**
**ਬਸਕਿ ਅਜ਼ ਸੁਹਬਤਿ ਬਜ਼ੁਰਗਾਂ ਸ਼ੁਦ ਜਜ਼ਬ।**

ਅਸਾਂ ਹਰ ਥਾਂ ਰੱਬ ਦੇ ਨੂਰ ਨੂੰ ਮਹਾਂਪੁਰਖਾਂ ਦੀ ਸੰਗਤ ਵਿਚ ਜਜ਼ਬ ਹੁੰਦਿਆਂ ਵੇਖਿਆ।

**ਚਸ਼ਮਿ-ਮਾ ਗੈਰ ਅਜ਼ ਜਮਾਲਸ਼ ਵਾ ਨਾ ਸ਼ੁਦ**
**ਜਾਂ ਕਿ ਜੁਮਲਾ ਖ਼ਲਕ ਰਾ ਦੀਦੇਮ ਰੱਬ।**

ਸਾਡੀ ਅੱਖ ਉਸ ਦੇ ਜਮਾਲ ਤੋਂ ਬਿਨਾਂ ਅਸਲੋਂ ਨਾ ਖੁਲ੍ਹੀ, ਕਿਉਂ ਜੋ ਅਸਾਂ ਸਾਰੀ ਖਲਕਤ ਵਿਚ ਰੱਬ ਨੂੰ ਵੇਖਿਆ।

**ਖ਼ਾਕਿ ਕਦਮਸ਼ ਰੌਸ਼ਨੀਇ ਦਿਲ ਕੁਨਦ,**
**ਗਰ ਤੁਰਾਬਾ ਸਾਲਿਕਾਂ ਬਾਸ਼ਦ ਨਸਬ।**

ਉਸ ਦੇ ਚਰਨਾਂ ਦੀ ਧੂੜ ਦਿਲ ਨੂੰ ਚਾਨਣ ਕਰ ਦਿੰਦੀ ਹੈ, ਜੇ ਤੇਰਾ ਇਸ ਰਾਹ ਤੇ ਚਲਣ ਵਾਲਿਆਂ ਨਾਲ ਸੰਬੰਧ ਹੋਵੇ।

**ਕੀਸਤ ਗੋਯਾ ਕੁ ਮੁਰਾਦਿ ਦਿਲ ਨਾ ਯਾਫ਼ਤ**
**ਹਰ ਕਸੇ ਬਾ ਨਫਸਿ ਖੁਦ ਕਰਦਾ ਗਜ਼ਬ।**

ਉਹ ਕੌਣ ਹੈ, ਗੋਯਾ, ਜਿਸ ਦੇ ਦਿਲ ਦੀ ਮੁਰਾਦ ਪੂਰੀ ਨਹੀ ਹੋਈ, ਜਿਸ ਕਿਸੇ ਨੇ ਭੀ ਆਪਣੇ ਮਨ (ਹਉਮੈ) ਨੂੰ ਮਾਰ ਲਿਆ ਹੋਵੇ।

### 6.

**ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸਤ**
**ਚਸ਼ਮ ਗਰ ਬੀਨਾ ਬਵਦ ਦਰ ਹਰ ਤਰਫ਼ ਦੀਦਾਰ ਹਸਤ।**

ਹਰ ਪਾਸੇ ਦੀਦਾਰੇ ਹਨ, ਪਰੰਤੂ ਵੇਖਣ ਵਾਲੀ ਅੱਖ ਕਿੱਥੇ ਹੈ? ਹਰ ਤਰਫ਼ ਤੂਰ ਦੀ ਪਹਾੜੀ ਹੈ, ਹਰ ਪਾਸੇ ਨੂਰ ਦਾ ਭਾਂਬੜ ਹੈ।

**ਸਰ ਅਗਰ ਦਾਰੀ ਬਿਰੌ ਸਰ ਰਾ ਬਿਨਿਹ ਬਰ ਪਾਇ ਊ**
**ਜਾਂ ਅਗਰ ਦਾਰੀ ਨਿਸਾਰਿਸ਼ ਕੁਨ ਅਗਰ ਦਰਕਾਰ ਹਸਤ।**

ਜੇ ਤੇਰੇ ਕੋਲ ਸਿਰ ਹੈ, ਤਾਂ ਜਾ, ਜਾ ਕੇ ਸਿਰ ਨੂੰ ਉਸ ਦੇ ਚਰਨਾਂ ਤੇ ਦਰ ਦੇ, ਅਤੇ ਜੇ ਤੇਰੇ ਪੈਰਾਂ ਵਿਚ ਟੁਰਨ ਦੀ ਤਾਂਘ ਹੈ, ਤਾਂ ਉਸ ਸੱਜਨ ਵੱਲ ਨੂੰ ਟੁਰ।

**ਗੋਸ਼ ਅਗਰ ਸ਼ੁਨਵਾ ਬਵਦ ਜਜ਼ ਨਾਮਿ ਹੱਕ ਕੈ ਬਿਸ਼ਨਵਦ**
**ਵਰ ਜ਼ੁਬਾਂ ਗੋਯਾ ਬਵਦ ਦਰ ਹਰ ਸੁਖਨ ਅਸਰਾਰ ਹਸਤ।**

ਕੰਨ ਜੇ ਕਰ ਸੁਣਨ ਵਾਲੇ ਹੋਣ ਤਾਂ ਰੱਬ ਦੇ ਨਾਮ ਬਿਨਾਂ ਕਦ ਕੁਝ ਹੋਰ ਸੁਣਦੇ ਹਨ? ਅਤੇ ਜੇਕਰ ਜੀਭਾ ਬੋਲਣ ਵਾਲੀ ਹੋਵੇ ਤਾਂ ਗੱਲ-ਗੱਲ ਵਿਚ ਗੁੱਝੀ ਰਮਜ਼ ਹੋਵੇਗੀ।

**ਬ੍ਰਹਮਨ ਮੁਸ਼ਤਾਕਿ ਬੁੱਤ ਜ਼ਾਹਿਦ ਫ਼ਿਦਾਇ ਖ਼ਾਨਕਾਹ**
**ਹਰ ਕੁਜਾ ਜਾਮਿ ਮੁਹੱਬਤ ਦੀਦਾਅਮ ਸਰਸ਼ਾਰ ਹਸਤ।**

ਬ੍ਰਾਹਮਣ ਆਪਣੀ ਮੂਰਤੀ ਦਾ ਸ਼ਰਧਾਲੂ ਹੈ ਅਤੇ ਮੋਮਨ ਖ਼ਾਨਕਾਹ ਦਾ। ਮੈਂ ਜਿੱਥੇ ਵੀ ਪ੍ਰੇਮ ਪਿਆਲਾ ਡਿੱਠਾ ਹੈ ਮਸਤ ਹੋ ਗਿਆ ਹਾਂ।

**ਬੇ-ਅਦਬ ਪਾ ਰਾ ਮਨਿਹ ਮਨਸੂਰ ਵਸ਼ ਦਰ ਰਾਹਿ ਇਸ਼ਕ**
**ਰਾਹ-ਰਵਿ ਈਂ ਰਾਹ ਰਾ ਅੱਵਲ ਕਦਮ ਬਰ ਦਾਰ ਹਸਤ।**

ਬੇਅਦਬੀ ਨਾਲ ਮਨਸੂਰ ਵਾਂਗ ਪ੍ਰੀਤ ਦੀ ਰਾਹ ਉਤੇ ਕਦਮ ਨਾ ਰੱਖੀਂ। ਇਸ ਰਾਹ ਤੇ ਚੱਲਣ ਵਾਲੇ ਪਾਂਧੀ ਦਾ ਪਹਿਲਾ ਕਦਮ ਤਾਂ ਸੂਲੀ ਉਤੇ ਹੁੰਦਾ ਹੈ।

**ਹਰ ਚਿ ਦਾਰੀ ਦਰ ਬਸਾਤਿ ਖੁਦ ਨਿਸਾਰਿ ਯਾਰ ਕੁਨ**
**ਗਰ ਤੁਰਾ ਮਾਨਿੰਦਿ ਗੋਯਾ ਤਬਆਇ ਗੋਹਰ ਬਾਰ ਹਸਤ।**

ਜੇ ਤੇਰੀ ਤਬੀਅਤ ਗੋਯਾ ਵਾਂਗ ਮੋਤੀ ਵਰ੍ਹਾਉਣ ਵਾਲੀ ਹੈ, ਤਾਂ ਵੀ ਜੋ ਕੁਝ ਤੇਰੇ ਕੋਲ ਹੈ, ਆਪਣੇ ਸੱਜਨ ਤੋਂ ਵਾਰ ਦੇ।

### 7.

**ਗਦਾਇ ਕੂਇ ਤੁਰਾ ਮੈਲਿ ਬਾਦਸ਼ਾਹੀ ਨੀਸਤ**
**ਹਵਾਇ ਸਲਤਨਤੋ ਜ਼ੋਕਿ ਕਜਕੁਲਾਹੀ ਨੀਸਤ।**

ਤੇਰੀ ਗਲੀ ਦੇ ਮੰਗਤੇ ਨੂੰ ਬਾਦਸ਼ਾਹੀ ਦੀ ਇੱਛਾ ਨਹੀਂ। ਉਸ ਨੂੰ ਨਾ ਤਾਂ ਰਾਜ ਦੀ ਚਾਹ ਹੈ, ਨਾ ਹੀ ਬਾਦਸ਼ਾਹੀ ਟੇਢੀ ਟੋਪੀ ਦੀ।

**ਹਰ ਆਂ ਕਿ ਮਮਲਕਤਿ ਦਿਲ ਗ੍ਰਿਫ਼ਤ ਸੁਲਤਾਂ ਸ਼ੁਦ**

**ਕਸੇ ਕਿ ਯਾਫ਼ਤ ਤੁਰਾ ਹਮਚੂ ਓ ਸਿਪਾਹੀ ਨੀਸਤ।**

ਜਿਸ ਕਿਸੇ ਨੇ ਦਿਲ ਦਾ ਮੁਲਕ ਜਿੱਤ ਲਿਆ, ਸਮਝੋ, ਉਹ ਸੁਲਤਾਨ ਹੋ ਗਿਆ। ਜਿਸ ਕਿਸੇ ਨੇ ਤੈਨੂੰ ਲੱਭ ਲਿਆ, ਸਮਝੋ, ਉਸ ਵਰਗਾ ਹੋਰ ਕੋਈ ਸਿਪਾਹੀ ਨਹੀਂ।

**ਗਦਾਇ ਕੂਇ ਤੁਰਾ ਬਾਦਸ਼ਾਹਿ ਹਰ ਦੋ ਸਰਾ-ਸਤ**

**ਅਸੀਰਿ ਜ਼ੁਲਫ਼ਿ ਤੁਰਾ ਹਾਜਤਿ ਗਵਾਹੀ ਨੀਸਤ।**

ਤੇਰੀ ਗਲੀ ਦਾ ਭਿਖ-ਮੰਗਾ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ। ਤੇਰੇ ਫੁੱਟਦੇ ਵਾਲਾਂ ਦੇ ਕੈਦੀ ਨੂੰ ਲੋੜ ਛੁਟਕਾਰੇ ਦੀ ਨਹੀਂ।

**ਕੁਦਾਮ ਦੀਦਾ ਕਿ ਦਰ ਵੈ ਸਵਾਦਿ ਨੂਰਿ ਤੂ ਨੀਸਤ**

**ਕੁਦਾਮ ਸੀਨਾ ਕਿ ਊ ਮਖ਼ਜ਼ਨਿ ਇਲਾਹੀ ਨੀਸਤ।**

ਕਿਹੜੀ ਹੈ ਉਹ ਅੱਖ, ਜਿਸ ਵਿਚ ਤੇਰੇ ਨੂਰ ਦੀ ਚਮਕ ਨਹੀਂ? ਕਿਹੜੀ ਹੈ ਉਹ ਛਾਤੀ, ਜਿਸ ਵਿਚ ਰੱਬੀ ਖ਼ਜ਼ਾਨੇ ਨਹੀਂ।

**ਫ਼ਿਦਾਇ ਊ ਸ਼ੌ ਵ ਉਜਰੇ ਮਖ਼ਾਹ ਐ ਗੋਯਾ**

**ਕਿ ਦਰ ਤਰੀਕਤਿ-ਮਾਜਾਇ ਉਜ਼ਰ ਖ਼ਾਹੀ ਨੀਸਤ।**

ਉਸ ਤੋਂ ਕੁਰਬਾਨ ਹੋ ਜਾ, ਇਸ ਵਿਚ ਹੀਲ ਹੁੱਜਤ ਨਾ ਕਰ, ਐ ਗੋਯਾ। ਕਿਉਂ ਜੋ ਸਾਡੀ ਰੀਤ ਵਿਚ ਹੀਲ ਹੁੱਜਤ ਦੀ ਕੋਈ ਥਾਂ ਨਹੀਂ।

8.

**ਅਜ਼ ਪੇਸ਼ਿ ਚਸ਼ਮ ਆਂ ਬੁਤਿ ਨਾਂ-ਮਿਹਰਬਾਂ ਗੁਜ਼ਸਤ**

**ਜਾਨਾਂ ਗੁਜ਼ਸ਼ਤ ਤਾ ਜ਼ਿ ਰਹੇ ਦੀਦਾ ਜਾਂ ਗੁਜ਼ਸ਼ਤ।**

ਅੱਖਾਂ ਅੱਗੋਂ ਉਹ ਨਾਂ-ਮਿਹਰਬਾਨ ਪਿਆਰਾ ਲੰਘ ਗਿਆ, ਪਿਆਰਾ ਲੰਘਿਆ ਕਿ ਅੱਖਾਂ ਰਾਹੀਂ ਜਾਨ ਲੰਘ ਗਈ।

**ਰੰਗਸ਼ ਕਬੂਦ ਕਰਦ ਵ ਦਿਲਸ਼ ਪੁਰ ਸ਼ਰਾਰਾ ਸਾਖ਼ਤ**

**ਅਜ਼ ਬਸਕਿ ਦੂਦਿ ਆਹਿ ਮਨ ਅਜ਼ ਆਸਮਾਂ ਗੁਜ਼ਸ਼ਤ।**

ਮੇਰੀਆਂ ਆਹਾਂ ਦਾ ਧੂੰਆਂ ਇੰਨਾਂ ਜ਼ਿਆਦਾ ਆਸਮਾਨ ਤੋਂ ਲੰਘ ਗਿਆ, ਕਿ ਉਸ ਨੇ ਆਸਮਾਨ ਦਾ ਰੰਗ ਨੀਲਾ ਕਰ ਦਿਤਾ ਅਤੇ ਉਸ ਦਾ ਦਿਲ ਸਾੜ ਦਿਤਾ।

**ਮਾ ਰਾ ਬ-ਯੱਕ ਇਸ਼ਾਰਾਇ ਅਬਰੂ ਸ਼ਹੀਦ ਕਰਦ**

**ਅਕਨੂੰ ਇਲਾਜ ਨੀਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ**

ਉਸ ਨੇ ਸਾਨੂੰ ਆਪਣੀਆਂ ਭਵਾਂ ਦੇ ਇਕੋ ਇਸ਼ਾਰੇ ਨਾਲ ਸ਼ਹੀਦ ਕਰ ਦਿਤਾ। ਪਰ ਹੁਣ ਕੋਈ ਇਲਾਜ ਨਹੀਂ ਜਦ ਕਿ ਤੀਰ ਕਮਾਨ ਤੋਂ ਨਿਕਲ ਗਿਆ।

**ਯੱਕ ਦਮ ਬ-ਖੇਸ਼ ਰਾਹ ਨ ਬੁਰਦਮ ਕਿ ਕੀਸਤਮ,**

**ਐ ਵਾਇ ਨਕਦ ਜ਼ਿੰਦਗੀਅਮ ਰਾਇਗਾਂ ਗੁਜ਼ਸ਼ਤ।**

ਮੈਂ ਇਕ ਪਲ ਲਈ ਵੀ ਆਪਣੇ ਅਸਲੇ ਨੂੰ ਨਾ ਪਾ ਸਕਿਆ - ਨਾ ਜਾਣ ਸਕਿਆ ਕਿ ਮੈਂ ਕੌਣ ਹਾਂ? ਅਫ਼ਸੋਸ! ਮੇਰੀ ਜ਼ਿੰਦਗੀ ਦੀ ਰਾਸ ਸਭ ਐਵੇਂ ਹੀ ਚਲੀ ਗਈ।

**ਹਰਗਿਜ਼ ਬ-ਸੈਰਿ ਰੌਜ਼ਾਇ ਰਿਜ਼ਵਾਂ ਨਮੀ ਰਵਦ**

**ਗੋਯਾ ਕਸੇ ਕਿ ਜਾਨਬਿ ਕੂਇ ਬੁਤਾਂ ਗੁਜ਼ਸ਼ਤ।**

ਗੋਯਾ! ਜੇ ਇਕ ਵਾਰ ਵੀ ਕੋਈ ਪਿਆਰੇ ਦੀ ਗਲੀ ਵਲੋਂ ਲੰਘ ਗਿਆ, ਉਹ ਮੁੜ ਕਦੀ ਬਹਿਸ਼ਤ ਦੇ ਬਾਗ ਦੀ ਸੈਰ ਲਈ ਨਹੀਂ ਜਾਂਦਾ।

*'ਚਲਦਾ........।'*

## ਜ਼ਰੂਰੀ ਬੇਨਤੀਆਂ

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਨੂਰਾਨੀ ਮਿਲਾਪ - 5

**(ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 2019 ਵਿਚ 550 ਸਾਲਾ ਪ੍ਰਕਾਸ਼ ਸਤਾਬਦੀ ਨੂੰ ਸਮਰਪਿਤ)**

***ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥***

***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥(ਅੰਗ-612)***

*(ਡਾ.) ਭਾਈ ਸੁਖਵਿੰਦਰ ਸਿੰਘ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)*

## ਕਾਦਰ ਦੀ ਕੁਦਰਤ

## ਖੇਤ ਹਰਾ ਭਰਾ

*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ ਅੰਗ - ੩੧੦*

ਜਿਥੇ ਵੀ ਸਤਿਗੁਰੂ ਦੀ ਦ੍ਰਿਸ਼ਟੀ ਪਈ ਉਹ ਬਨਸਪਤੀ ਵੀ ਮੌਲਣੀ ਸ਼ੁਰੂ ਹੋ ਗਈ। ਓਥੇ ਨਵੀਂ ਬਹਾਰ ਆਈ, ਨਵੀਂ ਰੌਂ ਰੁਮਕੀ। ਕਾਦਰ ਦਾ ਕੁਦਰਤ ਨਾਲ ਸਦਾ ਸੁਮੇਲ ਰਹਿੰਦਾ ਹੈ। ਕਾਦਰ ਦੀ ਕੁਦਰਤ ਨਾਲ ਗਲਵੱਕੜੀ ਹੈ। ਜੇ ਬਨਸਪਤੀ ਮੌਲਦੀ ਹੈ ਤਾਂ ਮਨੁੱਖ ਕਿਵੇਂ ਪਿੱਛੇ ਰਹਿ ਸਕਦਾ ਹੈ। ਜੀਅ ਜੰਤ ਵੀ ਹਰਿਆਵਲ ਨੂੰ ਪ੍ਰਾਪਤ ਹੋਏ। ਨਵੀਂ ਜੀਵਨ ਜੁਗਤਿ ਪ੍ਰਾਪਤ ਕਰਕੇ ਨਾਮ ਬਾਣੀ ਦੀ ਰੌਂ ਰੁਮਕੀ। ਬਾਲ ਸਤਿਗੁਰੂ ਤੁਰਨ ਫਿਰਨ ਲੱਗੇ ਪਰ ਹਰ ਵਕਤ ਸੁਰਤੀ ਬਿਰਤੀ ਨਾਮ ਬਾਣੀ ਵਿਚ ਲੱਗੀ ਰਹਿੰਦੀ। ਸਾਧੂਆਂ ਦੀ ਸੰਗਤ ਵਿਚ ਵੱਧ ਤੋਂ ਵੱਧ ਸਮਾਂ ਬਤੀਤ ਕਰਨਾ। ਪਿਤਾ ਜੀ ਘਰ ਦੇ ਆਹਰ ਵਿਚ ਲਾਉਣਾ ਚਾਹੁੰਦੇ ਸੀ। ਕੋਈ ਘਰੇਲੂ ਕਾਰਜ ਦਿਤਾ ਜਾਵੇ ਜਿਸ ਵਿਚ ਆਪ ਜੀ ਰੁਝੇ ਰਹਿਣ। ਪਰ ਪਿਤਾ ਜੀ ਨੂੰ ਅਜੇ ਗਿਆਤ ਨਹੀਂ ਸੀ ਕਿ ਇਨ੍ਹਾਂ ਨੇ ਸਮੁੱਚੀ ਕਾਇਨਾਤ ਦੇ ਕਾਰਜ ਕਰਨੇ ਹਨ। ਘਰੇਲੂ ਕੰਮਾਂ ਦੀ ਪੜਤਾਲ ਤੋਂ ਬਾਅਦ ਪਿਤਾ ਜੀ ਨੇ ਮੱਝੀਆਂ ਚਾਰਨ ਦੇ ਆਹਰੇ ਲਾਉਣਾ ਸਹੀ ਸਮਝਿਆ। ਆਪ ਜੀ ਪਿਤਾ ਜੀ ਦੇ ਹੁਕਮ ਦੀ ਪਾਲਣਾ ਕਰਨ ਹਿਤ ਮੱਝੀਆਂ ਚਾਰਨ ਲਈ ਤੁਰ ਪੈਂਦੇ ਹਨ। ਜੋ ਵਾਪਰਿਆ ਅਗਿਆਨ ਤੇ ਗਿਆਨ ਦੇ ਪੰਧਾਊਆਂ ਦੀ ਜੁਬਾਨੀ ਇਸ ਤਰ੍ਹਾਂ ਹੈ। ਰਾਏ ਬੁਲਾਰ ਨੂੰ ਇਕ ਭੱਟੀ ਆ ਕੇ ਪੁਕਾਰਦਾ ਹੈ। ਹੇ ਰਾਏ ਜੀ! ਮੈਂ ਲੁਟਿਆ ਗਿਆ, ਮੇਰਾ ਨਿਆਂ ਕਰ। ਰਾਏ ਜੀ- ਨਿਆਂ ਕਰਨਾ ਮੇਰਾ ਧਰਮ ਹੈ। ਨਿਆਂ ਮੰਗਣਾ ਤੁਸਾਂ ਦਾ ਹੱਕ ਹੈ। ਦੱਸੋ ਕੀ ਅਰਜ਼ ਹੈ?

ਭੱਟੀ - ਮੀਂਹ ਪਿਆ, ਕਣਕ ਮੌਲੀ, ਮੈਨੂੰ ਚਾਅ ਚੜ੍ਹਿਆ ਦੇਖ ਕੇ, ਫਿਰ ਕੀ ਹੋਇਆ? ਬੱਸ ਮੈਂ ਲੁਟਿਆ ਗਿਆ, ਮਹਿਤੇ ਕਾਲੂ ਦੇ ਪੁੱਤਰ ਨੇ, ਉਨ੍ਹਾਂ ਦੀਆਂ ਮੱਝੀਆਂ ਨੇ, ਮੇਰਾ ਖੇਤ ਖਾ ਲਿਆ। ਆਪ ਉਹ ਸੁੱਤੇ ਪਏ ਰਹੇ, ਬਾਬਾ ਮਹਿਤਾ ਕਲਿਆਣ ਦਾਸ ਨੂੰ ਬੁਲਾਇਆ ਗਿਆ। ਉਲਾਂਭਾ ਮਿਲਿਆ ਭਰੀ ਸਭਾ ਵਿਚ। ਪੰਚਾਇਤ ਦਾ ਮਤਾ ਪਾਸ ਹੋਇਆ। ਜਾ ਕੇ ਮੌਕਾ ਦੇਖੋ। ਦੋ ਪਿਆਦੇ ਤੇ ਭੱਟੀ ਗਏ। ਮੁੜ ਆਏ ਪਰ ਹੈਰਾਨ! ਕਿ ਖੇਤ ਤਾਂ ਹਰਿਆ ਭਰਿਆ ਹੈ। ਅੱਗੇ ਨਾਲੋਂ ਵੀ ਵੱਧ ਚੜ੍ਹ ਕੇ ਲਹਿ-ਲਹਾ ਰਿਹਾ ਹੈ। ਆ ਕੇ ਰਿਪੋਰਟ ਦਿਤੀ ਭਰੀ ਸਭਾ 'ਚ। ਇਕ ਤੀਲਾ ਵੀ ਵਿੰਗਾ ਨਹੀਂ ਹੋਇਆ। ਅਰਜ਼ੀ ਦੇਣ ਵਾਲਾ ਭੱਟੀ ਅੱਖਾਂ ਮਲ੍ਹਦਾ ਹੈ। ਉਹ ਸੱਚਾ ਜਾਂ ਇਹ ਸੱਚਾ। ਕਾਦਰ ਦੀ ਕੁਦਰਤ ਤੋਂ ਬੇਸਮਝ ਹੈਰਾਨ ਹੁੰਦਾ ਹੋਇਆ ਭਰੀ ਸਭਾ 'ਚ ਨਿਮੋਝੂਣਾ ਹੋਇਆ, ਸ਼ਰਮਿੰਦਾ ਹੋਇਆ, ਸਫਾਈ ਦੇਣ ਦੀ ਕੋਸ਼ਿਸ਼ ਕਰਦਾ ਹੈ।

ਰਾਇ ਜੀ ਨੇ ਸਥਿਤੀ ਨੂੰ ਸਮਝਿਆ, ਕਾਦਰ ਦੀ ਕੁਦਰਤ ਨੂੰ ਸਮਝਦਿਆਂ, ਡਿੱਠੇ ਅਣਡਿੱਠੇ ਦੀ ਸੋਝੀ ਵਰਤਦਿਆਂ ਆਖਿਆ ਕਿ ਉਹ ਆਪ ਮਾਲਕ ਹਨ। ਉਹ ਆਪ ਹੀ ਕੁਦਰਤ ਦੇ ਮਾਲਕ ਹਨ। ਕੋਈ ਜੋਗ ਕਲਾ ਉਨ੍ਹਾ ਨੇ ਵਰਤਾਈ ਹੈ। ਉਹ ਆਪ ਬੱਚੇ ਨਹੀਂ ਹਨ। ਭੱਟੀ, ਪਿਆਦੇ, ਮਹਿਤਾ ਕਲਿਆਣ ਦਾਸ ਜੀ ਆਪਣੇ-ਆਪਣੇ ਘਰ ਨੂੰ ਚਲੇ ਗਏ। ਇਹ ਗੱਲ ਅਜੇ ਪੂਰੀ ਹੀ ਹੋਈ ਸੀ ਰੱਬ ਰੂਪ ਬਾਲਕ ਦੇ ਰਸੀਲੇ ਗਲੇ ਤੋਂ ਮਿੱਠੀ-ਮਿੱਠੀ ਅਵਾਜ਼ ਨਿਕਲੀ -

*ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥*
*ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥ ੧ ॥*
*ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥ ੧ ॥*
*ਰਹਾਉ ॥*
*ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥*
*ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ ੨ ॥*
*ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥*
*ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥ ੩ ॥*
*ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥*
*ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥*
*ਅੰਗ - ੭੩੦*

ਖੇਤ ਹਰਾ ਭਰਾ ਦੇਖ ਕੇ ਰਾਏ ਜੀ ਨੇ ਨਮਸ਼ਕਾਰ ਕੀਤੀ। ਸਤਿਗੁਰ ਨੇ ਫਿਰ ਫੁਰਮਾਨ ਕੀਤਾ -

*ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥*
*ਅੰਗ- ੧੯*

# ਗੁਰਬਾਨੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-50)*

**ਸਿਰੀਰਾਗੁ ਮਹਲਾ ੧ ਘਰੁ ੫**

**ਅਛਲ ਛਲਾਈ ਨਹ ਛਲੈ;**
**ਨਹ ਘਾਉ ਕਟਾਰਾ ਕਰਿ ਸਕੈ।**

ਮਾਇਆ ਜੋ ਅਛਲ ਹੈ, ਇਹ ਕਿਸੇ ਦੇ ਛਲਿਆ ਨਹੀਂ ਛਲੀ ਜਾਂਦੀ ਅਤੇ ਇਸ ਦੇ ਕਟਾਰਾ=ਕਟਾਰ ਆਦਿ ਨਾਲ ਕੋਈ ਘਾਉ=ਜ਼ਖਮ ਨਹੀਂ ਕਰ ਸਕਦਾ ਅਥਵਾ ਜਿਹੜੇ ਅਛਲ ਕਹਾਉਂਦੇ ਹਨ, ਸੌਰਭ ਰਿਖੀ ਵਰਗੇ, ਉਨ੍ਹਾਂ ਨੂੰ ਵੀ ਇਸ ਨੇ ਛਲ ਲਿਆ ਹੈ।

**ਜਿਉ ਸਾਹਿਬੁ ਰਾਖੈ, ਤਿਉ ਰਹੈ;**
**ਇਸੁ ਲੋਭੀ ਕਾ ਜੀਉ ਟਲ ਪਲੈ॥**

ਨਹੀਂ, ਇਹ ਪਰਮੇਸ਼ਰ ਨੂੰ ਨਹੀਂ ਛਲ ਸਕਦੀ, ਕਿਉਂਕਿ ਇਹ ਤਾਂ ਉਸ ਪ੍ਰਭੂ ਦੇ ਅਧੀਨ ਹੈ। ਜਿਉਂ=ਜਿਵੇਂ ਸਾਹਿਬੁ=ਮਾਲਕ (ਪ੍ਰਭੂ) ਰਾਖੈ=ਰੱਖਦਾ ਹੈ, ਇਹ ਮਾਇਆ ਤਾਂ ਉਸ ਦੇ ਹੁਕਮ 'ਚ ਤਿਉ=ਤਿਵੇਂ ਹੀ ਆਗਿਆ ਵਿਚ ਰਹੈ=ਰਹਿੰਦੀ ਹੈ। ਇਹ ਤਾਂ ਲੋਭੀ ਜੀਵ ਹੈ ਜੋ ਇਸ ਮਾਇਆ ਦੇ ਅਧੀਨ ਹੈ। ਇਸ ਲੋਭੀ=ਲਾਲਚੀ ਜੀਵ ਦਾ ਜੀਉ=ਮਨ ਵਾਹਿਗੁਰੂ ਵਲੋਂ ਪਲੈ=ਪਲ ਪਲ ਹੀ ਟਲ=ਟਲਦਾ ਰਹਿੰਦਾ ਹੈ।

**ਬਿਨੁ ਤੇਲ; ਦੀਵਾ ਕਿਉ ਜਲੈ॥੧॥ਰਹਾਉ॥**

ਹੇ ਭਾਈ! ਪ੍ਰਤੱਖ ਤੇਲ ਤੇ ਬੱਤੀ ਤੋਂ ਬਿਨਾਂ ਦੀਵਾ ਕਿਵੇਂ ਜਲ ਸਕਦਾ ਹੈ? ਭਾਵ ਜਲ ਨਹੀਂ ਸਕਦਾ ਇਸੇ ਤਰ੍ਹਾਂ ਗਿਆਨ ਰੂਪੀ ਦੀਵਾ ਵੀ ਤੇਲ ਬੱਤੀ ਤੋਂ ਬਗੈਰ ਕਿਉਂ=ਕਿਵੇਂ ਜਲੈ=ਪ੍ਰਕਾਸ਼ ਕਰ ਸਕਦਾ ਹੈ।

**ਪੋਥੀ ਪੁਰਾਣ; ਕਮਾਈਐ॥**

ਪੋਥੀ=ਧਾਰਮਿਕ ਗ੍ਰੰਥ, ਪੁਰਾਣਾਂ ਆਦਿਕਾਂ ਦੇ ਸਿਧਾਂਤ ਰੂਪ ਬਚਨਾਂ ਨੂੰ ਕਮਾਈਐ=ਕਮਾਉਣ ਰੂਪ ਤੇਲ ਪਾਉਣਾ ਕਰੇ।

**ਭਉ ਵਟੀ; ਇਤੁ ਤਨਿ ਪਾਈਐ॥**

ਪ੍ਰਭੂ ਦੀ ਭਉ=ਭੈ ਰੂਪੀ ਵੱਟੀ ਨੂੰ ਇਤੁ=ਇਸ ਤਨਿ=ਸੂਖਮ ਸਰੀਰ ਰੂਪੀ ਠੂਠੀ ਵਿਚ ਪਾਈਐ=ਪਾਉਣਾ ਕਰੋ, ਭਾਵ ਹਰ ਸਮੇਂ ਰੱਬ ਦੇ ਭੈ ਵਿਚ ਜੀਵ ਰਹੇ ਕਿ ਉਹ ਸਭ ਕੁਝ ਸਾਡੇ ਚੰਗੇ ਮਾੜੇ ਕਰਮਾਂ ਨੂੰ ਵੇਖਦਾ ਹੈ।

**ਸਚੁ ਬੂਝਣੁ; ਆਣਿ ਜਲਾਈਐ॥੨॥**

ਗੁਰੂ ਸਾਹਿਬ ਪਾਸੋਂ ਜੋ ਸਚੁ=ਸੱਚੇ ਪ੍ਰਭੂ ਬਾਰੇ ਬੂਝਣੁ=ਸਿੱਖਿਆ ਪ੍ਰਾਪਤ ਕਰਨੀ ਹੈ, ਉਹ ਆਣਿ=ਲਿਆ ਕੇ ਜਲਾਈਐ=ਅਗਨੀ ਪ੍ਰਜ੍ਵਲਿਤ ਭਾਵ ਬਾਲਨਾ ਕਰੀਏ। ਇਸ ਨਾਲ ਇਹ ਗਿਆਨ ਰੂਪੀ ਦੀਪਕ ਜਗ ਜਾਵੇਗਾ ਤੇ ਅੰਧਕਾਰ ਰੂਪੀ ਅਗਿਆਨ ਮਿਟ ਜਾਵੇਗਾ।

**ਇਹੁ ਤੇਲੁ; ਦੀਵਾ ਇਉ ਜਲੈ॥**

ਇਹੋ ਧਾਰਮਿਕ ਗ੍ਰੰਥ, ਪੁਰਾਣਾਂ ਆਦਿਕਾਂ ਦੇ ਸਿਧਾਂਤ ਰੂਪ ਬਚਨਾਂ ਨੂੰ ਕਮਾਉਣ ਰੂਪ ਤੇਲ ਤੇ ਭੈ ਰੂਪੀ ਬੱਤੀ ਦੁਆਰਾ ਇਉਂ=ਇਸ ਪ੍ਰਕਾਰ ਗਿਆਨ ਰੂਪੀ ਦੀਵਾ=ਦੀਪਕ ਜਲੈ=ਪ੍ਰਕਾਸ਼ਦਾ ਹੈ।

**ਕਰਿ ਚਾਨਣੁ; ਸਾਹਿਬ ਤਉ ਮਿਲੈ॥੧॥ ਰਹਾਉ॥**

ਹੇ ਭਾਈ! ਇਸ ਤਰ੍ਹਾਂ ਆਪਣੇ ਹਿਰਦੇ ਵਾ: ਅੰਤਹਕਰਣ 'ਚ ਗਿਆਨ ਰੂਪੀ ਦੀਵੇ ਦਾ ਚਾਨਣੁ=ਪ੍ਰਕਾਸ਼ ਕਰ ਤਉ=ਤਾਂ ਫਿਰ ਸਾਹਿਬ=ਮਾਲਕ ਮਿਲੇਗਾ। ਜੋ ਸਾਰਿਆਂ ਖੰਡਾਂ ਬ੍ਰਹਿਮੰਡਾਂ ਦਾ ਪ੍ਰਕਾਸ਼ ਰੂਪ ਅੰਦਰ ਹੀ ਨਿਵਾਸ ਕਰਦਾ ਹੈ।

**ਇਤੁ ਤਨਿ; ਲਾਗੈ ਬਾਣੀਆ॥**

ਹੇ ਭਾਈ! ਇਤੁ=ਇਸ ਤਨਿ=ਸਰੀਰ ਦਾ ਹਿਸਾਬ ਕਿਤਾਬ ਕਰਨ ਵਾਸਤੇ ਹਰ ਵਕਤ ਧਰਮਰਾਜ ਰੂਪੀ ਬਾਣੀਆਂ ਲਾਗੈ=ਲੱਗਿਆ ਹੋਇਆ ਹੈ।

**ਸੁਖੁ ਹੋਵੈ; ਸੇਵ ਕਮਾਣੀਆ॥**

ਤਾਂ ਗੁਰੂ ਦੀ ਸੇਵਾ ਕਮਾਉਣ ਤੋਂ ਸੁੱਖ ਪ੍ਰਾਪਤ ਹੁੰਦਾ ਹੈ, ਜਿਸ ਆਤਮਿਕ ਸੁੱਖ ਨੂੰ ਦੁਨੀਆਂ ਤਰਸਦੀ ਹੈ।

**ਸਭ ਦੁਨੀਆਂ; ਆਵਣ ਜਾਣੀਆ॥੩॥**

ਹੇ ਭਾਈ! ਇਹ ਦ੍ਰਿਸ਼ਟਮਾਨ ਸਭ=ਸਾਰੀ ਦੁਨੀਆਂ=ਸ੍ਰਿਸ਼ਟੀ ਆਵਣ=ਆਉਣ ਤੇ ਜਾਣੀਆ=ਜਾਣ ਵਾਲੀ ਭਾਵ ਜੰਮਣ ਮਰਨ ਵਾਲੀ ਹੈ।

**ਵਿਚਿ ਦੁਨੀਆ; ਸੇਵ ਕਮਾਈਐ॥**

ਜਿਤਨਾ ਚਿਰ ਦੁਨੀਆ=ਸ੍ਰਿਸ਼ਟੀ ਵਿਚਿ=ਅੰਦਰ ਸਰੀਰ ਕਰਕੇ ਰਹੀਏ, ਉਤਨਾ ਚਿਰ ਗੁਰਾਂ, ਸਾਧਸੰਗਤ ਦੀ ਸੇਵ=ਟਹਿਲ ਕਮਾਈਐ=ਕਮਾਉਣਾ ਕਰੀਏ।

**ਤਾ ਦਰਗਹ; ਬੈਸਣੁ ਪਾਈਐ॥**

ਤਾਂ ਹੀ ਦਰਗਹ=ਸੱਚਖੰਡ ਵਿਚ ਬੈਸਣੁ=ਬੈਠਣ ਲਈ ਆਸਣ ਪਾਈਐ=ਪਾਈਦਾ ਹੈ ਵਾ: ਪ੍ਰਭੂ ਦੇ ਦਰ ਤੁਰੀਆ ਪਦ 'ਚ ਉਸ ਦੇ ਅਧਿਸ਼ਠਾਨ ਰੂਪੀ ਬੈਸੁਣ=ਨਿਵਾਸ ਨੂੰ ਪਾਈਦਾ ਹੈ।

**ਕਹੁ ਨਾਨਕ; ਬਾਹ ਲੁਡਾਈਐ॥**

ਸਤਿਗੁਰ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਤਾਂ ਫਿਰ ਬਾਂਹ=ਭੁਜਾ ਲੁਡਾਈਐ=ਫੈਲਾਅ ਕੇ ਚੱਲੀਦਾ ਹੈ ਭਾਵ ਬੇਫਿਕਰੀ ਨਾਲ ਚੱਲੀਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਬਿਰਤੀ ਰੂਪੀ ਬਾਂਹ ਲੁਡਾ ਕੇ ਬ੍ਰਹਮਾਕਾਰ ਬਿਰਤੀ ਬੇਫਿਕਰੀ ਨਾਲ ਆਤਮਿਕ ਅਨੰਦ 'ਚ ਵਿਚਰੀਦਾ ਹੈ।

# ਵਾਰਾਂ ਭਾਈ ਗੁਰਦਾਸ
# ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੧

## 2. ਪਉੜੀ (ਜਗਉਤਪਤੀ)

**ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ।**

**ਰਕਤਬਿੰਦ ਕੀ ਦੇਹਿ ਰਚਿ, ਪਾਂਚ ਤਤ ਕੀ ਜੜਤ ਜੜਾਈ।**

ਸਾਸ=ਸਾਹ, ਮਾਸ=ਸਰੀਰ, ਜੜਤ=ਜੜਾਉ।

ਅਰਥ - ਪਹਿਲੇ ਪਹਿਲ (ਜਦੋਂ) ਸਾਹ ਤੇ ਮਾਸ (ਕੁਝ ਬੀ) ਨਹੀਂ ਸੀ, (ਤਦੋਂ) ਅੰਧ ਧੁੰਦ (ਹਨ੍ਹੇਰ ਘੁੰਮ ਘੇਰ ਸੀ) ਕੁਝ ਸੋਝੀ ਨਹੀਂ ਪੈਂਦੀ ਸੀ। (ਮਾਤਾ ਦੇ) ਲਹੂ ਤੇ (ਪਿਤਾ ਦੇ) ਬੀਰਜ ਦੀ ਦੇਹ ਬਣਾ ਕੇ (ਉਸੇ ਨੇ) ਪੰਜਾਂ ਤੱਤਾਂ ਦਾ ਜੜਾਉ ਜੜ ਦਿਤਾ। ਅੱਗੇ ਤੱਤਾਂ ਦੇ ਨਾਉਂ ਦੱਸਦੇ ਹਨ -

**ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।**

**ਪੰਚਮਿ ਵਿਚਿ ਆਕਾਸ ਕਰਿ ਕਰਤਾ ਛਟਮੁ ਅਦਿਸਟੁ ਸਮਾਈ।**

(ਬੈਸੰਤਰੋ=ਅਗਨੀ)

ਵਾਯੂ, ਪਾਣੀ, ਅੱਗ ਤੇ ਚੌਥੀ ਧਰਤੀ ਨਾਲ ਮੇਲ ਦਿਤੀ ਤੇ ਪੰਜਵਾਂ ਵਿਚ ਅਕਾਸ਼ ਕਰਕੇ ਛੀਵਾਂ (ਆਪ) ਕਰਤਾ ਗੁਪਤ (ਰੂਪ ਹੋ ਕੇ ਰਿਦੇ ਵਿਖੇ) ਬੈਠ ਗਿਆ (ਇਸ ਲਈ ਕਿ ਸਾਰੇ ਸਰੀਰ ਜੜ੍ਹ ਨੂੰ ਸੱਤਾ ਦੇ ਕੇ ਚਲਾਵੇ।)

**ਪੰਚ ਤਤ ਪੰਚੀਸਿ ਗੁਨਿ ਸਤ੍ਰੁ ਮਿਤ੍ਰੁ ਮਿਲਿ ਦੇਹਿ ਬਣਾਈ।**

**ਖਾਣੀ ਬਾਣੀ ਚਲਿਤ ਕਰਿ ਆਵਾਗਉਣੁ ਚਰਿਤ੍ਰੁ ਦਿਖਾਈ।**

**ਚਉਰਾਸੀ ਲਖ ਜੋਨਿ ਉਪਾਈ॥**

ਪੰਚ ਤੱਤ ਤੇ ਪੰਝੀ ਪ੍ਰਕ੍ਰਿਤਾਂ (ਜਿਹੜੇ ਆਪੋ ਵਿਚ) ਸ਼ਤ੍ਰ (ਸਨ), ਮੇਲ ਕੇ ਮਿਤ੍ਰ ਬਣਾ ਕੇ ਦੇਹ ਬਣਾ ਦਿਤੀ। (ਭਾਵ ਅੱਗ, ਪਾਣੀ, ਮਿੱਟੀ, ਜਿਹੜੇ ਆਪੋ ਵਿਚ ਸ਼ੀਂਹ ਬੱਕਰੀ ਵਾਂਗੂੰ ਸਨ ਇਕੱਠੇ ਕਰ ਦਿਤੇ। (ਚਾਰ) ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ ਤੇ ਚਾਰ) ਬਾਣੀਆਂ (ਪਰਾ, ਪਸੰਤੀ, ਮਧਮਾ, ਬੈਖਰੀ ਇਨ੍ਹਾਂ ਦਾ) ਚਲਾਉ ਕਰਕੇ ਆਵਾਗੌਣ ਦਾ ਚਰਿੱਤ੍ਰ ਦਿਖਾਇਆ। ਐਉਂ ਚੌਰਾਸੀ ਲੱਖ ਜੂਨਾਂ ਰਚ ਦਿਤੀਆਂ।

ਭਾਵਾਰਥ - ਇਹ ਅਨਾਦੀ ਸੰਸਾਰ ਚਲਿਆ ਆਉਂਦਾ ਹੈ। ਬੋਹੜ ਦੇ ਬੀਉ ਵਾਂਗੂੰ ਪਹਿਲੇ ਕਰਮ ਕਿ ਸਰੀਰ, ਨਹੀਂ ਕਿਹਾ ਜਾਂਦਾ। ਜਪੁਜੀ ਦਾ ਵਾਕ ਹੈ 'ਥਿਤਿਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥' ਨੈਯਾਯਕ ਪ੍ਰਮਾਣੂਆਂ ਥੋਂ, ਸ਼ਾਂਖ, ਸ਼ਾਸਤ੍ਰ ਵਾਲੇ ਪ੍ਰਧਾਨ ਅਰਥਾਤ ਤਿੰਨ ਗੁਣਾਂ ਦੀ ਸਮਾਨ ਅਵਸਥਾ ਤੋਂ ਜਗਤ ਦੀ ਉਤਪਤੀ ਮੰਨਦੇ ਹਨ। ਵੈਦਾਂਤੀ ਮਾਯਾ ਥੋਂ ਆਖਦੇ ਹਨ। ਪਹਿਲੇ ਸ੍ਵਯੰਭੂਮੁਨ ਤੇ ਸਤਰੂਪਾ ਉਸਦੀ ਇਸਤ੍ਰੀ ਬਣੀ, ਉਨ੍ਹਾਂ ਦੀ ਰਕਤਬਿੰਦ ਤੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਚਲਿਆ ਆਉਂਦਾ ਹੈ, ਕਿਉਂ ਜੋ ਘੋੜਾ ਘੋੜੀ ਆਦਿ ਸਾਰੀ ਚੌਰਾਸੀ ਦਾ ਨਰ ਮਾਦਾ ਉਹ ਦੋਵੇਂ ਬਣ ਜਾਂਦੇ ਹਨ, ਪ੍ਰੰਤੂ ਸੱਚ ਪੁਛੋ ਤਾਂ ਆਦਿ ਕਾਰਣ ਸਭ ਦਾ ਈਸ਼ਵਰ ਹੀ ਹੈ। ਕਰਮ ਚੇਤਨ ਦੀ ਸੱਤਾ ਬਾਝ ਜੜ੍ਹ ਹਨ। ਜੇ ਕੋਈ ਸ਼ੂਨ ਵਾਦੀ ਸ਼ੰਕਾ ਕਰੇ ਕਿ ਜੇਕਰ ਜਗਤ ਦੇ ਪਹਿਲੇ ਸ਼ੂਨ ਹੀ ਸੀ, ਕਿਉਂ ਜੋ 'ਅਰਬਦ ਨਰਬਦ ਧੁੰਧੂਕਾਰਾ' ਅਰਥਾਤ ਅਨਗਿਣਤ ਸ਼ੂਨ ਦਾ ਹੀ ਪਸਾਰਾ ਸੀ ਤਾਂਤੇ ਸ਼ੂਨ ਹੀ ਆਤਮਾ ਕਿਉਂ ਨਾ ਬਣੇ? ਅਸੀਂ ਉਸ ਨੂੰ ਪੁੱਛਦੇ ਹਾਂ ਕਿ ਸ਼ੂਨ ਦਾ ਸਿੱਧ ਕਰਨ ਵਾਲਾ ਓਹੀ ਸ਼ੂਨ ਦ ਸਾਖੀ ਹੀ ਨਿਆਰਾ ਆਤਮਾ ਹੈ। ਉਸ ਨੇ ਪੰਜ ਤੱਤ ਦੀਆਂ ਦੇਹਾਂ ਰਚ ਕੇ ਸ੍ਰਿਸ਼ਟੀ ਰਚੀ ਹੈ। ਇਸੇ ਪ੍ਰਕਾਰ ਪ੍ਰਮਾਣੂ ਪ੍ਰਧਾਨ ਕਰਮ ਆਦਿ ਕਾਰਣ ਸਾਰੇ ਜੜ੍ਹ ਹਨ। ਚੇਤੰਨ ਆਤਮਾ ਦੀ ਸੱਤਾ ਬਾਝ ਕੋਈ ਕੁਝ ਨਹੀਂ ਕਰ ਸਕਦਾ। ਹੁਣ ਸ਼ੂਨ ਆਦਿ ਸਾਰੇ ਮਤ ਖੰਡਨ ਕਰਕੇ ਅੱਗੇ ਸਾਰੀਆਂ ਜੂਨਾਂ ਵਿਚੋਂ ਉਤਮ ਜੋਨੀ ਦਾ ਵਰਣਨ ਕਰਦੇ ਹਨ।

# ਗੁਰ ਰਾਮਦਾਸੁ ਰਾਖਹੁ ਸਰਣਾਈ

## (ਪ੍ਰਕਾਸ਼ ਪੁਰਬ 26 ਅਕਤੂਬਰ)

*ਡਾ. ਜਗਜੀਤ ਸਿੰਘ*

ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਮਹਾਰਾਜ ਹਨ। ਆਪ ਜੀ ਦਾ ਪ੍ਰਕਾਸ਼ ਚੂਨਾ ਮੰਡੀ ਲਾਹੌਰ ਵਿਖੇ, ਪਿਤਾ ਸ੍ਰੀ ਹਰਦਾਸ ਜੀ ਅਤੇ ਮਾਤਾ ਸ੍ਰੀ ਦਇਆ ਕੌਰ ਜੀ ਦੇ ਗ੍ਰਹਿ ਵਿਖੇ, 25 ਸਤੰਬਰ 1524 ਈ. ਨੂੰ ਹੋਇਆ। ਮਾਤਾ ਪਿਤਾ ਦੀ ਪਹਿਲੀ ਸੰਤਾਨ ਹੋਣ ਕਾਰਨ ਆਪ ਜੀ ਨੂੰ 'ਜੇਠਾ' ਕਹਿ ਕੇ ਸੱਦਿਆ ਜਾਂਦਾ ਸੀ ਅਤੇ ਇਹੋ ਨਾਮ ਪ੍ਰਸਿੱਧ ਹੋ ਗਿਆ। ਛੋਟੀ ਉਮਰ, 7 ਸਾਲ ਦੇ ਹੀ ਸਨ ਜਦੋਂ ਆਪ ਜੀ ਦੇ ਮਾਤਾ ਦਇਆ ਕੌਰ ਜੀ ਅਕਾਲ ਚਲਾਣਾ ਕਰ ਗਏ। ਪਰਿਵਾਰ ਮੁਸ਼ਕਲਾਂ ਵਿਚ ਘਿਰ ਗਿਆ। ਅਜੇ ਥੋੜ੍ਹਾ ਸਮਾਂ ਹੀ ਲੰਘਿਆ ਸੀ ਕਿ ਪਿਤਾ ਹਰਦਾਸ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਪਰਿਵਾਰ ਨੂੰ ਦੁਖਾਂ ਵਿਚ ਤੇ ਆਰਥਿਕ ਤੰਗੀ ਨੇ ਆ ਘੇਰਿਆ। ਆਪ ਦੇ ਨਾਨਕੇ, ਪਿੰਡ ਬਾਸਰਕੇ, ਦੇ ਰਹਿਣ ਵਾਲੇ ਸਨ। (ਗੁਰੂ) ਅਮਰਦਾਸ ਜੀ ਦਾ ਜਨਮ ਅਸਥਾਨ ਅਤੇ ਪਰਿਵਾਰ ਦਾ ਨਿਵਾਸ ਅਸਥਾਨ ਬਾਸਰਕੇ ਹੀ ਸੀ। ਨਾਨੀ ਜੀ ਆਪ ਜੀ ਅਤੇ ਭੈਣ ਭਰਾ ਨੂੰ ਬਾਸਰਕੇ ਲੈ ਆਏ। (ਗੁਰੂ) ਅਮਰਦਾਸ ਜੀ ਦੇ ਪਰਿਵਾਰ ਵਲ ਪੁਰਾਣੀ ਜਾਣ ਪਹਿਚਾਣ ਸੀ। ਉਨ੍ਹਾਂ ਨੇ ਹੌਂਸਲਾ ਦਿਤਾ ਅਤੇ ਹਰ ਤਰ੍ਹਾਂ ਦੀ ਸਹਾਇਤਾ ਦੇ ਮਿੱਠੇ ਬਚਨ ਕਹੇ ਜਿਸ ਨਾਲ ਪਰਿਵਾਰ ਵਿਚ ਧੀਰਜ ਬੱਝਾ। ਪਰਿਵਾਰ ਦੇ ਗੁਜ਼ਾਰੇ ਲਈ ਆਪ ਕਈ ਵਰ੍ਹੇ ਨਾਨੀ ਜੀ ਦੀਆਂ ਬਣਾਈਆਂ ਘੁੰਗਣੀਆਂ ਵੇਚਦੇ ਰਹੇ ਅਤੇ (ਗੁਰੂ) ਅਮਰਦਾਸ ਜੀ ਦੇ ਸਤਿਸੰਗ ਦਾ ਅਨੰਦ ਮਾਣਦੇ ਰਹੇ। ਗੁਰੂ ਅੰਗਦ ਦੇਵ ਜੀ ਦਾ ਆਦੇਸ਼ ਮੰਨਦਿਆਂ (ਗੁਰੂ) ਅਮਰਦਾਸ ਜੀ ਗੋਇੰਦਵਾਲ ਆ ਬਿਰਾਜੇ। ਇਸ ਦੇ ਨਵ-ਨਿਰਮਾਣ ਲਈ ਕਈ ਪਰਿਵਾਰਾਂ ਨੂੰ ਏਥੇ ਆ ਵਸਣ ਲਈ ਉਤਸ਼ਾਹਤ ਕੀਤਾ। ਜੇਠਾ ਜੀ ਦਾ ਪਰਿਵਾਰ ਵੀ ਏਥੇ ਆ ਗਿਆ। ਆਪ ਜੀ ਪਹਿਲਾਂ ਵਾਂਗ ਹੀ ਦਿਨ ਨੂੰ ਘੁੰਗਣੀਆਂ ਵੇਚਦੇ ਅਤੇ ਸ਼ਾਮ ਨੂੰ (ਗੁਰੂ) ਅਮਰਦਾਸ ਜੀ ਵਲੋਂ ਲਗਾਏ ਜਾਂਦੇ ਸਤਿਸੰਗ ਦਾ ਅਨੰਦ ਮਾਣਦੇ। (ਗੁਰੂ) ਅਮਰਦਾਸ ਜੀ ਵੀ ਬਾਲਕ ਜੇਠਾ ਜੀ ਨੂੰ ਬਹੁਤ ਪਿਆਰ ਕਰਦੇ।

29 ਮਾਰਚ ਸੰਨ 1552 ਵਿਚ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਭਗਤੀ ਤੇ ਸੇਵਾ ਨੂੰ ਮੁੱਖ ਰਖਦਿਆਂ (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਬਖਸ਼ਿਸ਼ ਕੀਤੀ ਅਤੇ ਆਪ ਜੀ ਨੂੰ ਤੀਜੀ ਪਾਤਸ਼ਾਹੀ ਦਾ ਪਦ ਪ੍ਰਾਪਤ ਹੋਇਆ। ਭਾਈ ਜੇਠਾ ਜੀ ਪੂਰੀ ਮਿਹਨਤ ਨਾਲ ਕਿਰਤ ਕਰਦੇ, ਗੁਰੂ ਘਰ ਦੀ ਪੂਰੀ ਲਗਨ ਨਾਲ ਸੇਵਾ ਕਰਦੇ ਅਤੇ ਗੁਰੂ ਬਚਨਾਂ ਦਾ ਪਾਲਨ ਕਰਦੇ। ਆਪ ਨੇ ਗੁਰਬਾਣੀ ਨੂੰ ਜੀਵਨ ਦਾ ਅਧਾਰ ਬਣਾਇਆ ਤੇ ਗੁਰੂ ਅਮਰਦਾਸ ਜੀ ਦੇ ਪਿਆਰ ਦੇ ਪਾਤਰ ਬਣੇ। ਅਨੰਦਮਈ ਜੀਵਨ ਜੁਗਤਿ ਵਿਚ ਵਿਚਰਦੇ, ਸੁਹਣੇ ਸੁਣੱਖੇ ਨੌਜਵਾਨ, ਗੁਰੂ ਜੀ ਦੇ ਮਿਹਰਾਂ ਭਰੀ ਨਜ਼ਰ ਵਿਚ ਪ੍ਰਵਾਨ ਹੋਏ। ਜਦੋਂ ਮਾਤਾ ਜੀ ਨੇ ਬੀਬੀ ਭਾਨੀ ਲਈ ਚੰਗੇ ਵਰ੍ਹ ਦੀ ਭਾਲ ਲਈ ਬਚਨ ਕੀਤਾ ਕਿ ਬੇਟੀ ਭਾਨੀ ਲਈ ਜੇਠਾ ਜੀ ਵਰਗਾ ਸੁੰਦਰ ਤੇ ਸੁਸ਼ੀਲ ਵਰ ਹੋਵੇ ਤਾਂ ਗੁਰੂ ਅਮਰਦਾਸ ਜੀ ਨੇ ਸਹਿਜੇ ਹੀ ਫੁਰਮਾਇਆ ਕਿ ਇਹੋ ਜਿਹਾ ਤਾਂ ਇਹੋ ਹੀ ਹੈ, ਹੋਰ ਕੋਈ ਨਹੀਂ। ਗੁਰੂ ਜੀ ਦੀਆਂ ਮਿਹਰਾਂ ਪ੍ਰਾਪਤ ਹੋਈਆਂ ਤੇ ਸੰਨ 1553 ਵਿਚ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਦਾ ਵਿਆਹ ਜੇਠਾ ਜੀ (ਗੁਰੂ ਰਾਮਦਾਸ ਜੀ) ਨਾਲ ਕਰ ਦਿਤਾ। ਗੋਇੰਦਵਾਲ ਵਿਖੇ ਬਾਉਲੀ ਦੀ ਸੇਵਾ ਵਿਚ ਜੇਠਾ ਜੀ, ਦੁਨਿਆਵੀ ਰਿਸ਼ਤੇ ਅਨੁਸਾਰ ਗੁਰੂ ਘਰ ਦੇ ਜਵਾਈ ਹੁੰਦੇ ਹੋਏ ਵੀ, ਪੂਰੀ ਲਗਨ ਤੇ ਮਿਹਨਤ ਨਾਲ ਗਾਰਾ, ਮਿੱਟੀ, ਚੂਨਾ ਆਦਿ ਦੀ ਟੋਕਰੀ ਢੋਂਦੇ ਰਹੇ। ਲਾਹੌਰ ਤੋਂ ਆਏ ਰਿਸ਼ਤੇਦਾਰਾਂ ਨੇ ਮਿਹਣੇ ਦਿਤੇ ਪਰ ਆਪ ਜੀ ਨੇ ਕੋਈ ਪਰਵਾਹ ਨਾ ਕੀਤੀ। ਗੁਰੂ ਅਮਰਦਾਸ ਜੀ ਨੇ ਵੀ ਦਿਤੇ ਗਏ ਮਿਹਣਿਆਂ ਦਾ ਹਲੀਮੀ ਵਿਚ ਉੱਤਰ ਦਿਤਾ, "ਸਿਰ ਤੇ ਚੁੱਕੀ ਟੋਕਰੀ ਦਾ ਕੋਈ ਭਾਰ ਨਹੀਂ, ਪਰਮਾਤਮਾ ਨੇ ਲੋਕ-ਭਲਾਈ ਦੇ ਪਤਾ ਨਹੀਂ ਕਿੰਨੇ ਮਹਾਨ ਕਾਰਜਾਂ ਦਾ ਬੋਝ ਇਨ੍ਹਾਂ ਦੇ ਸਿਰ ਤੇ ਰੱਖਣਾ ਹੈ ਅਤੇ ਇਨ੍ਹਾਂ ਰਾਹੀਂ ਬੇਅੰਤ ਮਨੁੱਖਤਾ ਦਾ ਕਲਿਆਣ ਹੋਣਾ ਹੈ।" 'ਸਾਧ ਬਚਨ ਅਟਲਾਧਾ' ਅਨੁਸਾਰ ਐਸਾ ਹੀ ਵਾਪਰਿਆ।

ਸਿੱਖੀ ਦੇ ਦਾਇਰੇ ਨੂੰ ਵਿਸ਼ਾਲ ਹੁੰਦਾ ਵੇਖ ਕੇ ਸੰਨ 1570 ਵਿਚ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਨਵਾਂ ਅਸਥਾਨ ਵਸਾਉਣ ਲਈ ਪ੍ਰੇਰਤ ਕੀਤਾ। ਆਪ ਜੀ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭੀ। ਉਪਰੰਤ ਨਵੇਂ ਨਗਰ ਦੀ ਨੀਂਹ ਰੱਖੀ। ਨਾਮ ਰੱਖਿਆ, 'ਗੁਰੂ ਕਾ ਚੱਕ।' ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਨਾਂ 'ਚੱਕ ਰਾਮਦਾਸ' ਰੱਖ ਦਿਤਾ ਤੇ ਅੰਮ੍ਰਿਤ ਸਰੋਵਰ ਦੀ ਮਾਨਤਾ ਕਾਰਨ ਵਸੋਂ ਵੱਧ ਜਾਣ ਤੇ ਸ਼ਹਿਰ ਦਾ ਨਾਮ ਅੰਮ੍ਰਿਤਸਰ ਸਾਹਿਬ ਪ੍ਰਸਿੱਧ ਹੋਇਆ। 1574 ਈ. ਵਿਚ ਗੁਰੂ ਅਮਰਦਾਸ ਜੀ ਨੇ ਸਾਰੀ ਸੰਗਤ ਦੇ

ਸਨਮੁਖ ਜੇਠਾ ਜੀ (ਰਾਮਦਾਸ ਜੀ) ਨੂੰ ਗੁਰਗੱਦੀ ਬਖਸ਼ਿਸ਼ ਕੀਤੀ ਤੇ ਆਪ ਜੀ ਗੁਰੂ ਰਾਮਦਾਸ ਜੀ ਕਰਕੇ ਸੰਬੋਧਨ ਹੋਣ ਲੱਗੇ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰਿਆਈ ਬਖਸ਼ਿਸ਼ ਕਰਕੇ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ ਤਾਂ ਗੁਰੂ ਜੀ ਦੇ ਅੰਦਰ ਜੋ ਵੈਰਾਗ ਪੈਦਾ ਹੋਇਆ, ਉਸ ਨੂੰ ਯਾਦ ਕਰਕੇ ਉਹ ਭਾਵ ਆਪ ਜੀ ਨੇ ਨਿਮਨ ਸ਼ਬਦ ਰਾਹੀਂ ਪ੍ਰਗਟ ਕੀਤੇ ਹਨ -

*ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ*
*ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ ਅੰਗ - ੧੬੭*

ਭਾਈ ਗੁਰਦਾਸ ਜੀ ਨੇ ਵੀ ਇਸ ਅਨੂਠੀ ਘਟਨਾ ਨੂੰ ਆਪਣੇ ਅਨੁਭਵ ਰਾਹੀਂ ਪ੍ਰਗਟ ਕੀਤਾ -

*ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ।*

ਗੁਰੂ ਰਾਮਦਾਸ ਜੀ ਦਾ ਅਭਿਨੰਦਨ ਕਰਦਿਆਂ ਬਲਵੰਡ ਸੱਤਾ ਨੇ ਵੀ ਗੁਰੂ ਜੀ ਨੂੰ ਧੰਨਤਾ ਯੋਗ ਕਿਹਾ-

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥*
*ਅੰਗ - ੯੬੮*

ਗੁਰੂ-ਗੱਦੀ ਤੇ ਬਿਰਾਜਮਾਨ ਹੋ ਕੇ ਆਪ ਜੀ ਨੇ ਅਨੇਕਾਂ ਮਹਾਨ ਕਾਰਜ ਕੀਤੇ ਪਰ ਨਿਮਰਤਾ, ਸਹਿਨਸ਼ੀਲਤਾ, ਉਦਾਰਤਾ ਦਾ ਪੱਲਾ ਕਦੀ ਨਹੀਂ ਢਿੱਲਾ ਹੋਣ ਦਿਤਾ। ਆਪ ਜੀ ਦੀਆਂ ਰਚਨਾਵਾਂ ਵਿਚੋਂ ਆਪ ਜੀ ਨਿਮ੍ਰਤਾ ਦੀ ਮੂਰਤ ਦ੍ਰਿਸ਼ਟਮਾਨ ਹੁੰਦੇ ਹਨ -

*ਹਮ ਕੀਰੇ ਕਿਰਮ ਸਤਿਗੁਰ ਸਰਣਾਈ*
*ਕਰਿ ਦਇਆ ਨਾਮੁ ਪਰਗਾਸਿ ॥ ਅੰਗ - ੧੦*

*ਹਮ ਪਾਪੀ ਪਾਥਰ ਨੀਰਿ ਡੁਬਤ*
*ਕਰਿ ਕਿਰਪਾ ਪਾਖਣ ਹਮ ਤਾਰੀ ॥ ਅੰਗ - ੬੬੬*

*ਕਿਆ ਹਮ ਕਿਰਮ ਨਾਨ੍ ਨਿਕ ਕੀਰੇ*
*ਤੁਮ੍ ਵਡ ਪੁਰਖ ਵਡਾਗੀ ॥ ਅੰਗ - ੬੬੭*

ਨਿੰਮ੍ਰਤਾ ਦੀ ਇਕ ਐਸੀ ਘਟਨਾ ਬਹੁਤ ਪ੍ਰਸਿੱਧ ਹੈ। ਜਦੋਂ ਬਾਬਾ ਸ੍ਰੀ ਚੰਦ ਜੀ ਨੇ ਆਪ ਜੀ ਦੇ ਦਰਸ਼ਨ ਕੀਤੇ ਤਾਂ ਬਾਬਾ ਜੀ ਨੇ ਕਿਹਾ, ਤੁਸੀਂ ਐਡਾ ਲੰਮਾ ਦਾਹੜਾ ਕਿਉਂ ਵਧਾਇਆ ਹੋਇਐ? ਤਾਂ ਆਪ ਜੀ ਨੇ ਦਾਹੜਾ ਹਥ ਵਿਚ ਫੜ ਕੇ ਕਿਹਾ, "ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ।" ਬਾਬਾ ਜੀ ਨਿਰੁੱਤਰ ਹੋਏ ਬੋਲੇ, ਨਿੰਮਰਤਾ ਦੀ ਮੂਰਤ ਹੋ, ਤਾਂ ਹੀ ਗੁਰੂ ਪਦ ਨੂੰ ਪ੍ਰਾਪਤ ਹੋਏ ਹੋ।

## ਗੁਰੂ ਰਾਮਦਾਸ ਜੀ ਹੱਥੋਂ ਸਪੰਨ ਹੋਏ ਕੁਝ ਵਿਸ਼ੇਸ਼ ਕਾਰਜ-

1. ਚੱਕ ਰਾਮਦਾਸ ਦੀ ਨੀਂਹ ਰੱਖੀ ਜੋ ਸਹਿਜੇ ਸਹਿਜੇ ਸਿੱਖੀ ਦਾ ਇਕ ਮਹਾਨ ਕੇਂਦਰ ਹੋ ਕੇ ਪ੍ਰਗਟ ਹੋਇਆ। ਦੁਖਭੰਜਨੀ ਬੇਰੀ ਪਾਸ ਆਪ ਜੀ ਨੇ 1577 ਈ. ਵਿਚ ਇਕ ਤਲਾਬ ਬਣਾਇਆ ਜੋ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਸ਼ਾਲ ਸਰੋਵਰ ਵਿਚ ਤਬਦੀਲ ਕੀਤਾ। ਅੱਜ ਦਰਬਾਰ ਸਾਹਿਬ, ਅੰਮ੍ਰਿਤਸਰ 'ਸਿਫਤੀ ਦਾ ਘਰੁ' ਸੰਸਾਰ ਦੇ ਨਕਸ਼ੇ ਤੇ ਇਕ ਅਦੁੱਤੀ ਅਸਥਾਨ ਕਰਕੇ ਪ੍ਰਸਿੱਧ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਐਸੀ ਉਪਮਾ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਖੁਦ ਕੀਤੀ ਹੈ -

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥*
*ਅੰਗ - ੧੩੬੨*

2. ਸਿੱਖੀ ਦੇ ਪ੍ਰਚਾਰ ਹਿਤ ਮਸੰਦ ਸਿਸਟਮ ਚਾਲੂ ਕੀਤਾ। ਉੱਚੇ-ਸੁੱਚੇ ਕਥਨੀ ਕਰਨੀ ਵਾਲੇ ਗੁਰਸਿੱਖ ਸਿੱਖੀ ਦੀ ਸੇਵਾ ਨਿਭਾਉਣ ਲੱਗੇ।

3. ਗੁਰੂ ਨਾਨਕ ਦੇਵ ਜੀ ਦੀਆਂ ਪਰੰਪਰਾਵਾਂ ਨੂੰ ਅੱਗੇ ਤੋਰਿਆ। ਸੰਗਤ, ਪੰਗਤ, ਕੀਰਤਨ, ਸੇਵਾ, ਭਾਈਚਾਰਕ ਸੰਗਠਨ, ਸਵੇਰ ਸ਼ਾਮ ਦੇ ਦੀਵਾਨ, ਆਦਿ ਚੜ੍ਹਦੀ ਕਲਾ ਵਿਚ ਹੁੰਦੇ ਰਹੇ।

4. ਆਪ ਜੀ ਨੇ ਚਾਰ ਲਾਵਾਂ ਦੀ ਰਚਨਾ ਕਰਕੇ ਵਿਆਹ ਦੀ ਸਿੱਖ ਮਰਿਆਦਾ ਕਾਇਮ ਕੀਤੀ। ਸਿੱਖੀ ਪਰਵਿਰਤੀ ਅਤੇ ਨਰਵਿਰਤੀ ਦਾ ਸੁਚੱਜਾ ਸੁਮੇਲ ਹੈ। ਅੱਜ ਲਾਵਾਂ ਦੇ ਪਾਠ ਅਤੇ ਗਾਇਨ ਹੀ ਸਿੱਖ ਵਿਆਹ ਦਾ ਮੂਲ ਧੁਰਾ ਹੈ ਜੋ ਸਿੱਖ ਧਰਮ, ਸਮਾਜ ਅਤੇ ਸਰਕਾਰ ਵਲੋਂ ਪਰਵਾਨਤ ਹੈ।

5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਜੀ ਦੀ ਬਾਣੀ ਪਰੰਪਰਾ ਅਨੁਸਾਰ ਰਾਗਾਂ ਵਿਚ ਹੈ। ਕੁਲ 31 ਰਾਗਾਂ ਵਿਚੋਂ 30 ਰਾਗਾਂ ਵਿਚ ਆਪ ਜੀ ਨੇ ਬਾਣੀ ਦਾ ਉਚਾਰਨ ਕੀਤਾ, ਸਵਾਏ ਇਕ ਰਾਗ ਜੈ ਜੈਵੰਤੀ ਦੇ ਜਿਸ ਵਿਚ ਕੇਵਲ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ, ਗੁਰੂ ਅੰਗਦ ਦੇਵ ਜੀ ਦੇ ਕੇਵਲ ਸਲੋਕ ਹਨ, ਗੁਰੂ ਅਮਰਦਾਸ ਜੀ ਨੇ 11 ਨਵੇਂ ਰਾਗਾਂ ਵਿਚ ਬਾਣੀ ਰਚ ਕੇ ਸੰਗੀਤਕ ਕਲਾ ਵਿਚ ਅਦੁੱਤੀ ਯੋਗਦਾਨ ਪਾਇਆ। 30 ਰਾਗਾਂ ਵਿਚ ਸ਼ਬਦ ਉਚਾਰਨ ਕਰਨ ਤੋਂ ਇਲਾਵਾ ਆਪ ਜੀ ਨੇ 246 ਪਦੇ ਰਚੇ ਜਿਨ੍ਹਾਂ ਵਿਚ ਦੁਪਦੇ, ਚੌਪਦੇ ਤੇ ਪੰਜ ਪਦੇ ਸ਼ਾਮਲ ਹਨ। 31 ਅਸ਼ਟਪਦੀਆਂ ਲਿਖੀਆਂ।

ਲੋਕ ਕਾਵਿ-ਰੂਪਾਂ ਵਿਚ ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ ਤੇ ਛੰਤ ਰਚੇ, 138 ਸਲੋਕ ਉਚਾਰਨ ਕੀਤੇ ਅਤੇ 8 ਵਾਰਾਂ ਲਿਖੀਆਂ ਜਿਨ੍ਹਾਂ ਵਿਚ 183 ਪਉੜੀਆਂ ਹਨ। 'ਪੜਤਾਲਾਂ' ਵਿਚ ਕੀਤੀ ਰਚਨਾ ਆਪ ਜੀ ਦੀ ਵਿਲੱਖਣ ਦੇਣ ਹੈ। ਇਨ੍ਹਾਂ ਦਾ ਗਾਇਨ ਕੋਈ ਵਿਰਲਾ ਸੰਗੀਤ ਦਾ ਮਾਹਿਰ ਰਾਗੀ ਹੀ ਕਰ ਸਕਦਾ ਹੈ। ਆਪ ਜੀ ਦੀ ਬਾਣੀ ਦਾ ਪ੍ਰਧਾਨ ਵਿਸ਼ਾ - ਪ੍ਰਭੂ ਪਿਆਰ, ਵੈਰਾਗ, ਮਿਲਾਪ ਲਈ ਤੜਪ ਹੈ। ਇਨ੍ਹਾਂ ਦੇ ਸਾਧਨ ਵਜੋਂ ਗੁਰੂ ਦਾ ਧਿਆਨ, ਨਾਮ ਸਿਮਰਨ, ਸਾਧ ਸੰਗ, ਸੇਵਾ, ਬਾਣੀ ਕੀਰਤਨ, ਸ਼ਬਦ-ਵੀਚਾਰ ਦਸੀ ਹੈ ਜਿਸ ਦੀ ਪ੍ਰਾਪਤੀ ਲਈ ਅੰਮ੍ਰਿਤ ਵੇਲਾ, ਸੌਚ ਇਸ਼ਨਾਨ, ਸਦਾਚਾਰਕ ਚਲਨ ਆਦਿ ਜ਼ਰੂਰੀ ਦੱਸੇ। ਆਪ ਜੀ ਦੀ ਦਰਸਾਈ ਗੁਰਸਿੱਖ ਦੀ ਪਰਿਭਾਸ਼ਾ ਸਾਰੇ ਸਿੱਖ ਜਗਤ ਵਿਚ ਮਕਬੂਲ ਹੋਈ ਹੈ, ਪੜ੍ਹੀ ਅਤੇ ਗਾਇਨ ਕੀਤੀ ਜਾਂਦੀ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੫*

ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਸਨ। ਸਭ ਤੋਂ ਵੱਡੇ ਪ੍ਰਿਥੀਚੰਦ ਸੰਸਾਰਕ ਬਿਰਤੀ ਵਾਲੇ, ਚੰਗੀ ਪ੍ਰਬੰਧਕੀ ਸੂਝ ਵਾਲੇ, ਕਾਰ-ਵਿਹਾਰ ਦਾ ਸਾਰਾ ਪ੍ਰਬੰਧ ਤੇ ਸਾਂਭ ਸੰਭਾਲ ਕਰਦੇ ਸਨ, ਨਾਮ ਬਾਣੀ, ਸਿਮਰਨ ਸਾਧਨਾ ਵਿਚ ਧਿਆਨ ਨਹੀਂ ਸੀ। ਦੂਜੇ ਪੁੱਤਰ ਮਹਾਂਦੇਵ ਜੀ ਵੈਰਾਗਮਈ ਸੁਭਾਅ ਵਾਲੇ ਨਿਰਵਿਰਤ ਬਿਰਤੀ ਦੇ ਮਾਲਕ, ਉਪਰਾਮ ਰਹਿਣ ਵਾਲੇ ਕਿਸੇ ਕੰਮ ਵਿਚ ਰੁਚੀ ਨਹੀਂ ਸੀ ਰਖਦੇ। ਤੀਜੇ (ਗੁਰੂ) ਅਰਜਨ ਦੇਵ ਜੀ, ਗੁਣਵਾਨ, ਆਗਿਆਕਾਰੀ, ਨਾਮ-ਰਸੀਏ, ਹਰਮਨ ਪਿਆਰੇ ਸਪੁੱਤਰ ਸਨ ਜਿਨ੍ਹਾਂ ਨੂੰ ਗੁਰਗੱਦੀ ਦੇ ਯੋਗ ਸਮਝਦਿਆਂ ਸੰਨ 1581 ਵਿਚ ਗੁਰਗੱਦੀ ਬਖਸ਼ਿਸ਼ ਕੀਤੀ। ਸਤੰਬਰ 1581 ਵਿਚ ਆਪ ਜੀ ਜੋਤੀ ਜੋਤ ਸਮਾਏ।

## ਭੱਟ ਸਾਹਿਬਾਨ ਦੇ ਸਵਈਆਂ ਵਿਚ ਪ੍ਰਾਪਤ ਗੁਰੂ ਰਾਮਦਾਸ ਜੀ ਦੀ ਮਨੋਹਰ ਸ਼ਖਸੀਅਤ

ਗੁਰੂ ਅਰਜਨ ਦੇਵ ਜੀ ਦੀ ਦਸਤਾਰ ਬੰਦੀ ਦੀ ਰਸਮ ਵੇਲੇ ਦੂਰੋਂ-ਦੂਰੋਂ ਸਿੱਖ ਸੰਗਤਾਂ ਗੁਰੂ ਅਰਜਨ ਦੇਵ ਜੀ ਦੇ ਦੀਦਾਰ ਨੂੰ ਆਈਆਂ। ਪ੍ਰੋ. ਸਾਹਿਬ ਸਿੰਘ ਅਨੁਸਾਰ ਉਹਨੀ ਹੀ ਦਿਨੀਂ ਭੱਟ ਭੀ ਸੰਗਤਾਂ ਦੇ ਨਾਲ ਗੋਇੰਦਵਾਲ ਸਾਹਿਬ ਆਏ। ਦੀਦਾਰ ਦੀ ਬਰਕਤਿ ਨਾਲ ਚਿੱਤ ਗੁਰੂ ਦੀ ਸਿਫਤਿ ਕਰਨ ਦੇ ਉਮਾਹ ਵਿਚ ਆਇਆ ਅਤੇ ਗੁਰੂ ਉਪਮਾ ਵਿਚ ਉਹਨਾਂ ਇਹ 'ਸਵੱਈਏ' ਉਚਾਰੇ ਜਿਨ੍ਹਾਂ ਨੂੰ ਸਮੇਂ ਸਿਰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਮੁਖਵਾਕ ਸਵੱਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਕੁੱਲ 11 ਭੱਟ ਸਾਹਿਬਾਨ ਹਨ ਜਿਨ੍ਹਾਂ ਦੇ ਨਾਮ ਇਹ ਹਨ -

1. ਕੱਲਸਹਾਰ (ਜਿਸ ਦੇ ਦੂਜੇ ਨਾਮ 'ਕਲ੍ਹ' ਅਤੇ 'ਟਲ੍ਹ' ਹਨ) 2. ਜਾਲਪ (ਜਿਸ ਦਾ ਦੂਜਾ ਨਾਮ ਜਲ੍ਹ ਹੈ) 3. ਕੀਰਤ 4. ਭਿੱਖਾ 5. ਸਲ੍ਹ 6. ਭਲ੍ਹ 7. ਨਲ੍ਹ 8. ਗਯੰਦ 9. ਮਥੁਰਾ 10. ਬਲ੍ਹ ਅਤੇ 11. ਹਰਿਬੰਸ।

ਸਵੱਈਆਂ ਵਿਚ ਕੇਵਲ ਗੁਰੂ ਦੀ ਵਡਿਆਈ ਕੀਤੀ ਗਈ ਹੈ। ਗੁਰੂ ਦੀ ਉਪਮਾ ਕਰਨ ਲੱਗਿਆਂ 'ਗੁਰ ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ। ਸੋ ਇਹਨਾਂ ਭੱਟ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤਕ ਹਰੇਕ 'ਗੁਰ ਮਹਲੇ' ਦੀ ਸਿਫਤਿ ਉਚਾਰੀ ਹੈ।

ਭੱਟ ਕਲਸਹਾਰ ਨੇ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ 13 ਸਵੱਈਏ ਉਚਾਰੇ ਹਨ। ਪਹਿਲੇ ਸਵੱਯੇ ਵਿਚ ਹੀ ਆਪ ਜੀ ਬੇਨਤੀ ਕਰਦੇ ਹਨ, ਹੇ ਸਤਿਗੁਰੂ (ਗੁਰੂ ਰਾਮਦਾਸ ਜੀ) ਮੈਂ ਦਾਸ ਦੀ ਆਸ ਪੂਰੀ ਕਰੋ ਕਿ ਮੈਂ ਇਕਾਗਰ ਚਿੱਤ ਹੋ ਕੇ ਮਾਇਆ ਤੋਂ ਰਹਿਤ ਹੋ ਕੇ ਅਕਾਲਪੁਰਖ ਨੂੰ ਸਿਮਰਾਂ, ਗੁਰੂ ਦੀ ਕ੍ਰਿਪਾ ਨਾਲ ਸਦਾ ਹਰੀ ਦੇ ਗੁਣ ਗਾਵਾਂ ਅਤੇ ਗੁਣ ਗਾਇਨ ਕਰਦਿਆਂ-ਕਰਦਿਆਂ ਮੇਰੇ ਮਨ ਵਿਚ ਖਿੜਾਉ ਪੈਦਾ ਹੋਵੇ -

*ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥*
*ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥*
*ਗੁਨ ਗਾਵਤ ਮਨਿ ਹੋਇ ਬਿਗਾਸਾ ॥*
*ਸਤਿਗੁਰ ਪੂਰਿ ਜਨਹ ਕੀ ਆਸਾ ॥* *ਅੰਗ - ੧੩੯੬*

ਅੱਗੇ ਫੁਰਮਾਉਂਦੇ ਹਨ -

*ਸਤਿਗੁਰ ਸੇਵਿ ਪਰਮ ਪਦੁ ਪਾਯਉ ॥*
*ਅਬਿਨਾਸੀ ਅਬਿਗਤੁ ਧਿਆਯਉ ॥*
*ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥*

*ਕਲ੍ਯ ਸਹਾਰੁ ਤਾਸੁ ਗੁਣ ਜੰਪੈ ॥* *ਅੰਗ- ੧੩੯੬*

ਅਰਥਾਤ - ਜਿਸ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਉੱਚੀ ਪਦਵੀ ਪਾਈ ਹੈ ਅਤੇ ਅਬਿਨਾਸ਼ੀ ਤੇ ਅਦ੍ਰਿਸ਼ਟ ਹਰੀ ਨੂੰ ਸਿਮਰਿਆ ਹੈ, ਉਸ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗਿਆਂ, ਦਲਿੱਦ੍ਰ ਨਹੀਂ ਚੰਬੜਦਾ, ਕਲਸਹਾਰ ਕਵੀ ਉਸ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦਾ ਹੈ।

ਕਲਸਹਾਰ ਅੱਗੇ ਫੁਰਮਾਨ ਕਰਦੇ ਹਨ -

*ਜੰਪਉ ਗੁਣ ਬਿਮਲ ਸੁਜਨ ਜਨ ਕੇਰੇ*
*ਅਮਿਅ ਨਾਮੁ ਜਾ ਕਉ ਫੁਰਿਆ ॥*
*ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ*
*ਨਾਮੁ ਨਿਰੰਜਨ ਉਰਿ ਧਰਿਆ ॥* *ਅੰਗ - ੧੩੯੬*

ਅਰਥਾਤ - ਮੈਂ ਉਸ ਸ੍ਰੇਸ਼ਟ ਜਨ (ਗੁਰੂ ਅਮਰਦਾਸ ਜੀ) ਦੇ ਨਿਰਮਲ ਗੁਣ ਗਾਉਂਦਾ ਹਾਂ, ਜਿਸ ਨੂੰ ਆਤਮਕ ਜੀਵਨ ਦੇਣ ਵਾਲੇ ਨਾਮ ਦਾ ਅਨੁਭਵ ਹੋਇਆ ਹੈ, ਇਸ (ਗੁਰੂ ਰਾਮਦਾਸ ਜੀ) ਨੇ ਗੁਰੂ (ਅਮਰਦਾਸ ਜੀ) ਨੂੰ ਸੇਵ ਕੇ ਸ਼ਬਦ ਦਾ ਅਨੰਦ ਪ੍ਰਾਪਤ ਕੀਤਾ ਹੈ ਤੇ ਨਿਰੰਜਨ ਦਾ ਨਾਮ ਹਿਰਦੇ ਵਿਚ ਵਸਾਇਆ ਹੈ।

ਸਵੱਯੇ ਦੀਆਂ ਆਖਰੀ ਪੰਗਤੀਆਂ ਹਨ -

*ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ*
*ਚਾਹਕੁ ਤਤ ਸਮਤ ਸਰੇ ॥*
*ਕਵਿ ਕਲ੍ਯ ਠਕੁਰ ਹਰਦਾਸ ਤਨੇ*
*ਗੁਰ ਰਾਮਦਾਸ ਸਰ ਅਭਰ ਭਰੇ ॥* *ਅੰਗ- ੧੩੯੬*

ਅਰਥਾਤ - ਹੇ ਕਲਸਹਾਰ ਕਵੀ! ਠਾਕੁਰ ਹਰਿਦਾਸ ਜੀ ਦੇ ਸਪੁੱਤਰ (ਗੁਰੂ ਰਾਮਦਾਸ ਜੀ) (ਹਿਰਦੇ ਰੂਪੀ) ਖਾਲੀ ਸਰੋਵਰਾਂ ਨੂੰ ਨਾਮ ਨਾਲ ਭਰਨ ਵਾਲੇ ਹਨ। ਗੁਰੂ ਰਾਮਦਾਸ ਜੀ ਅਕਾਲ ਪੁਰਖ ਦੇ ਨਾਮ ਦੇ ਰਸੀਏ ਹਨ, ਗੋਬਿੰਦ-ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਹਨ ਅਤੇ ਸਮਦ੍ਰਿਸ਼ਟਤਾ ਦਾ ਸਰੋਵਰ ਹਨ।

ਪੰਜਵੇਂ ਸਵੱਯੇ ਵਿਚ ਆਪ ਜੀ ਫੁਰਮਾਨ ਕਰਦੇ ਹਨ ਕਿ ਗੁਰੂ ਰਾਮਦਾਸ ਜੀ ਨੂੰ ਅਬਿਨਾਸ਼ੀ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਹੋਈ -

*ਨਾਨਕ ਪ੍ਰਸਾਦਿ ਅੰਗਦ ਸੁਮਤਿ*
*ਗੁਰਿ ਅਮਰਿ ਅਮਰੁ ਵਰਤਾਇਓ ॥*
*ਗੁਰ ਰਾਮਦਾਸ ਕਲ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ ॥*
*ਅੰਗ - ੧੩੯੭*

ਅਰਥਾਤ ਕਵੀ ਕਲਸਹਾਰ ਆਖਦਾ ਹੈ - ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਨਾਲ ਅਤੇ ਗੁਰੂ ਅੰਗਦ ਦੇਵ ਜੀ ਦੀ ਬਖਸ਼ੀ ਸੁੰਦਰ ਬੁੱਧ ਨਾਲ, ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦਾ ਹੁਕਮ ਵਰਤੋਂ ਵਿਚ ਲਿਆਂਦਾ ਹੈ, ਹੇ ਗੁਰੂ ਰਾਮਦਾਸ ਜੀ! ਆਪ ਜੀ ਸਦਾ ਥਿਰ ਰਹਿਣ ਵਾਲੇ ਅਤੇ ਅਬਿਨਾਸ਼ੀ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ।

ਭੱਟ ਕਲ੍ਯ ਦਾ ਦੂਜਾ ਨਾਮ ਭੱਟ ਨਲ੍ਯ ਹੈ। ਇਸ ਨਾਮ ਹੇਠ ਆਪ ਜੀ ਨੇ 16 ਸਵੱਈਏ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਉਚਾਰਨ ਕੀਤੇ। ਇਨ੍ਹਾਂ ਵਿਚ ਵੀ ਆਪ ਜੀ ਨੇ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੂੰ ਅਕਾਲਪੁਰਖ ਵਲੋਂ ਬਖਸ਼ਿਸ਼ ਹੋਈ ਇਕੋ ਜੋਤਿ ਦਾ ਪ੍ਰਕਾਸ਼ ਮੰਨਿਆ ਹੈ -

*ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ*
*ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥*
*ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ*
*ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥*
*ਅੰਗ - ੧੩੯੯*

ਅਰਥਾਤ ਪਹਿਲਾਂ ਗੁਰੂ ਨਾਨਕ ਦੇਵ ਜੀ ਚੰਦਰਮਾ ਰੂਪ ਪ੍ਰਗਟ ਹੋਏ, ਮਨੁੱਖਾਂ ਨੂੰ ਤਾਰਨ ਲਈ ਆਪ ਜੀ ਨੇ ਚਾਨਣਾ ਕੀਤਾ ਤੇ ਸਾਰੇ ਸੰਸਾਰ ਨੂੰ ਖੁਸ਼ੀ ਹੋਈ। ਫਿਰ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਹਰੀ ਦੀ ਅਕਥ ਕਥਾ ਦਾ ਗਿਆਨ ਰੂਪ ਬਖਸ਼ਿਆ, ਜਿਸ ਕਰਕੇ ਗੁਰੂ ਅੰਗਦ ਦੇਵ ਨੇ ਕਾਮਾਦਿਕ ਪੰਜੇ ਵੈਰੀ ਵਸ ਵਿਚ ਕਰ ਲਏ ਤੇ ਇਨ੍ਹਾਂ ਦਾ ਡਰ ਨਾ ਰਿਹਾ।

*ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ*
*ਅਘਨ ਦੇਖਤ ਗਤੁ ਚਰਨ ਕਵਲ ਜਾਸ ॥*
*ਸਭ ਬਿਧਿ ਮਾਨ੍ਯਿਉ ਮਨੁ ਤਬ ਹੀ ਭਯਉ ਪ੍ਰਸੰਨੁ*
*ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ੪ ॥*
*ਅੰਗ - ੧੩੯੯*

ਅਰਥਾਤ - ਫੇਰ ਗੁਰੂ ਅੰਗਦ ਦੇਵ ਜੀ ਦੀ ਛੋਹ ਨਾਲ ਸ੍ਰੀ ਗੁਰੂ ਅਮਰਦਾਸ ਜੀ ਪ੍ਰਗਟ ਹੋਏ। ਉਨ੍ਹਾਂ ਨੇ ਕਲਿਜੁਗ ਦੀ ਪੱਤ ਰਖੀ, ਆਪ ਜੀ ਦੇ ਚਰਨ ਕਮਲਾਂ ਦਾ ਦਰਸ਼ਨ ਕਰਕੇ ਕਲਿਜੁਗ ਦੇ ਪਾਪ ਭੱਜ ਗਏ। ਜਦੋਂ ਗੁਰੂ ਅਮਰਦਾਸ ਜੀ ਦਾ ਮਨ ਪੂਰਨ ਤੌਰ ਤੇ ਪਤੀਜ ਗਿਆ, ਤਦੋਂ ਉਹ ਗੁਰੂ ਰਾਮਦਾਸ ਜੀ ਉਤੇ ਤਰੁੱਠੇ ਤੇ ਉਹਨਾਂ ਨੂੰ ਰਾਜ ਜੋਗ ਵਾਲਾ ਤਖਤ ਬਖਸ਼ਿਆ।

ਅਗਲੇ 13 ਸਵੱਯੇ ਭੱਟ ਗਯੰਦ ਜੀ ਦੇ ਹਨ। ਆਪ ਜੀ ਨੇ ਵੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਦਾ ਪ੍ਰਕਾਸ਼ ਦੂਜੀ, ਤੀਜੀ ਅਤੇ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਵਿਚ ਪ੍ਰਗਟ ਹੋਇਆ ਦੱਸਿਆ ਹੈ-

*ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥*

*ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥*
*ਲਹਣੈ ਪੰਥੁ ਧਰਮ ਕਾ ਕੀਆ ॥*
*ਅਮਰਦਾਸ ਭਲੇ ਕਉ ਦੀਆ ॥*
*ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯਉ ॥*
*ਹਰਿ ਕਾ ਨਾਮੁ ਅਖੈ ਨਿਧਿ ਅਪ੍ਯਉ ॥ ਅੰਗ - ੧੪੦੧*

ਅਰਥਾਤ - ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਦੇ ਨਿਕਟ ਵਸਦੇ ਹਨ। ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਨਿਵਾਜ ਕੇ ਰੱਬੀ ਜੋਤਿ ਜਗਤ ਵਿਚ ਪ੍ਰਕਾਸ਼ਮਾਨ ਕੀਤੀ। ਭਾਈ ਲਹਿਣਾ ਜੀ ਨੇ ਧਰਮ ਦਾ ਰਾਹ ਚਲਾਇਆ ਅਤੇ ਨਾਮ-ਧਰਮ ਦੀ ਦਾਤ ਭਲੇ ਗੁਰੂ ਅਮਰਦਾਸ ਜੀ ਨੂੰ ਸੌਂਪੀ। ਗੁਰੂ ਅਮਰਦਾਸ ਜੀ ਨੇ ਨਾਮ ਦਾ ਅਖੁੱਟ ਖਜ਼ਾਨਾ ਸੋਢੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ।

ਇਕ ਗੱਲ ਵਿਸ਼ੇਸ਼ ਧਿਆਨ ਯੋਗ ਹੈ ਕਿ ਗਯੰਦ ਦੇ ਇਨ੍ਹਾਂ ਸਵੱਈਆਂ ਵਿਚ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ 'ਵਾਹਿਗੁਰੂ' ਸ਼ਬਦ ਦਾ ਪਹਿਲੀ ਵਾਰੀ ਪ੍ਰਯੋਗ ਹੋਇਆ ਹੈ -

*ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ॥*
*ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥*
*ਅੰਗ - ੧੪੦੨*

ਅਰਥਾਤ - ਹੇ ਗੁਰੂ! ਤੂੰ ਅਸਚਰਜ ਹੈਂ, ਤੂੰ ਅਟੱਲ ਹੈਂ, ਤੂੰ ਹੀ ਲਛਮੀ ਦਾ ਟਿਕਾਣਾ ਹੈਂ, ਤੂੰ ਆਦਿ ਪੁਰਖ ਹੈਂ, ਤੂੰ ਸਦਾ ਥਿਰ ਹੈ। ਗੁਰੂ ਰਾਮਦਾਸ ਜੀ ਦੀ ਸਿਫਤ ਸਾਲਾਹ ਵਿਚ ਇਸ ਦਾ ਗਾਇਨ ਸਾਧ ਸੰਗਤ ਵਿਚ ਵਿਸ਼ੇਸ਼ ਤੌਰ ਤੇ ਕੀਤਾ ਤੇ ਸੁਣਿਆ ਤੇ ਮਾਨਿਆ ਜਾਂਦਾ ਹੈ ਜਿਵੇਂ ਨਿਮਨ ਸਵੱਯਾ -

*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥*
*ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ*
*ਕੋਊ ਤੂ ਕਦ ਕਾ ॥*
*ਬ੍ਰਹਮਾ ਬਿਸਨੁ ਸਿਰੇ ਤੈ ਅਗਨਤ*
*ਤਿਨ ਕਉ ਮੋਹੁ ਭਯਾ ਮਨ ਮਦ ਕਾ ॥*
*ਚਵਰਾਸੀਹ ਲਖ ਜੋਨਿ ਉਪਾਈ*
*ਰਿਜਕ ਦੀਆ ਸਭ ਹੂ ਕਉ ਤਦ ਕਾ ॥*
*ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਿਗੁਰੂ ਤੇਰਾ ਸਭੁ ਸਦਕਾ ॥*
*ਅੰਗ - ੧੪੦੩*

ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਮਥੁਰਾ ਭੱਟ ਨੇ 7 ਸਵੱਯੇ ਉਚਾਰਨ ਕੀਤੇ ਹਨ। ਮਥੁਰਾ ਜੀ ਅਨੁਸਾਰ ਸਾਰੇ ਜੁਗਾਂ ਵਿਚ ਭਉਂਦਾ ਹੋਇਆ ਕੋਈ ਮੁਨੀ ਪਰਮਾਤਮਾ ਦਾ ਧਿਆਨ ਧਰਦਾ ਹੈ, ਅੰਦਰ ਦਾ ਚਾਨਣ ਲੱਭਦਾ ਹੈ, ਜਿਸ ਦਾ ਜਸ ਬ੍ਰਹਮਾ ਵੇਦ-ਬਾਣੀ ਸਣੇ ਗਾਉਂਦਾ ਹੈ, ਜਿਸ ਦੇ ਦਰਸ਼ਨਾਂ ਖਾਤਰ ਅਨੇਕਾਂ ਜੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ, ਜਟਾ-ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ, ਉਸ ਹਰੀ-ਰੂਪ ਗੁਰੂ ਅਮਰਦਾਸ ਜੀ ਨੇ ਸਹਜ-ਸੁਭਾਇ ਜੀਆਂ ਉਤੇ ਕ੍ਰਿਪਾ ਕੀਤੀ ਤੇ ਗੁਰੂ ਰਾਮਦਾਸ ਜੀ ਨੂੰ ਹਰੀ ਨਾਮ ਦੀ ਵਡਿਆਈ ਬਖਸ਼ੀ-

*ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ*
*ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥*
*ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ*
*ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥*
*ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ*
*ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ॥*
*ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ*
*ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥*
*ਅੰਗ - 1404*

ਬਲ੍ਯ ਭੱਟ ਨੇ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਪੰਜ ਸਵੱਯੇ ਉਚਾਰੇ ਹਨ, ਜਿਨ੍ਹਾਂ ਦਾ ਉਚਾਰਨ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, ਪਹਿਲੇ ਪ੍ਰਕਾਸ਼ ਸਮੇਂ, ਹੋਰ ਭੱਟ ਬਾਣੀ ਦੇ ਨਾਲ, ਬੜੇ ਪਿਆਰ ਨਾਲ ਉਚਾਰਨ ਕੀਤਾ ਜਾਂਦਾ ਹੈ। ਇਕ ਸਵੱਯਾ ਉਦਾਹਰਣ ਵਜੋਂ ਹਾਜ਼ਰ ਹੈ -

*ਜਿਹ ਸਤਿਗੁਰ ਸਿਮਰੰਤ*
*ਨਯਨ ਕੇ ਤਿਮਰ ਮਿਟਹਿ ਖਿਨੁ ॥*
*ਜਿਹ ਸਤਿਗੁਰ ਸਿਮਰੰਥਿ*
*ਰਿਦੈ ਹਰਿ ਨਾਮੁ ਦਿਨੋ ਦਿਨੁ ॥*
*ਜਿਹ ਸਤਿਗੁਰ ਸਿਮਰੰਥਿ*
*ਜੀਅ ਕੀ ਤਪਤਿ ਮਿਟਾਵੈ ॥*
*ਜਿਹ ਸਤਿਗੁਰ ਸਿਮਰੰਥਿ*
*ਰਿਧਿ ਸਿਧਿ ਨਵ ਨਿਧਿ ਪਾਵੈ ॥*
*ਸੋਈ ਰਾਮਦਾਸੁ ਗੁਰੁ ਬਲ੍ਯ ਭਣਿ*
*ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥*
*ਜਿਹ ਸਤਿਗੁਰ ਲਗਿ ਪ੍ਰਭੁ ਪਾਈਐ*
*ਸੋ ਸਤਿਗੁਰੁ ਸਿਮਰਹੁ ਨਰਹੁ ॥ ਅੰਗ - ੧੪੦੫*

ਅਰਥਾਤ ਜਿਸ ਸਤਿਗੁਰੂ (ਗੁਰੂ ਰਾਮਦਾਸ ਜੀ) ਦਾ ਸਿਮਰਨ ਕੀਤਿਆਂ ਅੱਖਾਂ ਦੇ ਛੌੜ ਖਿਨ ਵਿਚ ਕੱਟੇ ਜਾਂਦੇ ਹਨ, ਜਿਸ ਗੁਰੂ ਦਾ ਸਿਮਰਨ ਕੀਤਿਆਂ ਹਿਰਦੇ ਵਿਚ ਹਰੀ ਦਾ ਨਾਮ ਦਿਨੋ ਦਿਨ ਹੋਰ ਪਰਪੱਕ ਹੁੰਦਾ ਹੈ। ਜਿਸ ਗੁਰੂ ਨੂੰ ਸਿਮਰਿਆਂ ਜੀਵ ਦੇ ਹਿਰਦੇ ਦੀ ਤਪਤ ਮਿਟਦੀ ਹੈ, ਜਿਸ ਗੁਰੂ ਨੂੰ ਯਾਦ ਕਰਕੇ ਜੀਵ ਰਿੱਧੀਆਂ ਸਿੱਧੀਆਂ ਤੇ ਨੌਂ ਨਿਧੀਆਂ ਪਾ ਲੈਂਦਾ ਹੈ; ਬਲ੍ਯ ਕਵੀ ਕਹਿੰਦਾ ਹੈ - ਹੇ ਜਨੋਂ! ਜਿਸ ਗੁਰੂ ਰਾਮਦਾਸ ਜੀ ਦੀ ਚਰਨੀਂ ਲਗ ਕੇ ਪ੍ਰਭੂ

*(ਬਾਕੀ ਪੰਨਾ 55 'ਤੇ)*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ

## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-52)*

ਤੁਹਾਨੂੰ ਦੂਸਰਿਆਂ ਕੋਲੋਂ ਖੁਸ਼ੀ ਦੀ ਆਸ ਨਹੀਂ ਰੱਖਣੀ ਚਾਹੀਦੀ। ਹਰ ਕੋਈ ਪੁੱਛਦਾ ਹੈ ਕਿ ਤੁਸੀਂ ਮੈਨੂੰ ਪਿਆਰ ਕਰਦੇ ਹੋ? ਇਸ ਗੱਲ ਦੀ ਕੋਈ ਲੋੜ ਨਹੀਂ ਹੁੰਦੀ। ਤੁਸੀਂ ਆਪਣੇ ਅੰਦਰ ਹੀ ਦੇਖ ਸਕਦੇ ਹੋ ਕਿ ਤੁਸੀਂ ਦੂਸਰੇ ਨੂੰ ਕਿੰਨਾਂ ਪਿਆਰ ਕਰਦੇ ਹੋ। ਦੂਸਰੇ ਨੂੰ ਇਹ ਨਾ ਪੁੱਛੋ, ਤੁਸੀਂ ਮੈਨੂੰ ਕਿੰਨਾ ਪਿਆਰ ਕਰਦੇ ਹੋ? ਉਹ ਪਿਆਰ ਨਹੀਂ, ਉਹ ਇਕ ਆਸ ਹੈ, ਉਮੀਦ ਹੈ। ਤੁਸੀਂ ਦੂਸਰੇ ਤੋਂ ਬਹੁਤ ਜ਼ਿਆਦਾ ਆਸ ਰਖ ਰਹੇ ਹੋ। ਤੁਸੀਂ ਕੇਵਲ ਪਿਆਰ ਕਰੋ, ਕੋਈ ਸਵਾਲ ਨਾ ਪੁਛੋ। ਅੱਜ ਸਾਰਾ ਸੰਸਾਰ ਦੁਖੀ ਹੈ ਕਿਉਂਕਿ ਹਰ ਕੋਈ ਪੁਛਦਾ ਹੈ, "ਤੁਸੀਂ ਮੈਨੂੰ ਪਿਆਰ ਕਰਦੇ ਹੋ?" ਤੁਸੀਂ ਇਹ ਆਸ ਕਰਦੇ ਹੋ ਕਿ ਦੂਸਰੇ ਤੁਹਾਨੂੰ ਪਿਆਰ ਕਰਨ, ਪਰ ਤੁਸੀਂ ਪਿਆਰ ਨਹੀਂ ਕਰਦੇ। ਪਿਆਰ ਤੋਂ ਭਾਵ ਹੈ ਸੁਚੇਤਨਤਾ। ਜੇ ਤੁਸੀਂ ਇਹ ਜਾਣ ਜਾਓ, ਸਮਝ ਜਾਓ ਕਿ ਹਰੇਕ ਦੇ ਅੰਦਰ ਹਰੇਕ ਦੇ ਦਿਲ ਵਿਚ ਅਨੰਤਤਾ ਹੈ, ਉਹ ਆਪ ਹੈ, ਤੁਸੀਂ ਉਸ ਨੂੰ ਅਵੱਸ਼ ਪਿਆਰ ਕਰੋਗੇ। ਤੁਸੀਂ ਇਹ ਕਹਿ ਸਕੋਗੇ, ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਤੁਹਾਡੇ ਸਰੀਰ ਨੂੰ ਨਹੀਂ, ਮਨ ਨੂੰ ਨਹੀਂ, ਇੰਦ੍ਰੀਆਂ ਨੂੰ ਨਹੀਂ, ਮੈਂ ਤੁਹਾਡੇ ਅੰਦਰ ਵਸਦੇ ਪ੍ਰਮਾਤਮਾ ਨੂੰ ਪਿਆਰ ਕਰਦਾ ਹਾਂ, ਅੰਦਰ ਜਾਗਦੀ ਜੋਤ ਨੂੰ ਪਿਆਰ ਕਰਦਾ ਹਾਂ। ਅਸੀਂ ਸਾਰੇ ਇਕ ਲੈਂਪ ਦੀ ਤਰ੍ਹਾਂ ਹਾਂ, ਤੁਹਾਡੇ ਅੰਦਰ ਦੀ ਜੋਤ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਮੇਰੀ, ਮੈਂ ਉਸ ਜੋਤ ਨੂੰ ਪਿਆਰ ਕਰਦਾ ਹਾਂ। ਜਦੋਂ ਤੁਸੀਂ ਦੂਸਰਿਆਂ ਨੂੰ ਪਿਆਰ ਕਰਦੇ ਹੋ, ਤੁਸੀਂ ਆਪਣੇ ਆਪ ਨੂੰ ਪਿਆਰ ਕਰਦੇ ਹੋ। ਇਹ ਬੜਾ ਸੌਖਾ ਹੋ ਜਾਂਦਾ ਹੈ। ਤੁਸੀਂ ਆਪਣੀ ਧਾਰਨਾ ਬਦਲੋ, ਆਪਣੀ ਰੁਚੀ ਬਦਲੋ। ਜੀਵਨ ਕੀ ਹੈ, ਉਸ ਦੀ ਧਾਰਨਾ, ਜੀਵਨ ਬਾਰੇ ਰੁਚੀ ਬਦਲੋ, ਜੀਵਨ ਨੂੰ ਇਕ ਕਵਿਤਾ ਬਣਾਓ, ਸੋਹਣਾ ਬਣਾਓ।

ਮੈਨੂੰ ਹਿਮਾਲੀਆ ਦੇ ਇਕ ਬ੍ਰਹਮਗਿਆਨੀ ਮਿਲੇ, ਕਹਿਣ ਲੱਗੇ, ਮੈਨੂੰ ਸਮਝ ਨਹੀਂ ਆਉਂਦੀ, ਲੋਕ ਐਨੇ ਪਰੇਸ਼ਾਨ ਕਿਉਂ ਰਹਿੰਦੇ ਹਨ। ਜੀਵਨ ਨੂੰ ਭੋਗਣਾ, ਮਾਨਣਾ ਬਹੁਤ ਹੀ ਸੌਖਾ ਹੈ। ਮੈਂ ਪੁੱਛਿਆ ਤੁਸੀਂ ਦੱਸਣ ਦੀ ਕ੍ਰਿਪਾ ਕਰੋਗੇ ਕੀ ਰਹੱਸ ਹੈ? ਉਹ ਕਹਿਣ ਲੱਗੇ, ਜੀਵਨ ਵਿਚ ਅਨੁਕੂਲ, ਸਮਾਯੋਜਨਾ ਦੀ ਲੋੜ ਹੈ। ਜੀਵਨ ਦਾ ਨਿਸ਼ਾਨਾ ਹੈ ਸੰਤੁਸ਼ਟਤਾ ਪਰ, ਜਿਹੜੇ ਜੀਵਨ ਵਿਚ ਅਨੁਕੂਲਤਾ (adjustment) ਹੀ ਨਹੀਂ ਜਾਣਦੇ, ਉਹ ਨਿਸ਼ਾਨੇ ਦੀ ਪ੍ਰਾਪਤੀ ਕਿਸ ਤਰ੍ਹਾਂ ਕਰ ਸਕਦੇ ਹਨ। ਜਦੋਂ ਤੁਸੀਂ ਬਾਹਰ ਦੇ ਸੰਸਾਰ ਨਾਲ ਹੀ ਅਨੁਕੂਲਤਾ ਪ੍ਰਾਪਤ ਨਹੀਂ ਕਰ ਸਕਦੇ ਤਾਂ ਸਾਰੀ ਸਮੱਸਿਆ ਤਾਂ ਤੁਹਾਡੇ ਆਪਣੇ ਅੰਦਰ ਹੈ ਐਸਾ ਸਮਝਣ ਤੇ ਜਾਨਣ ਦੀ ਲੋੜ ਹੈ। ਸੋ ਲੋੜ ਹੈ ਆਪਣੇ ਅੰਦਰ ਨੂੰ ਜਾਨਣ ਦੀ, ਸਮਝਣ ਦੀ। ਅੰਦਰ ਨੂੰ ਜਾਣ ਕੇ, ਸਮਝ ਕੇ ਤੁਸੀਂ ਖੁਸ਼ ਰਹਿ ਸਕੋਗੇ।

ਅੱਜ ਦੇ ਲੋਕਾਂ ਨੂੰ ਅੰਦਰ ਝਾਤੀ ਮਾਰਨ ਦਾ, ਅੰਤਰ ਦੇਖਣ ਦਾ ਸਮਾਂ ਹੀ ਨਹੀਂ। ਉਹ ਤਾਂ ਸ਼ਾਂਤੀ ਨਾਲ ਕੁਝ ਕੁ ਮਿੰਟ ਵੀ ਨਹੀਂ ਬੈਠ ਸਕਦੇ। ਜੇਕਰ ਉਹ ਯਤਨ ਵੀ ਕਰਦੇ ਹਨ, ਤਾਂ ਉਹ ਸੋਚਣ ਲਗ ਪੈਂਦੇ ਹਨ ਜਿਸ ਨਾਲ ਅਸ਼ਾਂਤੀ ਹੋ ਜਾਂਦੀ ਹੈ। ਵਾਸਤਵ ਵਿਚ ਸੋਚਣ ਨਾਲ ਅਸ਼ਾਂਤੀ ਨਹੀਂ ਹੁੰਦੀ, ਛੋਟੇ ਨਹੀਂ ਹੁੰਦੇ। ਇਹ ਸਭ ਤਾਂ ਸੰਵੇਗ ਨਾਲ, ਭਾਵਨਾ ਨਾਲ ਹੁੰਦਾ ਹੈ। ਤੁਸੀਂ ਕਿੰਨੇ ਸਿਆਣੇ ਹੋ, ਤੁਸੀਂ ਕਿੰਨਾ ਕੁਝ ਜਾਣਦੇ ਹੋ, ਇਹ ਸਭ ਕੁਝ ਦਾ ਕੋਈ ਲਾਭ ਨਹੀਂ। ਇਸ ਗੱਲ ਦਾ, ਇਸ ਸਭ ਕੁਝ ਦਾ ਫਾਇਦਾ ਉਦੋਂ ਹੀ ਹੈ ਜਦੋਂ ਤਕ ਤੁਸੀਂ ਤੁਸੀਂ ਆਪਣੇ ਸੰਵੇਗਾਂ ਨੂੰ, ਸੰਵੇਗਕ ਵਿਹਾਰ ਨੂੰ ਸੰਗਠਨ ਕਰਕੇ ਕੰਟਰੋਲ ਨਹੀਂ ਕੀਤਾ। ਸੰਵੇਗਾਂ ਨੂੰ ਕਾਬੂ ਕਰਨ ਲਈ ਪੁਸਤਕਾਂ ਦੀ ਪੜ੍ਹਾਈ ਸਹਾਇਕ ਨਹੀਂ ਹੋਵੇਗੀ। ਜੇ ਤੁਸੀਂ ਗ੍ਰੰਥ ਵੀ ਪੜ੍ਹੇ ਹਨ, ਤੁਸੀਂ ਖੁਸ਼ ਨਹੀਂ ਰਹਿ ਸਕਦੇ, ਜਦੋਂ ਤਕ ਤੁਸੀਂ ਆਪਣੇ ਸੰਵੇਗਾਂ ਨੂੰ ਕੰਟਰੋਲ ਨਹੀਂ ਕਰੋਗੇ। ਸੋ ਲੋੜ ਹੈ ਸੰਵੇਗਾਂ ਨੂੰ ਸਮਝਣ ਦੀ, ਸੰਵੇਗ ਕਿਥੋਂ ਉਠ ਰਹੇ ਹਨ। ਉਹ ਕਿਉਂ ਤੁਹਾਡੇ ਲਈ ਸਮੱਸਿਆ ਪੈਦਾ ਕਰ ਰਹੇ ਹਨ। ਤੁਹਾਨੂੰ ਆਪਣੇ ਸੰਵੇਗਾਂ ਨੂੰ ਮੋੜਨਾ ਹੀ ਪਵੇਗਾ, ਨਕਾਰਆਤਮਕ ਤੋਂ ਸਕਾਰਆਤਮਕ ਬਣਾਉਣਾ ਹੀ ਪਵੇਗਾ।

ਇਕ ਤਰੀਕਾ ਜਿਸ ਨਾਲ ਤੁਸੀਂ ਆਪਣੀਆਂ ਨਕਾਰਾਤਮਕ ਸੰਵੇਗ ਬਦਲ ਸਕਦੇ ਹੋ। ਆਪਣੇ ਬੋਲ, ਆਪਣੇ ਕੰਮ, ਕਾਰਜ ਕਾਬੂ ਕਰ ਸਕਦੇ ਹੋ। ਉਹ ਹੈ ਆਪਣੀ ਮਨੋਬਿਰਤੀ ਬਦਲਣੀ। ਕਿਸੇ ਨੂੰ ਨਹੀਂ ਪਤਾ ਤੁਸੀਂ ਕੀ ਸੋਚਦੇ ਹੋ ਪਰ ਸਭ ਨੂੰ ਤੁਹਾਡਾ ਪਤਾ, ਤੁਹਾਡੇ ਬੋਲ ਤੋਂ ਲਗਦਾ ਹੈ। ਬਾਹਰੀ ਸੰਸਾਰ ਨਾਲ ਇਹੋ ਹੀ ਤੁਹਾਡੀ ਸਾਂਝ ਹੈ। ਸੋ ਜੇ ਤੁਸੀਂ ਆਪਣੀ ਕਥਨੀ, ਕਰਨੀ ਨੂੰ ਸੋਧ ਦੇ ਦਿਓ ਤੁਹਾਨੂੰ ਸ਼ਾਂਤੀ ਨਾਲ ਜੀਉਣਾ, ਰਹਿਣਾ ਆ ਜਾਏਗਾ। ਗੋਲੀ ਲੱਗੀ ਦਾ ਨਿਸ਼ਾਨ, ਜ਼ਖਮ ਠੀਕ ਹੋ ਜਾਂਦਾ ਹੈ ਪਰ ਸ਼ਬਦਾਂ ਦਾ ਮਾਰਿਆ ਫੱਟ ਨਹੀਂ ਭਰਦਾ। ਜੇ ਕਿਸੇ ਨੇ ਖਰਵਾ ਬੋਲ ਬੋਲਿਆ ਹੈ ਤੁਸੀਂ

ਉਹ ਨਹੀਂ ਭੁੱਲ ਸਕਦੇ। ਉਹ ਜ਼ਖਮ ਰਹਿੰਦਾ ਹੀ ਹੈ। ਕਥਨੀ ਤੇ ਕਰਨੀ ਦੀ ਬਹੁਤ ਸ਼ਕਤੀ ਹੈ। ਸੋ ਜਿਹੜੀ ਆਪਣੀ ਕਥਨੀ ਕਰਨੀ ਠੀਕ ਰੱਖ ਸਕਦੇ ਹਨ ਉਹ ਹੀ ਖੁਸ਼ ਰਹਿ ਸਕਦੇ ਹਨ, ਸਾਡੀ ਕਰਨੀ ਦੇ ਪਿੱਛੇ ਸਦਾ ਹੀ ਪ੍ਰੇਰਨਾ ਹੁੰਦੀ ਹੈ, ਉਸ ਪ੍ਰੇਰਨਾ ਨੂੰ ਇੱਛਾ ਕਹਿੰਦੇ ਹਨ। ਜੇਕਰ ਤੁਸੀਂ ਇਹ ਕਹਿੰਦੇ ਹੋ, ਮੈਨੂੰ ਮਾਫ ਕਰਨਾ, ਮੈਨੂੰ ਪਤਾ ਨਹੀਂ। ਮੈਂ ਇਹ ਕਿਉਂ ਕੀਤਾ। ਤੁਸੀਂ ਆਪਣੇ ਆਪ ਨਾਲ ਝੂਠ ਬੋਲ ਰਹੇ ਹੋ। ਤੁਹਾਨੂੰ ਪਤਾ ਹੈ ਕਿਉਂ ਜੇਕਰ ਤੁਹਾਨੂੰ ਚੇਤਨ ਪੱਖੋਂ ਨਹੀਂ ਪਤਾ ਤਾਂ ਵੀ ਤੁਹਾਨੂੰ ਪਤਾ ਹੈ, ਤੁਹਾਡੇ ਬਹੁਤ ਵਿਹਾਰ, ਕਾਰਜ ਤੁਹਾਡੇ ਅਚੇਤ ਮਨ ਤੋਂ ਉਤਪੰਨ ਹੁੰਦੇ ਹਨ। ਉਹ ਹਿੱਸਾ ਜਿਹੜਾ ਹੈ ਤੁਹਾਨੂੰ ਪ੍ਰੇਰਿਤ ਕਰ ਰਿਹਾ ਹੈ, ਉਹ ਵੀ ਤੁਹਾਡਾ ਹੀ ਹੈ। ਤੁਸੀਂ ਉਸ ਨੂੰ ਕੰਟਰੋਲ ਕਰਨਾ ਸਿੱਖ ਸਕਦੇ ਹੋ।

## ਮੇਰਾ : ਮੇਰੇ ਲਈ ਨਹੀਂ

ਅਸੀਂ ਆਪਣੇ ਕੰਮ, ਆਪਣੇ ਕਾਰਜ ਕਿਸ ਤਰ੍ਹਾਂ ਕਰੀਏ, ਤਾਂਕਿ ਉਹ ਸਾਡੇ ਲਈ ਤੇ ਦੂਸਰਿਆਂ ਲਈ ਸਮੱਸਿਆ ਨਾ ਬਣ ਜਾਣ। ਜੇਕਰ ਅਸੀਂ ਆਪਣੀ ਮਨੋਬਿਰਤੀ ਬਦਲਨਾ ਸਿੱਖ ਲਈਏ, ਅਸੀਂ ਖੁਸ਼ ਰਹਿ ਸਕਦੇ ਹਾਂ। ਜਦੋਂ ਵੀ ਅਸੀਂ ਕੁਛ ਕਰਨਾ ਹੋਵੇ, ਸਾਨੂੰ ਇਹ ਦੇਖ ਲੈਣਾ ਚਾਹੀਦਾ ਹੈ, ਅਸੀਂ ਕਿਸ ਤਰੀਕੇ ਨਾਲ ਕਿਸ ਤਰ੍ਹਾਂ ਕਰੀਏ ਤਾਂ ਜੋ ਅਸੀਂ ਉਸ ਨਾਲ ਬੰਨ੍ਹੇ ਨਾ ਜਾਈਏ। ਉਸ ਨਾਲ ਮੋਹ ਨਾ ਪਾਈਏ। ਸੰਸਾਰ ਦੀਆਂ ਸਾਰੀਆਂ ਚੀਜ਼ਾਂ ਵਰਤਣ ਲਈ ਖੁਸ਼ੀ ਪ੍ਰਾਪਤ ਕਰਨ ਲਈ ਹਨ ਪਰ ਉਹ ਸਾਡੀਆਂ ਨਹੀਂ। ਸਾਡੀ ਸਾਰੀ ਖੁਸ਼ੀ, ਸਾਰਾ ਭੋਗ ਉਦੋਂ ਖਤਮ ਹੋ ਜਾਂਦਾ ਹੈ ਜਦੋਂ ਅਸੀਂ ਉਨ੍ਹਾਂ ਨੂੰ ਆਪਣੀਆਂ ਬਣਾ ਲੈਂਦੇ ਹਾਂ। ਜਦੋਂ ਅਸੀਂ ਆਪਣੀਆਂ ਬਣਾਉਂਦੇ ਹਾਂ ਅਸੀਂ ਉਨ੍ਹਾਂ ਨਾਲ ਮੋਹ ਪਾ ਲੈਂਦੇ ਹਾਂ। ਸਾਡਾ ਕੁਛ ਵੀ ਨਹੀਂ। ਜੋ ਸਾਨੂੰ ਦੁਖੀ ਕਰਦਾ ਹੈ, ਉਹ ਹੈ 'ਮੇਰਾ' ਮੇਰਾ ਘਰ, ਮੇਰੀ ਕਾਰ, ਮੇਰਾ ਇਹ, ਮੇਰਾ ਉਹ। ਜਿਸ ਚੀਜ਼ ਨਾਲ ਮੇਰਾ ਜੋੜੋਗੇ ਉਹ ਹੀ ਸਮੱਸਿਆ ਬਣ ਜਾਏਗੀ। ਅਸੀਂ ਉਨ੍ਹਾਂ ਨਾਲ ਮੋਹ ਪਾ ਲੈਂਦੇ ਹਾਂ, ਮੋਹ ਸੰਤਾਪ ਹੈ, ਫੇਰ ਅਸੀਂ ਸੁਖ ਨਹੀਂ ਲੈ ਸਕਦੇ, ਸੁਆਦ ਨਹੀਂ ਲੈ ਸਕਦੇ।

ਕੀ ਤੁਸੀਂ ਜਾਣਦੇ ਹੋ, ਅਸੀਂ ਸਵੇਰ ਤੋਂ ਸ਼ਾਮ ਤਕ ਕਿਹੜੇ ਸ਼ਬਦਾਂ ਦੀ ਵਰਤੋਂ ਕਰਦੇ ਹਾਂ। ਮੈਂ, ਮੇਰਾ ਸਾਰਾ ਵਕਤ ਅਸੀਂ ਲੋਕਾਂ ਨੂੰ ਦਸਦੇ ਹਾਂ। ਮੈਂ ਕਰ ਦਿਤਾ ਹੈ, ਮੈਂ ਉਦਾਸ ਹਾਂ, ਮੈਂ ਖੁਸ਼ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਭਾਵੇਂ ਅਸੀਂ ਕੁਝ ਵੀ ਕਰੀਏ, ਅਸੀਂ ਸਦਾ ਹੀ ਮੈਂ ਦੀ ਵਰਤੋਂ ਕਰਦੇ ਹਾਂ। ਪਰ ਜੇ ਕੋਈ ਕਹੇ ਤੁਸੀਂ ਸਦਾ ਮੈਂ ਦੀ ਗੱਲ ਕਰ ਰਹੇ ਹੋ, ਕੀ ਮੈਂ ਪੁੱਛ ਸਕਦਾ ਹਾਂ ਕਿ ਇਹ 'ਮੈਂ' ਕੀ ਹੈ? ਤੁਹਾਨੂੰ ਚੁੱਪ ਰਹਿਣਾ ਪਵੇਗਾ। ਜੇ ਕੋਈ ਕਹੇ ਇਹ ਸਰੀਰ ਮੈਂ ਹਾਂ? ਤੁਸੀਂ ਕਹੋਗੇ ਇਹ ਕੇਵਲ ਮੇਰਾ ਸਰੀਰ ਹੈ। ਫੇਰ ਮੈਂ ਕਿੱਥੇ ਹੈ, ਜਿਸ ਬਾਰੇ ਤੁਸੀਂ ਗੱਲ ਕਰਦੇ ਹੋ, ਫੇਰ ਉਹ ਮੈਂ ਕਿੱਥੇ ਹੈ ਜਿਸ ਬਾਰੇ ਤੁਸੀਂ ਗੱਲ ਕਰਦੇ ਰਹਿੰਦੇ ਹੋ। ਕੀ ਤੁਸੀਂ ਉਸ ਮੈਂ ਨੂੰ ਜਾਣਦੇ ਹੋ? ਉਹ ਮੈਂ ਕੀ ਹੈ? ਜਦੋਂ ਤੁਸੀਂ ਆਪਣੇ ਆਪ ਬਾਰੇ ਜਾਨਣਾ ਸ਼ੁਰੂ ਕਰਦੇ ਹੋ, ਤੁਸੀਂ ਇਕ ਗੱਲ ਲਈ ਚੇਤਨ ਹੋ ਜਾਂਦੇ ਹੋ। ਉਹ ਹੈ ਕਿ ਤੁਸੀਂ ਮੈਂ ਬਾਰੇ ਜਾਨਣਾ ਹੈ, ਸਮਝਣਾ ਹੈ, ਉਹ ਮੈਂ ਜਿਹੜੀ ਤੁਹਾਡੇ ਅੰਦਰ ਹੈ। ਮੈਂ ਨੂੰ ਜਾਨਣ ਦਾ ਕੇਵਲ ਇਕ ਹੀ ਤਰੀਕਾ ਹੈ, ਉਹ ਹੈ ਕਿ ਤੁਸੀਂ ਆਪਣੇ ਆਪ ਨੂੰ ਪੁੱਛੋ, ਮੈਂ ਕੌਣ ਹਾਂ। ਜੇਕਰ ਤੁਸੀਂ ਲੋਕਾਂ ਨੂੰ ਪੁੱਛੋ ਕਿ ਮੈਂ ਕੌਣ ਹਾਂ? ਅਸੀਂ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪ੍ਰਮਾਤਮਾ ਕੀ ਹੈ? ਸਵੈ ਕੀ ਹੈ ਆਤਮਾ ਕੀ ਹੈ, ਆਤਮ ਸਿੱਧੀ ਕੀ ਹੈ? ਲੋਕ ਸੋਚਣਗੇ ਤੁਸੀਂ ਤਾਂ ਕਮਲੇ ਹੋ। ਆਪਣੇ ਆਪ ਨੂੰ ਜਾਨਣ ਲਈ, ਮੈਂ ਨੂੰ ਪਛਾਨਣ ਲਈ ਤੁਹਾਨੂੰ ਦੂਸਰਿਆ ਤੋਂ ਪੁੱਛਣ ਦੀ, ਦੂਸਰਿਆਂ ਦੀ ਸਲਾਹ ਦੀ ਲੋੜ ਨਹੀਂ ਹੈ, ਤੁਹਾਡੇ ਕੋਲ ਆਪਣੀ ਸ਼ਕਤੀ ਹੈ, ਤੁਸੀਂ ਆਪਣੇ ਆਪ ਨੂੰ ਜਾਣ ਸਕਦੇ ਹੋ।

ਜੇਕਰ ਤੁਸੀਂ ਬਿਲਕੁਲ ਹਨ੍ਹੇਰੇ ਕਮਰੇ ਵਿਚ ਹੋਵੋ ਜਿੱਥੇ ਬਿਲਕੁਲ ਚਾਨਣ ਨਾ ਹੋਵੇ, ਤੁਹਾਡੇ ਹੱਥ ਕਿੱਥੇ ਹਨ? ਤੁਸੀਂ ਆਪਣੇ ਹੱਥ ਨਹੀਂ ਦੇਖ ਸਕਦੇ ਪਰ ਤੁਹਾਨੂੰ ਪਤਾ ਹੈ ਕਿ ਤੁਹਾਡੇ ਹੱਥ ਕਿੱਥੇ ਹਨ? ਪਰ ਇਹ ਤੁਹਾਨੂੰ ਕਿਸ ਤਰ੍ਹਾਂ ਪਤਾ ਹੈ ਕਿ ਤੁਹਾਡੇ ਹੱਥ ਕਿੱਥੇ ਹਨ? ਤੁਹਾਡੀ ਆਪਣੀ ਹੋਂਦ ਲਈ ਤੁਹਾਨੂੰ ਕਿਸੇ ਬਾਹਰ ਦੇ ਚਾਨਣ ਦੀ ਲੋੜ ਨਹੀਂ, ਤੁਹਾਡੇ ਅੰਦਰ ਪਤਾ ਕਰਨ ਦੀ ਸਮਰੱਥਾ ਹੈ। ਸੋ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਜਾਨਣਾ ਸਿੱਖੋ। ਪੁਰਾਤਨ ਲੋਕ ਦਸਦੇ ਹਨ ਕਿ ਇਹ ਜਾਨਣ ਦਾ ਇਹ ਤਰੀਕਾ ਹੈ ਕਿ ਤੁਸੀਂ ਕਿਸੇ ਬ੍ਰਹਮਗਿਆਨੀ ਨੂੰ ਪੁਛੋ, ਮੈਂ ਕੌਣ ਹਾਂ? ਕੀ ਮੈਂ ਇਹ ਸਰੀਰ ਹਾਂ? ਬ੍ਰਹਮ ਗਿਆਨੀ ਕਹਿਣਗੇ, ਨਹੀਂ ਇਹ ਤੁਹਾਡਾ ਸਰੀਰ ਹੈ, ਪਰ ਤੁਸੀਂ ਸਰੀਰ ਨਹੀਂ ਹੋ। ਫੇਰ ਕੀ ਮੈਂ ਇੰਦਰੀਆਂ ਹਾਂ? ਨਹੀਂ ਇੰਦਰੀਆਂ ਤੇ ਤੁਹਾਡੇ ਵਿਚ ਫਰਕ ਹੈ, ਫੇਰ ਕੀ ਮੈਂ ਸੁਆਸ ਹਾਂ? ਨਹੀਂ, ਸਰੀਰ ਇੰਦ੍ਰੀਆਂ ਸੁਆਸ ਇਹ ਸਭ ਤੁਸੀਂ ਨਹੀਂ ਹੋ। ਫੇਰ ਮੈਂ ਮਨ ਹਾਂ? ਨਹੀਂ, ਮਨ ਤਾਂ ਕਈ ਪਰਿਵਰਤਨ ਕਰਦਾ ਹੈ, ਜਿਵੇਂ-ਜਿਵੇਂ ਤੁਸੀਂ ਸੋਚਦੇ ਹੋ, ਉਸ ਤਰ੍ਹਾਂ ਦਾ ਹੁੰਦਾ ਜਾਂਦਾ ਹੈ, ਐਸ਼ਾ ਵਿਸ਼ਲੇਸ਼ਨ ਨਾਲ ਹੁੰਦਾ ਹੈ। ਮਨ ਤਾਂ ਕੰਮ ਕਰਦਾ ਹੀ ਰਹਿੰਦਾ ਹੈ, ਡੋਲਦਾ ਰਹਿੰਦਾ ਹੈ। ਸੋ ਤੁਸੀਂ ਮਨ ਨਹੀਂ ਹੋ। ਫੇਰ ਮੈਂ ਕੀ ਹਾਂ? ਤੁਸੀਂ ਸਰੀਰ, ਇੰਦਰੀਆਂ ਮਨ ਦੇ ਪਿੱਛੇ ਉਹ ਹੋ, ਜਿਹੜਾ ਮਨ, ਇੰਦ੍ਰੀਆਂ, ਸਰੀਰ ਦੇ ਪਿੱਛੇ ਹੋ ਕੇ ਝਾਤੀ ਮਾਰ ਰਿਹਾ ਹੈ, ਤੁਸੀਂ ਉਹ ਹੋ।

*'ਚਲਦਾ......।'*

(ਪੰਨਾ 52 ਦੀ ਬਾਕੀ)

ਨੂੰ ਮਿਲੀਦਾ ਹੈ, ਉਸ ਨੂੰ ਸਿਮਰੋ ਤੇ ਸੰਗਤ ਵਿਚ ਮਿਲ ਕੇ ਆਖੋ, ਤੂੰ ਧੰਨ ਹੈਂ, ਤੂੰ ਧੰਨ ਹੈਂ।

ਭੱਟ ਕੀਰਤ ਦੇ 4 ਸਵੱਈਏ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਇਕ ਸਵੱਯਾ ਜੋ ਬਹੁਤ ਪ੍ਰਸਿੱਧ ਹੈ ਅਤੇ ਲੱਗਭੱਗ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਰਾਗੀ ਸਿੰਘਾਂ ਵਲੋਂ ਜਾਂ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਗਾਇਨ ਕੀਤਾ ਜਾਂਦਾ ਹੈ, ਇਹ ਹੈ -

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥*
*ਮਾਯਾ ਮੋਹ ਭਰਮ ਪੈ ਭੂਲੇ*
*ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ ॥* *ਅੰਗ - ੧੪੦੬*

ਅਰਥਾਤ - ਅਸੀਂ ਅਉਗਣਾਂ ਨਾਲ ਭਰੇ ਹੋਏ ਹਾਂ, ਸਾਡੇ ਵਿਚ ਇਕ ਵੀ ਗੁਣ ਨਹੀਂ ਹੈ, ਅੰਮ੍ਰਿਤ ਰੂਪੀ ਨਾਮ ਨੂੰ ਛੱਡ ਕੇ ਅਸੀਂ ਨਿਰੀ ਵਿਸ਼ੇ ਵਿਕਾਰਾਂ ਦੀ ਵਿਹੁ ਹੀ ਖਾਂਦੇ ਰਹਿੰਦੇ ਹਾਂ। ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ ਅਸੀਂ ਜੀਵਨ ਰਾਹ ਤੋਂ ਭੁੱਲੇ ਹੋਏ ਹਾਂ ਅਤੇ ਪੁੱਤਰ ਇਸਤ੍ਰੀ ਦੇ ਪਿਆਰ ਵਿਚ ਰੁਝੇ ਹੋਏ ਹਾਂ।

ਅਸੀਂ ਸਤਿਗੁਰੂ ਜੀ ਦੀ ਸੰਗਤਿ ਵਾਲਾ ਉਤਮ ਰਾਹ ਸੁਣਿਆ ਹੈ ਜਿਸ ਤੇ ਚਲਿਆਂ ਜਮਾਂ ਦਾ ਡਰ ਮਿਟ ਜਾਂਦਾ ਹੈ। ਕੀਰਤ ਭੱਟ ਦੀ ਇਕੋ ਬੇਨਤੀ ਹੈ ਕਿ ਹੇ ਗੁਰੂ ਰਾਮਦਾਸ ਜੀ! ਆਪਣੀ ਸ਼ਰਨ ਵਿਚ ਰੱਖੋ ਜੀ।

ਸਲ੍ਹ ਭੱਟ ਦੇ ਕੇਵਲ ਦੋ ਸਵੱਯੇ ਹਨ। ਆਪ ਜੀ ਗੁਰੂ ਰਾਮਦਾਸ ਜੀ ਦੇ ਉਪਮਾ ਵਿਚ ਫੁਰਮਾਉਂਦੇ ਹਨ-

*ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥*
*ਗੁਰ ਰਾਮਦਾਸ ਸਚੁ ਸਲ੍ਯ ਭਣਿ*
*ਤੂ ਅਟਲੁ ਰਾਜਿ ਅਭਗੁ ਦਲਿ ॥* *ਅੰਗ - ੧੪੦੬*

ਅਰਥਾਤ - (ਗੁਰੂ ਰਾਮਦਾਸ ਜੀ) ਆਪ ਜੀ ਦੇ ਸਿਰ ਉਤੇ ਛੱਤਰ ਹੈ, ਆਪ ਜੀ ਦਾ ਤਖਤ ਸਦਾ-ਥਿਰ ਹੈ, ਆਪ ਰਾਜ ਅਤੇ ਜੋਗ ਦੋਵੇਂ ਮਾਣਦੇ ਹੋ, ਤੇ ਆਤਮ ਬਲੀ ਹੋ। ਹੇ ਕਲ੍ਹ ਕਵੀ! ਤੂੰ ਸੱਚ ਆਖ, ਹੇ ਗੁਰੂ ਰਾਮਦਾਸ ਜੀ! ਤੁਸੀਂ ਅਟੱਲ ਰਾਜ ਵਾਲੇ ਤੇ (ਦੈਵੀ-ਸਰੂਪ) ਨਾ ਨਾਸ ਹੋਣ ਵਾਲੀ ਫੌਜ ਵਾਲੇ ਹੋ ਜੀ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-12.00 ਤੋਂ 4.00 ਵਜੇ ਤੱਕ ।**
**ਪੂਰਨਮਾਸ਼ੀ - (24 ਅਕਤੂਬਰ ਦਿਨ, ਬੁੱਧਵਾਰ)**
**(ਸਮਾਂ - ਸ਼ਾਮੀ 7.00 ਤੋਂ 10.00 ਵਜੇ ਤੱਕ)**
**ਸੰਗਰਾਂਦ - ਕਤਿਕਿ, 17 ਅਕਤੂਬਰ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**
**ਅੰਮ੍ਰਿਤ ਸੰਚਾਰ -ਮਹੀਨੇ ਦੇ ਪਹਿਲੇ ਐਤਵਾਰ ਨੂੰ ਦਿਨੇ 11 ਵਜੇ ਹੁੰਦਾ ਹੈ।**

## INTERNET MEDIA AND LIVE TELECAST

**Website :- www.ratwarasahib.in**
**Website :- www.ratwarasahib.org**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** *Contact - 9569455861, 9417912900, 9814612900*

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861000000003** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**
**Punjab National Bank**
**SB A/C No. 0779000100179603**
**RTGS/IFSC Code - PUNB0077900**
**Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ **Online** ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ **sms** ਕੀਤਾ ਜਾਵੇ।

**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਕ੍ਰਿਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

*Foreign Membership*

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ: ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ਅਤੇ

ਪਤਾAddress..........................................................................................

..........................................................................................

..............................Pin Code.................................Phone........................ E-mail :..............................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ.....................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | ਸੋਮਵਾਰ |
| 2. | ਡਾ. ਗੁਰਿੰਦਰ ਕੌਰ ਕੰਗ | ਐਮ.ਡੀ (ਗਾਇਨੀ) | ਸੋਮਵਾਰ |
| 3. | ਡਾ. ਕੁਲਦੀਪ ਸਿੰਘ ਕੰਗ | ਐਮ.ਡੀ (ਅੱਖਾਂ ਦੇ ਮਾਹਿਰ) | ਸੋਮਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਡਾ. ਜਤਿੰਦਰ ਸਿੰਘ ਅਤੇ ਡਾ. ਕੋਮਲਪ੍ਰੀਤ ਕੌਰ | (ਦੰਦਾਂ ਦੇ ਮਾਹਿਰ) | ਮੰਗਲਵਾਰ |
| 8. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ ਅਤੇ ਵੀਰਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 12. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 13. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 14. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 15. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 16. | ਡਾ. ਜਿੰਦਲ | ਜਨਰਲ ਮੈਡੀਸਨ | " |
| 17. | ਡਾ. ਗੁਰਪ੍ਰੀਤ ਕੌਰ ਗਿੱਲ | ਹੋਮਿਊਪੈਥਿਕ | ਬੁੱਧਵਾਰ |
| 18. | ਬੀਬਾ ਹਰਨੀਤ ਕੌਰ | ਫਿਜ਼ਿਓਥਰੈਪਿਸਟ | ਸੋਮਵਾਰ ਅਤੇ ਸ਼ੁਕਰਵਾਰ |

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੂਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਜ਼ਰੂਰੀ ਸੂਚਨਾ

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹਿੰਦਾ ਹੈ। ਸਮਾਂ 11.00 ਤੋਂ 1.00 ਤੱਕ।**
**ਹਰ ਸ਼ਨਿੱਚਰਵਾਰ ਨੂੰ ਛੁੱਟੀ ਹੁੰਦੀ ਹੈ ।**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵਲੋਂ ਹੋਰ ਪ੍ਰਕਾਸ਼ਿਤ ਪੁਸਤਕਾਂ ਦੀ ਸੂਚੀ

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 10/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | 90/– | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | 50/– | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਞ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਓ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | 100/– |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861000000003**

**RTGS/IFSC Code - PSIB0021286\ , Branch Code - C1286**

**Our Address: VGRMCT, Gurdwara Ishar Parkash, Ratwara Sahib, (Near New Chandigarh) P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

# ਰੂਹਾਨੀ ਕੀਰਤਨ

ਸੰਤ ਬਾਬਾ ਹਰਪਾਲ ਸਿੰਘ ਜੀ ਦੀ ਜਥੇ ਸਮੇਤ

## ਪ੍ਰਚਾਰ ਫੇਰੀ – ਕੈਨੇਡਾ ਅਤੇ ਅਮਰੀਕਾ



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ





ਸੰਤ ਮਾਤਾ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

## -: Canada :-

### 4 January 2019 to 28 January 2019

| Address | Date | Contact | |
|---|---|---|---|
| Taronto | 4 January 2019 to 6 January 2019 | Bhai Avtar Singh | +1- 647-968-5039 |
| | | Jatinder Kaur | +1- 416-277-1375 |
| | | Bhai Jatinder Pal Singh | +1- 647-720-4100 |
| Edmonton, Alberta | 7 January 2019 to 20 January 2019 | S. Raghbir Singh | +1- 431-336-4555 |
| | | S. Hardeep Singh Lall | +1- 780-990-6738 |
| | | S. Malkit Singh Khabra | +1- 780-340-3851 |
| Calgary, Alberta | : 21 Janauary | S. Gurmej Singh Bains | +1- 403-589-7311 |
| Kelowna | : 23 January 2019 | Sonu ji, Kelowna | +1-250-899-6781 |
| Prince Rupert, | 28 January 2019 | Bhai Paramjeet Singh | +1-260-600-3072 |
| | | Bhai Jasbir Singh Rano | +1-778-240-4610 |
| | | | +1-778-574-3213 |
| | | Bhai Amit ji, Surrey | +1-604-767-4781 |
| | | Bhai Harjeet Singh Jiti | +1-778-987-4701 |

***Any time you need any information for program, should you contact this number Bhai Raghubir Singh Raju +1-431-336-4555***

## -: USA :-

### 1 February 2019 to 15 March 2019

| | | | |
|---|---|---|---|
| Indiana, ohio Maryland | 1 February 2019 to 15 February 2019 | Bhai Manjit Singh | +1-317-488-8831 |
| California | 16 February 2019 to 15 March 2019 | Bhai Amardip Singh | +1-408-393-8199 |

ਜਰੂਰੀ ਬੇਨਤੀ : – ਆਤਮ ਮਾਰਗ ਰੂਹਾਨੀ ਪਤ੍ਰਿਕਾ ਦੀ ਨਵੀਂ ਮੈਂਬਰਸ਼ਿੱਪ ਅਤੇ ਮੁਹਾਂਪੁਰਖਾਂ ਵੱਲੋਂ ਵੱਖ-ਵੱਖ ਵਿਸ਼ਿਆਂ ਤੇ ਅਧਾਰਿਤ ਪੁਸਤਕਾਂ ਦਾ ਵਿਸ਼ੇਸ ਇੰਤਜ਼ਾਮ ਹੋਵੇਗਾ।





ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ
ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ
ਸੱਚਖੰਡ ਵਾਸੀ ਮਾਤਾ ਰਣਜੀਤ ਕੌਰ ਜੀ ਦੀ
ਨਿੱਘੀ ਯਾਦ ਵਿੱਚ
ਮਹਾਨ ਗੁਰਮਤਿ ਰੂਹਾਨੀ ਸਮਾਗਮ
30-31 ਅਕਤੂਬਰ
1-2 ਨਵੰਬਰ
ਰਤਵਾੜਾ ਸਾਹਿਬ
ਸ੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ
ਅੰਮ੍ਰਿਤ ਸੰਚਾਰ 1-2 ਨਵੰਬਰ ਸਵੇਰੇ 10.00 ਵਜੇ
ਟਰਾਂਸਪੋਰਟ/ਸਵਾਰੀ ਲਈ ਸੰਪਰਕ ਨੰ: 98155-94315 81465-98982
ਮਹਾਂਪੁਰਸ਼ਾਂ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਅੱਧੀ ਭੇਟਾ ਤੇ ਦਿੱਤੀਆਂ ਜਾਣਗੀਆਂ
ਨਾਮ ਅਭਿਆਸ ਅੰਮ੍ਰਿਤ ਵੇਲੇ ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ
ਫਰੀ ਮੈਡੀਕਲ ਕੈਂਪ
* ਅੱਖਾਂ ਦੇ ਫਰੀ ਅਪ੍ਰੇਸ਼ਨ ਕੈਂਪ 27 ਤੋਂ 31 ਅਕਤੂਬਰ
* ਸਪੈਸਲਿਸ਼ਟ ਡਾਕਟਰਾਂ ਦੁਆਰਾ ਚੈਕਅੱਪ ਅਤੇ ਫਰੀ ਦਵਾਈਆਂ
* ਫਰੀ ਕੈਂਸਰ ਚੈਕਅੱਪ ਕੈਂਪ 30 ਅਤੇ 31 ਅਕਤੂਬਰ
ਸਮਾਗਮ ਸਬੰਧੀ
ਦੂਜੀ ਮੀਟਿੰਗ - 14 ਅਕਤੂਬਰ - ਐਤਵਾਰ - ਸਮਾਂ - 1.30 ਤੋਂ 3.00 ਵਜੇ ਤੱਕ।
ਬਾਬਾ ਲਖਬੀਰ ਸਿੰਘ ਜੀ ਰਤਵਾੜਾ ਸਾਹਿਬ
ਪ੍ਰਾਰਬਕ - ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)
ਫੋਨ : 96461-01996, 98551-32009, 94172-14378, 98889-10777, 98146-12900